ਨਗਰ ਨਿਗਮ ਜਲੰਧਰ

ਨਗਰ ਨਿਗਮ ਹਾਊਸ ਦੀ ਮੀਟਿੰਗ

ਮਿਤੀ **1-2-2016**

ਦੀ ਕਾਰਵਾਈ

(ਮਤਾ ਨੰ: **1-82**)

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 1.2.2016 ਨੂੰ ਹੋਈ ਦੀ ਕਾਰਵਾਈ ।

ਮਿਤੀ 1.2.2016 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਨਹਿਰੂ ਗਾਰਡਨ, ਨਗਰ ਨਿਗਮ, ਜਲੰਧਰ, ਵਿਖੇ ਹੋਈ ਜਿਸ ਵਿੱਚ ਹੇਠ ਅਨੁਸਾਰ ਹਾਜ਼ਰ ਹੋਏ:

ਲੜੀ ਨੰ:	ਵਾਰਡ ਨੰ:	ਕੌਂਸਲਰ ਦਾ ਨਾਮ	ਆਹੁੱਦਾ
1	5	ਸ੍ਰੀ ਸੁਨੀਲ ਜਯੋਤੀ	ਮੇਅਰ
2	29	ਸ਼੍ਰੀਮਤੀ ਅਰਵਿੰਦਰ ਕੌਰ	ਡਿਪਟੀ ਮੇਅਰ
3	2	ਸ੍ਰੀਮਤੀ ਪ੍ਰੇਮ ਲੱਤਾ	ਕੌਂਸਲਰ
4	4	ਸ੍ਰੀ ਭਗਵੰਤ ਰਾਏ ਪ੍ਰਭਾਕਰ	”
5	9	ਸ਼੍ਰੀਮਤੀ ਸੁਦੇਸ਼ ਰਾਣੀ	”
6	10	ਸ਼੍ਰੀਮਤੀ ਸਿਮਰਜੀਤ ਕੌਰ	”
7	11	ਸ੍ਰੀ ਬਲਬੀਰ ਸਿੰਘ ਢਿਲੋਂ	”
8	12	ਸ਼੍ਰੀਮਤੀ ਗੁਰਮੇਜ਼ ਕੌਰ	”
9	13	ਸ਼੍ਰੀ ਮਨਦੀਪ ਕੁਮਾਰ ਜੱਸਲ	”
10	14	ਸ਼੍ਰੀਮਤੀ ਮਨਜੀਤ ਕੌਰ	”
11	15	ਸ਼੍ਰੀ ਮਨਜਿੰਦਰ ਸਿੰਘ ਚੱਠਾ	”
12	16	ਸ਼੍ਰੀ ਅਰਜੁਨ ਸਿੰਘ ਪੱਪੀ	”
13	18	ਸ਼੍ਰੀਮਤੀ ਸੁਮਨ ਸਹਿਗਲ	”
14	19	ਸ਼੍ਰੀ ਅਮਿਤ ਢੱਲ	”
15	22	ਸ਼੍ਰੀ ਕੰਵਲਜੀਤ ਸਿੰਘ ਬੇਦੀ	”
16	23	ਸ਼੍ਰੀਮਤੀ ਸੁਲੇਖਾ ਭਗਤ	”
17	25	ਸ਼੍ਰੀ ਰਾਮ ਗੋਪਾਲ	”
18	26	ਸ਼੍ਰੀਮਤੀ ਕੰਵਲਜੀਤ ਕੌਰ ਗੁੱਲੂ	”
19	28	ਸ਼੍ਰੀ ਵਰਿੰਦਰ ਪਾਲ ਸ਼ਰਮਾ	”
20	31	ਸ਼੍ਰੀਮਤੀ ਰਮਿੰਦਰ ਕੌਰ ਢੀਂਡਸਾ	”
21	32	ਸ਼੍ਰੀਮਤੀ ਸੱਤਿਆ	”
22	34	ਸ਼੍ਰੀਮਤੀ ਕੰਚਨ ਸ਼ਰਮਾ	”
23	35	ਸ਼੍ਰੀ ਜੋਗਿੰਦਰ ਸਿੰਘ ਟੋਨੀ	”
24	39	ਸ਼੍ਰੀਮਤੀ ਜਸਪਾਲ ਕੌਰ ਨਾਗਰਾ	”
25	41	ਸ਼੍ਰੀ ਦਰਸ਼ਨ ਲਾਲ	”
26	53	ਸ਼੍ਰੀ ਵਿਪਨ ਕੁਮਾਰ	”
27	59	ਸ਼੍ਰੀ ਦਰਸ਼ਨ ਲਾਲ	”
28	60	ਸ਼੍ਰੀਮਤੀ ਪਰਮਿੰਦਰ ਕੌਰ ਪੰਨੂ	”

(1 ਤੋਂ 28)

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮੀਟਿੰਗ ਲਈ ਆਏ ਹੋਏ ਮੈਂਬਰ ਸਾਹਿਬਾਨ ਵਲੋਂ ਹਾਜ਼ਰੀ ਲਗਾਉਣੀ ਸ਼ੁਰੂ ਹੀ ਕੀਤੀ ਗਈ ਸੀ ਕਿ ਸਰਵਸ੍ਰੀ ਸੁਸ਼ੀਲ ਰਿੰਕੂ, ਹਰਸਿਮਰਨਜੀਤ ਬੰਟੀ, ਬਾਲ ਕਿਸ਼ਨ ਬਾਲੀ, ਸ੍ਰੀਮਤੀ ਅਮਨਜੀਤ ਕੌਰ ਮੇਜਰ ਅਤੇ ਕਮਲੇਸ਼ ਗਰੋਵਰ, ਕੌਂਸਲਰਾਂ ਵਲੋਂ ਮੇਅਰ ਜੀ ਨੂੰ ਬੇਨਤੀ ਕੀਤੀ ਗਈ ਕਿ ਅੱਜ ਯੂਨੀਅਨ ਵਲੋਂ ਦਿੱਤੇ ਗਏ ਧਰਨੇ ਕਾਰਨ ਅੱਜ ਦੀ ਮੀਟਿੰਗ ਲੇਟ ਸ਼ੁਰੂ ਹੋ ਰਹੀ ਹੈ ਅਤੇ ਕੁੱਝ ਮੈਂਬਰ ਚਲੇ ਗਏ ਹਨ । ਇਸ ਲਈ ਅੱਜ ਦੀ ਮੀਟਿੰਗ ਮੁਲਤਵੀ ਕਰ ਦਿੱਤੀ ਜਾਵੇ ਅਤੇ ਕਿਸੇ ਹੋਰ ਦਿਨ ਰੱਖ ਲਈ ਜਾਵੇ । ਮੇਅਰ ਜੀ ਨੇ ਉਹਨਾਂ ਨੂੰ ਸਦਨ ਵਿੱਚ ਬੈਠਣ ਲਈ ਕਿਹਾ ਅਤੇ ਬਾਕੀ ਹਾਜ਼ਰ ਮੈਂਬਰਾਂ ਨੂੰ ਇਸ ਬਾਬਤ ਆਪਣਾ ਫੈਸਲਾ ਕਰਨ ਲਈ ਕਿਹਾ ਤਾਂ ਹਾਜ਼ਰ ਮੈਂਬਰ ਸਾਹਿਬਾਨ ਨੇ ਇੱਕਸਾਰ ਮੀਟਿੰਗ ਸ਼ੁਰੂ ਕਰਨ ਲਈ ਸਹਿਮਤੀ ਦਿੱਤੀ ਜਿਸ ਤੇ ਮੇਅਰ ਜੀ ਨੇ ਆਦੇਸ਼ ਦਿੱਤੇ ਕਿ ਮੀਟਿੰਗ ਹੋਵੇਗੀ। ਇਸ ਉਪਰੰਤ ਸਰਵਸ੍ਰੀ ਸੁਸ਼ੀਲ ਰਿੰਕੂ, ਹਰਸਿਮਰਨਜੀਤ ਬੰਟੀ, ਬਾਲ ਕਿਸ਼ਨ ਬਾਲੀ, ਸ੍ਰੀਮਤੀ ਅਮਨਜੀਤ ਕੌਰ ਮੇਜਰ ਅਤੇ ਕਮਲੇਸ਼ ਗਰੋਵਰ, ਕੌਂਸਲਰ ਮੀਟਿੰਗ ਹਾਲ ਤੋਂ ਚਲੇ ਗਏ ।

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਹਾਊਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੈਂ ਹਾਊਸ ਵਿਚ ਹਾਜਰ ਕਮਿਸ਼ਨਰ, ਨਗਰ ਨਿਗਮ, ਸੰਯੁਕਤ ਕਮਿਸ਼ਨਰ, ਡਿਪਟੀ ਮੇਅਰ, ਸਮੂਹ ਕੌਂਸਲਰ ਸਾਹਿਬਾਨ, ਅਫਸਰ ਸਹਿਬਾਨ ਅਤੇ ਆਏ ਹੋਏ ਮੀਡੀਆ ਨੂੰ ਜੀ ਆਇਆ ਆਖਦਾ ਹਾਂ। ਇਸ ਉਪਰੰਤ ਮੇਅਰ ਜੀ ਵਲੋਂ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜੰਡੇ ਨੂੰ ਪੜ੍ਹਣ ਤੋਂ ਪਹਿਲਾਂ ਕੁਝ ਦਿਵੰਗਤ ਆਤਮਾਂਵਾਂ ਜਿਹੜੀਆਂ ਪਿਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ ਜਿਨ੍ਹਾਂ ਵਿੱਚ ਪੰਜਾਬ ਰਾਜ ਦੇ ਸਾਬਕਾ ਗਵਰਨਰ ਲੈਫਟੀਨੈਂਟ ਜਨਰਲ ਜੇ.ਐਫ.ਆਰ. ਜੈਕਬ (ਰਿਟਾ.), ਪਠਾਨਕੋਟ ਏਅਰ ਬੇਸ ਤੇ ਅੱਤਵਾਦੀਆਂ ਵਲੋਂ ਕੀਤੇ ਹਮਲੇ ਦੌਰਾਨ ਸ਼ਹੀਦ ਹੋਏ ਭਾਰਤੀ ਫੋਜ਼ ਦੇ ਜਵਾਨ, ਸ੍ਰੀ

ਰਾਜੀਵ ਵਰਮਾ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ ਦੇ ਮਾਤਾ ਸ੍ਰੀਮਤੀ ਵਿਮਲਾ ਰਾਣੀ, ਸ੍ਰੀ ਰਵੀ ਮਹਿੰਦਰੂ, ਕੌਂਸਲਰ ਦੇ ਜੀਜਾ ਸ੍ਰੀ ਵਿਜੈ ਕੁਮਾਰ ਮੈਣੀ, ਸ੍ਰੀਮਤੀ ਦਲਵਿੰਦਰ ਕੌਰ, ਕੌਂਸਲਰ, ਦੇ ਮਾਤਾ ਸ੍ਰੀਮਤੀ ਮੋਹਿੰਦਰ ਕੌਰ, ਵਰਿਆਣਾ ਡੰਪ ਵਿਖੇ ਹੋਏ ਹਾਦਸੇ ਵਿੱਚ ਇੱਕ ਬੱਚੇ ਦੀ ਮੌਤ ਹੋ ਗਈ ਸੀ ਅਤੇ ਸ੍ਰੀ ਅਜੇ ਸ਼ਰਮਾ, ਸੁਪਰਡੰਟ ਦੇ ਪਿਤਾ ਸ੍ਰੀ ਸੁਖਦੇਵ ਸ਼ਰਮਾ ਹਨ, ਤੇ ਹਾਊਸ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਪਰਮ-ਪਿਤਾ ਪਰਮਾਤਮਾਂ ਅੱਗੇ ਅਰਦਾਸ ਕਰਦਾ ਹੈ ਕਿ ਇਹਨਾਂ ਵਿਛੜੀਆਂ ਆਤਮਾਂਵਾਂ ਨੂੰ ਆਪਣੇ ਚਰਨੀ ਲਗਾਏ । ਇਸ ਉਪਰੰਤ ਮੈਂਬਰਾਂ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਣ ਕੀਤਾ ਗਿਆ ।

ਇਸ ਉਪਰੰਤ ਮੇਅਰ ਜੀ ਨੇ ਅੱਧੇ ਘੰਟੇ ਦਾ ਜ਼ੀਰੋ ਆਵਰ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹ ਕਈ ਵਾਰ ਦਫ਼ਤਰ ਨੂੰ ਕਹਿ ਚੁੱਕੇ ਹਨ ਕਿ ਉਹਨਾਂ ਦੇ ਵਾਰਡ ਵਿੱਚ ਪੈਂਦੇ ਰੰਗਲਾ ਵੇਹੜਾ ਜਿਹੜਾ ਕਿ ਬੀ.ਓ.ਟੀ. ਆਧਾਰ ਤੇ ਪ੍ਰੋਜੈਕਟ ਹੈ, ਨੂੰ ਮਾਨਯੋਗ ਹਾਈਕੋਰਟ ਵਲੋਂ ਕੋਈ ਸਟੇਅ ਨਹੀਂ ਦਿੱਤਾ ਗਿਆ ਹੈ, ਨੂੰ ਢਾਹੁਣ ਦੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਅਤੇ ਜਾਨਬੂਝ ਕੇ ਇਸ ਤੇ ਕਾਰਵਾਈ ਕਰਨ ਵਿੱਚ ਬੋਲੇੜੀ ਦੇਰੀ ਕੀਤੀ ਜਾ ਰਹੀ ਹੈ । ਉਹਨਾਂ ਇਹ ਵੀ ਕਿਹਾ ਕਿ ਮਾਲੀਆਂ ਨੂੰ ਡੀ.ਸੀ. ਰੇਟ ਤੇ ਰੱਖ ਲਿਆ ਜਾਵੇ ।ਉਹਨਾਂ ਇਹ ਵੀ ਕਿਹਾ ਕਿ ਜਮਸ਼ੇਰ ਡੈਅਰੀ ਕੰਪਲੈਕਸ ਵਿਖੇ 20-22 ਡੈਅਰੀਆਂ ਨੂੰ ਪਲਾਟ ਅਲਾਟ ਕੀਤੇ ਗਏ ਸਨ ਅਤੇ ਦਫ਼ਤਰੀ ਰਿਕਾਰਡ ਵਿੱਚ ਇਹਨਾਂ ਪਲਾਟਾਂ ਅੱਗੇ 40 ਫੁੱਟ ਸੜਕ ਦਰਸਾਈ ਗਈ ਸੀ, ਜਦ ਕਿ ਮੌਕੇ ਤੇ ਸਿਰਫ 20 ਫੁੱਟ ਸੜਕ ਹੈ । ਇਸ ਲਈ ਜਾਂ ਤਾਂ ਸੜਕ ਨੂੰ ਨਾਲ ਦੇ ਖੇਤਾਂ ਤੋਂ ਜਮੀਨ ਐਕੁਆਇਰ ਕਰਕੇ ਪੂਰਾ 40 ਫੁੱਟ ਕੀਤਾ ਜਾਵੇ ਜਾਂ ਫਿਰ ਪਲਾਟ ਹੋਲਡਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ । ਉਹਨਾਂ ਇਹ ਵੀ ਕਿਹਾ ਕਿ ਵਰਕਸ਼ਾਪ ਲਈ ਜਿਹੜੀ ਮਸ਼ੀਨਰੀ ਖ਼ਰੀਦਣੀ ਹੈ, ਉਸ ਵਿੱਚ 40 ਟਾਟਾ ਏਸ (ਛੋਟੇ ਹਾਥੀ) ਗੱਡੀਆਂ ਹੋਰ ਖ਼ਰੀਦ ਕਰਨੀਆਂ ਚਾਹੀਦੀਆਂ ਹਨ ਕਿਉਂ ਜ਼ੋ ਸ਼ਹਿਰ ਕਾਫੀ ਵੱਧ ਚੁੱਕਾ ਹੈ । ਇਸ ਤੋਂ ਇਲਾਵਾ ਉਹਨਾਂ ਮੰਗ ਕੀਤੀ ਕਿ ਸਮੂਹ ਕੌਂਸਲਰਾਂ ਨੂੰ ਪੈਨਸ਼ਨ ਲਗਾਈ ਜਾਵੇ, ਉਹਨਾਂ ਨੂੰ ਆਪਣੀਆਂ ਗੱਡੀਆਂ ਤੇ ਨੀਲੀ ਬੱਤੀ ਲਗਾਉਣ ਦੀ ਇਜ਼ਾਜ਼ਤ ਦਿੱਤੀ ਜਾਵੇ ਅਤੇ ਜਿਮਖਾਨਾ ਕਲੱਬ ਦੀ ਮੈਂਬਰਸ਼ਿਪ 25,000/- ਰੁਪਏ ਵਿੱਚ ਦਵਾਈ ਜਾਵੇ ।

ਮੇਅਰ ਜੀ ਵਲੋਂ ਦੱਸਿਆ ਗਿਆ ਕਿ ਮਾਲੀਆਂ ਨੂੰ ਡੀ.ਸੀ.ਰੇਟ ਤੇ ਰੱਖਣ ਦੀ ਸਰਕਾਰ ਵਲੋਂ ਮਨਾਹੀ ਹੈ, ਪ੍ਰੰਤੂ ਜੇਕਰ ਹਾਊਸ ਪ੍ਰਵਾਨ ਕਰਦਾ ਹੈ ਤਾਂ ਮੁੱਹਲਾ ਸੁਧਾਰ ਕਮੇਟੀਆਂ ਤਹਿਤ ਮਾਲੀ ਰੱਖਣ ਦੀ ਜ਼ੋ ਪ੍ਰਤੀ ਮਹੀਨਾ 1000/- ਗ੍ਰਾਂਟ ਦਿੱਤੀ ਜਾਂਦੀ ਹੈ, ਉਹ ਢਾਈ ਗੁਣਾਂ ਕਰ ਦੇਣੀ ਚਾਹੀਦੀ ਹੈ । ਜਿਸ ਤੇ ਮੈਂਬਰਾਂ ਵਲੋਂ ਪ੍ਰਵਾਨਗੀ ਦਿੱਤੀ ਗਈ । ਜਮਸ਼ੇਰ ਡੈਅਰੀ ਕੰਪਲੈਕਸ ਬਾਰੇ ਜਿਹੜੀ ਗੱਲ ਉਠਾਈ ਗਈ ਹੈ, ਮੇਅਰ ਜੀ ਵਲੋਂ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੂੰ ਦੋ ਦਿਨਾਂ ਦੇ ਅੰਦਰ ਅੰਦਰ ਰਿਪੋਰਟ ਪੇਸ਼ ਕਰਨ ਲਈ ਹਦਾਇਤ ਕੀਤੀ । ਟਾਟਾ ਏਸ ਗੱਡੀਆਂ ਬਾਰੇ ਮੇਅਰ ਜੀ ਨੇ ਏ.ਐਚ.ਓ. ਨੂੰ ਪੁੱਛਿਆ ਤਾਂ ਉਹਨਾਂ ਦੱਸਿਆ ਕਿ ਨਗਰ ਨਿਗਮ ਪਾਸ ਇਸ ਵੇਲੇ 27 ਟਾਟਾ ਏਸ ਗੱਡੀਆਂ ਹਨ ਅਤੇ ਅੱਜ ਦੇ ਅਜੰਡੇ ਵਿੱਚ 40 ਹੋਰ ਟਾਟਾ ਏਸ ਖ਼ਰੀਦਣ ਲਈ ਮਤਾ ਰੱਖਿਆ ਗਿਆ ਹੈ ।

ਸ੍ਰੀ ਅਮਿਤ ਢੱਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਨਗਰ ਨਿਗਮ ਪਾਸ ਜਿਹੜੀਆਂ ਵੱਡੀਆਂ ਸੀਵਰ ਜੈਟਿੰਗ ਮਸ਼ੀਨਾ ਹਨ, ਉਹ ਤੰਗ ਬਜ਼ਾਰਾਂ ਜਾਂ ਮੁਹੱਲਿਆਂ ਵਿੱਚ ਨਹੀਂ ਜਾ ਸਕਦੀਆਂ, ਇਸ ਲਈ ਟਾਟਾ ਏਸ ਗੱਡੀਆਂ ਤੇ ਛੋਟੀਆਂ ਸੀਵਰ ਜੈਟਿੰਗ ਮਸ਼ੀਨਾਂ ਫੈਬਰੀਕੇਟ ਕਰਵਾਈਆਂ ਜਾਣ ਤਾਂ ਜ਼ੋ ਅਜਿਹੇ ਬਜ਼ਾਰਾਂ ਅਤੇ ਮੁੱਹਲਿਆਂ ਵਿੱਚ ਬੰਦ ਸੀਵਰ ਦੀ ਸਮੱਸਿਆਵਾਂ ਦਾ ਹੱਲ ਛੇਤੀ ਹੋ ਸਕੇ।ਉਹਨਾਂ ਆਪਣੇ ਵਾਰਡ ਵਿੱਚ ਪੈਂਦੇ ਛੱਪੜ ਦੀ ਗੰਦਗੀ ਦਾ ਸਵਾਲ ਉਠਾਇਆ ਅਤੇ ਕਿਹਾ ਕਿ ਉਹ ਕਈ ਵਾਰ ਇਸ ਛੱਪੜ ਦੀ ਸਫਾਈ ਬਾਰੇ ਦਫ਼ਤਰ ਦੇ ਅਧਿਕਾਰੀਆਂ ਨੂੰ ਕਹਿ ਚੁੱਕੇ ਹਨ, ਪ੍ਰੰਤੂ ਕੋਈ ਕਾਰਵਾਈ ਨਹੀਂ ਹੋਈ ।

ਮੇਅਰ ਜੀ ਵਲੋਂ ਹਾਊਸ ਅੱਗੇ ਪ੍ਰਸਤਾਵ ਰੱਖਿਆ ਕਿ ਸ੍ਰੀ ਅਮਿਤ ਢੱਲ, ਕੌਂਸਲਰ ਦੀ ਮੰਗ ਜਾਇਜ਼ ਹੈ, ਸਾਨੂੰ ਤੰਗ ਬਜ਼ਾਰਾਂ ਅਤੇ ਮੁਹੱਲਿਆਂ ਵਿਖੇ ਬੰਦ ਸੀਵਰ ਦੀ ਸਫਾਈ ਲਈ ਦੋ ਛੋਟੇ ਟਾਟਾ ਏਸ ਗੱਡੀਆਂ ਤੇ ਸੀਵਰ ਜੈਟਿੰਗ ਮਸ਼ੀਨਾਂ ਫੈਬਰੀਕੇਟ ਕਰਵਾ ਲੈਣੀਆਂ ਚਾਹੀਦੀਆਂ ਹਨ, ਜਿਸ ਤੇ ਮੈਂਬਰਾਂ ਵਲੋਂ ਇਹਨਾਂ ਗੱਡੀਆਂ ਦੀ ਖ਼ਰੀਦ ਅਤੇ ਫੈਬਰੀਕੇਸ਼ਨ ਤੇ ਆਉਣ ਵਾਲੇ ਖ਼ਰਚੇ ਦੀ ਪ੍ਰਵਾਨਗੀ ਦਿੱਤੀ ਗਈ।

ਸ੍ਰੀ ਬਲਬੀਰ ਸਿੰਘ ਢਿਲੋਂ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਸ਼ਹਿਰ ਅੰਦਰ ਸੀਵਰੇਜ਼ ਪਾਉਣ ਦਾ ਕੰਮ ਜ਼ਿਆਦਾਤਰ ਸੀਵਰੇਜ਼ ਬੋਰਡ ਕਰਦਾ ਹੈ ਅਤੇ ਬਾਅਦ ਵਿੱਚ ਨਗਰ ਨਿਗਮ ਨੂੰ ਹੈਂਡਓਵਰ ਕਰਦਾ ਹੈ ਪਰ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਕਿ ਕਿਹੜੀ ਥਾਂ ਤੇ ਕਿਹੜੇ ਸਾਈਜ਼ ਦਾ ਸੀਵਰੇਜ਼ ਪਾਇਆ ਗਿਆ ਹੈ ਅਤੇ ਉਸਦੀ ਨਿਕਾਸੀ ਕਿਹੜੇ ਪੰਪਿੰਗ ਸਟੇਸ਼ਨ ਵੱਲ ਜਾਂਦੀ ਹੈ । ਜਿਵੇਂ ਕਿ ਉਹਨਾਂ ਦੇ ਵਾਰਡ ਵਿਖੇ ਜਿਹੜਾ ਸੀਵਰੇਜ਼ ਪਾਇਆ ਗਿਆ ਹੈ, ਪਹਿਲਾਂ ਤਾਂ ਦੱਸਿਆ ਗਿਆ ਸੀ ਕਿ ਇਸ ਨੂੰ ਜੈਤੇਵਾਲੀ ਐਸ.ਟੀ.ਪੀ. ਨਾਲ ਜ਼ੋੜਨਾ ਹੈ ਪ੍ਰੰਤੂ ਬਾਅਦ ਵਿੱਚ ਪਤਾ ਚਲਦਾ ਹੈ ਕਿ ਇਸ ਨੂੰ ਫੋਲੜੀਵਾਲ ਮੇਨ ਐਸ.ਟੀ.ਪੀ. ਨਾਲ ਜ਼ੋੜਨਾ ਹੈ ।ਇਸ ਤਰ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਸੀਵਰੇਜ਼ ਬੋਰਡ ਨਾਲ ਪੂਰਾ ਤਾਲਮੇਲ ਰੱਖਣਾ ਚਾਹੀਦਾ ਹੈ ।

ਕਮਿਸ਼ਨਰ ਜੀ ਨੇ ਇਸ ਬਾਰੇ ਦੱਸਿਆ ਕਿ ਸਰਕਾਰ ਜ਼ੋਰ ਪਾ ਰਹੀ ਹੈ ਕਿ ਸੀਵਰੇਜ਼ ਦਾ ਕੰਮ ਨਗਰ ਨਿਗਮਾਂ ਆਪ ਕਰਨ। ਪ੍ਰੰਤੂ ਨਗਰ ਨਿਗਮਾਂ ਪਾਸ ਇੰਨਾਂ ਸਟਾਫ ਨਹੀਂ ਹੈ ਅਤੇ ਨਾ ਹੀ ਇੰਨੀ ਸਮਰੱਥਾ ਹੈ । ਪ੍ਰੰਤੂ ਇਹ ਗੱਲ ਠੀਕ ਹੈ ਕਿ ਸਾਡੇ

ਇੰਜੀਨਿਅਰਜ਼ ਵੀ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਵਾਲੀਆਂ ਕੁਆਲੀਫਿਕੇਸ਼ਨਸ ਰੱਖਦੇ ਹਨ ਅਤੇ ਜਿਹੜਾ ਸੀਵਰੇਜ਼ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਵਲੋਂ ਬਿਛਾ ਕੇ ਨਗਰ ਨਿਗਮ ਨੂੰ ਹੈਂਡ ਓਵਰ ਕਰਦੇ ਹਨ, ਉਸਦਾ ਬਲਯੂ ਪ੍ਰਿੰਟ ਦਿੰਦੇ ਹਨ । ਉਹਨਾਂ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਸੀਵਰੇਜ਼ ਬੋਰਡ ਨਾਲ ਪੂਰਾ ਪੂਰਾ ਤਾਲਮੇਲ ਰੱਖਿਆ ਜਾਵੇ।

ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਵਰਕਸ਼ਾਪ ਚੌਂਕ ਵਿਖੇ ਜਿਹੜਾ ਬਾਥਰੂਮ ਹੈ, ਉਸਦੀ ਸਫਾਈ ਨਹੀਂ ਹੁੰਦੀ । ਇਸ ਤੋਂ ਇਲਾਵਾ ਜਿਹੜੀ ਗਰੀਨ ਬੈਲਟ ਹੈ, ਉਸਦਾ ਵੀ ਬਹੁਤ ਮਾੜਾ ਹਾਲ ਹੈ ।

ਮੇਅਰ ਜੀ ਵਲੋਂ ਦੱਸਿਆ ਗਿਆ ਕਿ ਨਗਰ ਨਿਗਮ ਵਲੋਂ ਇਸ ਬਾਥਰੂਮ ਦੀ ਰੀਡੀਜ਼ਾਇਨਿੰਗ ਕਰਕੇ ਇਸ ਦੀ ਮੁੜ ਉਸਾਰੀ ਕਰਵਾਉਣ ਜਾ ਰਹੀ ਹੈ ।ਇਸ ਤੋਂ ਇਲਾਵਾ ਆਦਰਸ਼ ਨਗਰ ਮਿਲਕ ਬਾਰ ਨੇੜੇ ਥਾਥਰੂਮ ਦੀ ਉਸਾਰੀ ਹੋ ਰਹੀ ਹੈ, ਆਦਰਸ਼ ਨਗਰ ਚੌਂਕ ਵਿਖੇ ਵੀ ਇੱਕ ਟਾਇਲੈਟ ਬਲਾਕ ਦੀ ਉਸਾਰੀ ਜਲਦ ਕਰਵਾਈ ਜਾ ਰਹੀ ਹੈ।ਜਿੱਥੇ ਤੱਕ ਗਰੀਨ ਬੈਲਟ ਦਾ ਸਵਾਲ ਹੈ, ਇਲਕਾ ਐਮ.ਐਲ.ਏ. ਅਤੇ ਜੰਗਲਾਤ ਮਹਿਕਮੇਂ ਨਾਲ ਰਾਬਤਾ ਕਾਇਮ ਕਰਕੇ ਇੱਥੇ ਇੰਨਫਰਾਸਟਰਕਚਰ ਡਿਵੈਲਪ ਕਰਾਂਗੇ ।

ਸ੍ਰੀਮਤੀ ਕੰਚਨ ਸ਼ਰਮਾ, ਕੌਂਸਲਰ ਵਲੋਂ ਲਾਜਪਤ ਨਗਰ ਵਿਖੇ ਬਾਥਰੂਮ ਦੀ ਮਾੜੀ ਹਾਲ੍ਹਤ ਦਾ ਮੁੱਦਾ ਉਠਾਇਆ ਗਿਆ ਅਤੇ ਮੰਗ ਕੀਤੀ ਕਿ ਪਟੇਲ ਹਸਪਤਾਲ ਦੇ ਪਿੱਛੇ ਇੱਕ ਪਲਾਟ ਖ਼ਾਲੀ ਪਿਆ ਹੈ ਜਿਸਦੀ ਮਲਕੀਅਤੀ ਨਗਰ ਨਿਗਮ ਦੇ ਨਾਂ ਤੇ ਹੈ, ਉਥੇ ਦੀ ਸੋਸਾਇਟੀ ਇਸ ਪਲਾਟ ਤੇ ਪਾਰਕ ਬਨਾਉਣਾ ਚਾਹੁੰਦੀ ਹੈ, ਜਿਸ ਦੀ ਉਨਾਂ ਨੂੰ ਇਜ਼ਾਜ਼ਤ ਦਿੱਤੀ ਜਾਵੇ ।

ਸ੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹ ਪਹਿਲਾਂ ਵੀ ਕਈ ਵਾਰ ਆਪਣੇ ਵਾਰਡ ਵਿੱਚ ਪੈਂਦੇ ਇਲਾਕੇ ਰੈਣਕ ਬਜ਼ਾਰ, ਟਿੱਕੀਆਂ ਵਾਲਾ ਚੌਂਕ ਅਤੇ ਮੋਨਿਕਾ ਟਾਵਰ ਦੇ ਬਾਹਰ ਅਣਅਧਿਕਾਰਤ ਤੌਰ ਤੇ ਹੁੰਦੀ ਪਾਰਕਿੰਗ ਦਾ ਮੁੱਦਾ ਉਠਾ ਚੁੱਕੇ ਹਨ, ਪ੍ਰੰਤੂ ਇੱਕ-ਦੋ ਵਾਰ ਹੀ ਕਾਰਵਾਈ ਹੋਈ ਤੇ ਅੱਜ ਫਿਰ ਉਹੀ ਹਾਲਾਤ ਹਨ ।ਉਹ ਮੰਗ ਕਰਦੇ ਹਨ ਕਿ ਸਿਰਫ ਉਹਨਾਂ ਦੇ ਵਾਰਡ ਵਿੱਚ ਹੀ ਨਹੀਂ ਬਲਕਿ ਸਾਰੇ ਸ਼ਹਿਰ ਅੰਦਰੋਂ ਜਿੱਥੇ ਅਣਅਧਿਕਾਰਤ ਤੌਰ ਤੇ ਰੇਹੜੀਆਂ/ਫੱੜੀਆਂ ਆਦਿ ਲੱਗਦੀਆਂ ਹਨ, ਜਾਂ ਪਾਰਕਿੰਗ ਹੁੰਦੀ ਹੈ, ਤੇ ਨਗਰ ਨਿਗਮ ਕਾਰਵਾਈ ਕਰੇ ਤਾਂ ਜ਼ੋ ਲੋਕਾਂ ਨੂੰ ਕਿਸੇ ਕਿਸਮ ਦੀ ਟਰੈਫਿਕ ਦੀ ਸਮੱਸਿਆ ਨਾ ਆਵੇ ।ਇਸ ਤੋਂ ਇਲਾਵਾ ਜਿਹੜੀਆਂ ਰੇਹੜੀਆਂ ਬਿਨਾਂ ਨੰਬਰਾਂ ਤੋਂ ਚਲਦੀਆਂ ਹਨ, ਨੂੰ ਚੈਕ ਕਰਵਾਇਆ ਜਾਵੇ ।

ਮੇਅਰ ਜੀ ਵਲੋਂ ਸੀਨਿਅਰ ਟਾਊਨ ਪਲੈਨਰ ਨੂੰ ਮੋਨਿਕਾ ਟਾਵਰ ਵਿਖੇ ਜਿਹੜੀ ਬੇਸਮੈਂਟ ਪਾਰਕਿੰਗ ਦੇ ਮੰਤਵ ਲਈ ਛੱਡੀ ਗਈ ਸੀ ਪ੍ਰੰਤੂ ਉਥੇ ਦੁਕਾਨਾਂ ਆਦਿ ਬਣ ਚੁੱਕੀਆਂ ਹਨ ਅਤੇ ਪਾਰਕਿੰਗ ਬਾਹਰ ਸੜਕ ਤੇ ਕਰਵਾਈ ਜਾ ਰਹੀ ਹੈ, ਸਬੰਧੀ ਖ਼ੁਦ ਮੌਕਾ ਵੇਖ ਕੇ ਰਿਪੋਰਟ ਕਰਨ ਦੀ ਹਦਾਇਤ ਕੀਤੀ ਗਈ ।

ਸ੍ਰੀ ਭਗਵੰਤ ਰਾਏ ਪ੍ਰਭਾਕਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਬੀ.ਐਂਡ ਆਰ ਸ਼ਾਖਾ ਵਲੋਂ ਸੜਕਾਂ ਦੀ ਉਸਾਰੀ ਸਬੰਧੀ ਜਿਹੜੇ ਤਖ਼ਮੀਨੇ ਬਨਾਏ ਜਾਂਦੇ ਹਨ, ਉਹਨਾਂ ਵਿੱਚ ਸੜਕ ਬਨਾਉਣ ਵੇਲੇ ਮੇਨਹੋਲਾਂ ਨੂੰ ਉਚਾ ਕਰਨ ਲਈ ਵੀ ਤਖ਼ਮੀਨਾ ਮੰਜ਼ੂਰ ਕਰਵਾਇਆ ਜਾਂਦਾ ਹੈ, ਪ੍ਰੰਤੂ ਸੜਕ ਬਨਣ ਤੋਂ ਬਾਅਦ ਇਹ ਮੇਨਹੋਲ ਉਚੇ ਨਹੀਂ ਕੀਤੇ ਜਾਂਦੇ ਜਿਸ ਨਾਲ ਦੁਰਘਟਨਾਵਾਂ ਹੁੰਦੀਆਂ ਹਨ। ਇਸ ਬਾਰੇ ਸਖ਼ਤੀ ਨਾਲ ਕਾਰਵਾਈ ਕੀਤੀ ਜਾਵੇ ।ਉਹਨਾ ਇਹ ਮੁੱਦਾ ਵੀ ਉਠਾਇਆ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਵਲੋਂ ਸਾਰੇ ਸ਼ਹਿਰ ਅੰਦਰ ਘਰਾਂ ਅਤੇ ਸਨੱਅਤੀ ਅਦਾਰਿਆਂ ਦੇ ਮੀਟਰ ਬਾਹਰ ਕੱਢੇ ਜਾ ਰਹੇ ਹਨ ਅਤੇ ਇਸ ਕਾਰਵਾਈ ਦੌਰਾਨ ਸਟਰੀਟ ਲਾਈਟ ਦੀਆਂ ਤਾਰਾਂ ਕੱਟ ਦਿੱਤੀਆਂ ਜਾਂਦੀਆਂ ਹਨ ਅਤੇ ਕਈ ਥਾਂਵਾਂ ਤੋਂ ਤਾਂ ਉਹ ਸਟਰੀਟ ਲਾਈਟ ਦੀਆਂ ਤਾਰਾਂ ਅਤੇ ਪੁਆਇੰਟ ਵੀ ਨਾਲ ਲੈ ਗਏ ਹਨ ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ । ਇਸ ਦੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ, ਅਤੇ ਇਸ ਦੀ ਵਸੂਲੀ ਸਬੰਧਤ ਮਹਿਕਮੇਂ ਤੋਂ ਹੋਣੀ ਚਾਹੀਦੀ ਹੈ ।ਉਹਨਾਂ ਦੱਸਿਆ ਕਿ ਉਹਨਾਂ ਦੇ ਵਾਰਡ ਵਿੱਚ ਹੀ ਲਗਭਗ 30% ਸਟਰੀਟ ਲਾਈਟ ਇਸੇ ਕਾਰਵਾਈ ਦੋਰਾਨ ਬੰਦ ਪਈ ਹੈ ।ਉਹਨਾਂ ਇਹ ਮੁੱਦਾ ਵੀ ਉਠਾਇਆ ਕਿ ਜਿੰਦਲ ਕੰਪਨੀ ਨੂੰ ਜਿਹੜੀ ਜਗ੍ਹਾ ਉਹਨਾਂ ਦੇ ਵਾਰਡ ਵਿੱਚ ਕੂੜਾ ਚੁੱਕਣ ਲਈ ਦਿੱਤੀ ਗਈ ਸੀ ਉਹ ਉਨਾਂ ਥਾਵਾਂ ਤੋਂ 6-6 ਦਿਨ, ਜਾਂ 15-15 ਦਿਨ ਕੂੜਾ ਨਹੀਂ ਚੁੱਕਦੀ ਜਿਸ ਕਰਕੇ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ। ਉਹਨਾਂ ਦੇ ਵਾਰਡ ਦੀ ਸੁਚੱਝੇ ਢੰਗ ਨਾਲ ਸਫਾਈ ਨਹੀਂ ਹੋ ਰਹੀ ਤੇ ਨਾ ਹੀ ਕੂੜੇ ਦੀ ਸਹੀ ਢੰਗ ਨਾਲ ਲਿਫਟਿੰਗ ਹੋ ਰਹੀ ਹੈ । ਉਹਨਾਂ ਵਲੋਂ ਪਠਾਨਕੋਟ ਰੋਡ ਤੇ ਇੱਕ ਜਗ੍ਹਾ ਡੰਪ ਵਾਸਤੇ ਦਿੱਤੀ ਸੀ, ਉਥੇ ਵੀ ਗੰਦਗੀ ਦੇ ਢੇਰ ਲੱਗੇ ਰਹਿੰਦੇ ਹਨ। ਉਹਨਾਂ ਦੇ ਇਲਾਕੇ ਵਿੱਚ ਜਿਹੜੇ ਡਸਟਬਿਨ ਦਿੱਤੇ ਸਨ, ਉਥੇ ਵੀ ਮਾੜਾ ਹਾਲ ਹੈ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਦੋ ਮਹੀਨੇ ਪਹਿਲਾਂ ਉਹਨਾਂ ਨੂੰ ਦੱਸਿਆ ਗਿਆ ਸੀ ਕਿ ਨੰਗਲ ਸ਼ਾਮਾ ਦੇ ਸੀਵਰੇਜ਼ ਨੂੰ ਜੈਤੇਵਾਲੀ ਪੰਪਿੰਗ ਸਟੇਸ਼ਨ ਨਾਲ ਜ਼ੋੜ ਦਿੱਤਾ ਜਾਵੇ ਪ੍ਰੰਤੂ ਅਜੇ ਤੱਕ ਇਹ ਕੰਮ ਨਹੀਂ ਹੋਇਆ। ਉਹਨਾਂ ਇਹ ਵੀ ਕਿਹਾ ਰਾਮਾਮੰਡੀ ਪੁਲ ਉਪੱਰ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ। ਉਹਨਾਂ ਵਲੋਂ ਕਮਿਸ਼ਨਰ ਜੀ ਨੂੰ ਇਸ ਪੁਲ ਤੇ ਕੂੜਾ ਸੁੱਟਣ ਤੋਂ ਬੰਦ ਕਰਵਾਕੇ ਕਿਧਰੇ ਡੰਪ ਬਨਾਉਣ ਲਈ ਬੇਨਤੀ ਕੀਤੀ ਸੀ ਅਤੇ ਕਮਿਸ਼ਨਰ ਜੀ ਨੇ ਸੰਯੁਕਤ ਕਮਿਸ਼ਨਰ ਸ੍ਰੀ ਰਾਜੀਵ ਵਰਮਾ ਦੀ ਡਿਊਟੀ ਲਗਾਈ ਸੀ, ਪਰ ਅਜੇ ਤੱਕ ਇਸ ਬਾਰੇ ਕੋਈ ਕਾਰਵਾਈ ਨਹੀਂ ਹੋਈ ।ਉਹਨਾਂ ਆਵਾਰਾ ਕੁੱਤਿਆਂ ਦੀ ਸਮੱਸਿਆ ਵੀ ਉਠਾਈ ਅਤੇ ਕਿਹਾ ਕਿ ਨਾ ਤਾਂ ਕੁੱਤਿਆਂ ਨੂੰ ਫੜਣ ਲਈ ਸਟਾਫ ਹੈ ਤੇ ਨਾ ਹੀ ਗੱਡੀਆਂ ਹਨ ।

ਮੇਅਰ ਜੀ ਵਲੋਂ ਦੱਸਿਆ ਗਿਆ ਸੀਵਰੇਜ਼ ਬੋਰਡ ਨਾਲ ਗੱਲਬਾਤ ਹੋਈ ਸੀ, ਉਹਨਾਂ ਵਲੋਂ ਸਿੱਧੇ ਤੌਰ ਤੇ ਮਨਾ ਕਰ ਦਿੱਤਾ ਗਿਆ ਸੀ । ਡਿਜ਼ਾਈਨਿੰਗ ਅਨੁਸਾਰ ਨੰਗਲ ਸ਼ਾਮਾ ਦੇ ਸੀਵਰੇਜ਼ ਦੀ ਨਿਕਾਸੀ ਫੋਲੜੀਵਾਲ ਮੇਨ ਪੰਪਿੰਗ ਸਟੇਸ਼ਨ ਵੱਲ ਹੀ ਜਾਣੀ ਹੈ।ਲੋਕਾਂ ਦੀ ਸਹੂਲੀਅਤ ਲਈ ਆਰਜ਼ੀ ਤੌਰ ਤੇ ਇਸ ਸੀਵਰੇਜ਼ ਨੂੰ ਜੈਤੇਵਾਲੀ ਪੰਪਿਗ ਸਟੇਸ਼ਨ ਨਾਲ ਜ਼ੋੜਣ ਲੱਗੇ ਹਾਂ ਜਿਸ ਦਾ ਮਤਾ ਵੀ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਹੈ ।

ਕਮਿਸ਼ਨਰ ਜੀ ਵਲੋਂ ਦੱਸਿਆ ਗਿਆ ਕਿ ਇਸ ਬਾਰੇ ਕਾਰਵਾਈ ਹੋ ਰਹੀ ਹੈ ਅਤੇ ਜਲਦ ਹੀ ਡੰਪ ਬਣ ਕੇ ਤਿਆਰ ਹੋ ਜਾਵੇਗਾ । ਉਹਨਾਂ ਇਹ ਵੀ ਕਿਹਾ ਕਿ ਆਵਾਰਾ ਕੁੱਤਿਆਂ ਬਾਰੇ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਕਾਨੂੰਨਨ ਕੁੱਤਿਆਂ ਨੂੰ ਮਾਰਣ ਦੀ ਪਾਬੰਦੀ ਹੈ। ਇਸ ਦਾ ਤੁਰੰਤ ਹੱਲ ਇਹ ਹੀ ਹੈ ਕਿ ਇਹਨਾ ਦੇ ਉਪਰੇਸ਼ਨ ਨਾਲ ਦੇ ਨਾਲ ਹੋ ਸਕਣ । ਇਸ ਮੰਤਵ ਲਈ ਨਗਰ ਨਿਗਮ ਹਾਊਸ ਵਲੋਂ ਸ੍ਰੀ ਕੁਲਦੀਪ ਸਿੰਘ ਓਬਰਾਏ, ਸਾਬਕਾ ਕੌਂਸਲਰ ਅਤੇ ਡਿਪਟੀ ਮੇਅਰ ਸ੍ਰੀ ਅਰਵਿੰਦਰ ਕੌਰ ਓਬਰਾਏ ਦੇ ਪਤੀ ਵਲੋਂ ਇੱਕ ਸੋਸਾਇਟੀ ਬਣਾਈ ਗਈ ਹੈ ਜਿਸ ਨੂੰ ਨਗਰ ਨਿਗਮ ਵਲੋਂ 30 ਸਾਲਾਂ ਲਈ ਪਿੰਡ ਨੰਗਲ ਸ਼ਾਮਾ ਵਿਖੇ ਜਗ੍ਹਾ ਅਲਾਟ ਕੀਤੀ ਗਈ ਹੈ ਅਤੇ ਉਥੇ ਡਾਗ ਕੰਪਾਊਂਡ ਨਗਰ ਨਿਗਮ ਬਨਾ ਕੇ ਦੇਵੇਗੀ । ਜੇਕਰ ਇੱਕ ਮਾਦਾ ਦਾ ਉਪਰੇਸ਼ਨ ਹੁੰਦਾ ਹੈ ਤਾਂ ਲਗਭਗ 40 ਕਤੂਰਿਆਂ ਤੇ ਰੋਕ ਲੱਗ ਸਕਦੀ ਹੈ ਅਤੇ ਜੇਕਰ ਇਹ ਕੰਮ ਸ਼ੁਰੂ ਹੋ ਗਿਆ ਤਾਂ ਆਉਣ ਵਾਲੇ 4-5 ਸਾਲਾਂ ਵਿੱਚ ਇਸ ਸਮੱਸਿਆ ਦਾ ਹੱਲ ਨਿਕਲ ਆਵੇਗਾ । ਇਕ ਉਪਰੇਸ਼ਨ ਤੇ ਲਗਭਗ 2000/- ਖ਼ਰਚਾ ਆਵੇਗਾ ।

ਸ੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ ਵਲੋਂ ਦੱਸਿਆ ਗਿਆ ਕਿ ਜਦ ਪਹਿਲੀ ਵਾਰ ਸਾਲ 1997 ਤੋਂ ਉਹ ਬਤੋਰ ਕੌਂਸਲਰ ਚੁਣ ਕੇ ਆਏ ਸਨ, ਉਦੋਂ ਤੋਂ ਹੀ ਉਹ ਅਤੇ ਉਹਨਾਂ ਦੇ ਪਤੀ ਸ੍ਰੀ ਕੁਲਦੀਪ ਸਿੰਘ ਓਬਰਾਏ ਦਾ ਇਹ ਮਿਸ਼ਨ ਹੈ ਕਿ ਸ਼ਹਿਰ ਵਾਸੀਆਂ ਨੂੰ ਆਵਾਰਾ ਕੁੱਤਿਆਂ ਦੀ ਸਮੱਸਿਆ ਤੋਂ ਨਿਜਾਤ ਦਿਲਾਈ ਜਾਵੇ । ਇਸ ਲਈ ਹੁਣ ਲੱਗਭਗ ਉਹ ਆਪਣੇ ਮਿਸ਼ਨ ਦੇ ਨੇੜੇ ਪਹੁੰਚ ਚੁੱਕੇ ਹਨ ਅਤੇ ਵਿਸ਼ਵਾਸ ਦਿਵਾਉਂਦੇ ਹਨ ਕਿ ਪ੍ਰਸ਼ਾਸਨ ਅਤੇ ਲੋਕਾਂ ਦੀ ਮਦਦ ਨਾਲ ਜਲਦੀ ਹੀ ਇਸ ਸਮੱਸਿਆ ਤੋਂ ਸ਼ਹਿਰ ਵਾਸੀ ਛੁੱਟਕਾਰਾ ਪਾ ਸਕਣਗੇ ।

ਸ੍ਰੀ ਵਿਪਨ ਕੁਮਾਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਲਗਭਗ ਡੇਢ ਸਾਲ ਪਹਿਲਾਂ ਉਹਨਾਂ ਮੰਗ ਕੀਤੀ ਸੀ ਕਿ ਬਾਬਾ ਸਾਹਿਬ ਡਾ:ਬੀ.ਆਰ.ਅੰਬੇਡਕਰ ਜੀ ਦੇ ਚੋਂਕ ਨੂੰ ਖੂਬਸੂਰਤ ਬਨਾਇਆ ਜਾਵੇ, ਉਥੇ ਗਰਿਲਾਂ ਲਗਾਈਆਂ ਜਾਣ ਅਤੇ ਲਾਈਟਾਂ ਆਦਿ ਨਾਲ ਸੁੰਦਰ ਚੋਂਕ ਬਨਾਇਆ ਜਾਵੇ । ਹੁਣ ਸ੍ਰੀ ਗੁਰੂ ਰਵੀਦਾਸ ਜੀ ਦਾ ਜਨਮ ਦਿਹਾੜਾ ਆ ਰਿਹਾ ਹੈ, ਇਸ ਲਈ ਜਲਦ ਇਸ ਚੋਂਕ ਨੂੰ ਠੀਕ ਕਰਵਾਇਆ ਜਾਵੇ ।ਉਹਨਾ ਅੱਗੇ ਕਿਹਾ ਕਿ ਪਿੱਛੇ ਜਿਹੇ ਉਹਨਾਂ ਵਲੋਂ ਬਿਆਨ ਦਿੱਤਾ ਗਿਆ ਸੀ ਕਿ ਜੇਕਰ 26 ਜਨਵਰੀ, 2016 ਤੱਕ ਉਹਨਾਂ ਦੇ ਵਾਰਡ ਦੇ ਟੈਂਡਰ ਨਹੀਂ ਲਗਾਏ ਜਾਣਗੇ ਤਾਂ ਉਹ ਧਰਨਾ ਲਗਾਉਣਗੇ । ਪਰ ਉਹ ਮਾਨਯੋਗ ਮੇਅਰ ਜੀ ਅਤੇ ਮਾਨਯੋਗ ਭਗਤ ਚੁੰਨੀ ਲਾਲ ਜੀ, ਮੰਤਰੀ ਜੀ ਦਾ ਦਿਲੋਂ ਧੰਨਵਾਦ ਕਰਦੇ ਹਨ ਕਿ ਉਹਨਾਂ ਦੇ ਵਾਰਡ ਨੰ: 53 ਦੇ ਵਿਕਾਸ ਕਾਰਜਾਂ ਦੇ ਟੈਂਡਰ ਲਗਾ ਦਿੱਤੇ ਗਏ ਹਨ । ਇਸ ਗੱਲ ਲਈ ਉਹ ਸ੍ਰੀ ਕੁਲਵਿੰਦਰ ਸਿੰਘ, ਐਸ.ਈ. ਦਾ ਵੀ ਧੰਨਵਾਦ ਕਰਦੇ ਹਨ । ਉਹਨਾਂ ਮੰਗ ਕੀਤੀ ਕਿ ਸਰਕਾਰ ਵਲੋਂ ਪਹਿਲਾਂ ਬੁਢਾਪਾ, ਵਿਧਵਾ ਆਦਿ ਪੈਨਸ਼ਨਾਂ ਬੰਦ ਕੀਤੀਆਂ ਗਈਆਂ ਸਨ, ਜਿਸ ਨੂੰ ਸਰਕਾਰ ਨੇ ਦੋਬਾਰਾ ਖੋਲ ਦਿੱਤਾ ਹੈ । ਨਗਰ ਨਿਗਮ ਇਨਾਂ ਪੈਨਸ਼ਨਾ ਸਬੰਧੀ ਕੈਂਪ ਲਗਾਵੇ ।ਉਹਨਾਂ ਕਿਹਾ ਅਜ਼ਾਦੀ ਤੋਂ ਬਾਅਦ ਹੁਣ ਤੱਕ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਲੋਂ ਅੱਜ ਤੱਕ ਪਾਣੀ ਤੇ ਸੀਵਰੇਜ਼ ਦੇ ਬਿਲ ਨਹੀਂ ਦਿੱਤੇ ਜਾਂਦੇ ਸਨ । ਪ੍ਰੰਤੂ ਸਰਕਾਰ ਵਲੋਂ ਜਿਹੜੀ ਨਵੀਂ ਵਾਟਰ ਮੀਟਰ ਪਾਲਿਸੀ ਲਾਗੂ ਕੀਤੀ ਜਾ ਰਹੀ ਹੈ, ਉਸ ਅਨੁਸਾਰ ਇਸ ਜਾਤੀ ਦੇ ਲੋਕਾਂ ਨੂੰ ਵੀ ਪਾਣੀ ਤੇ ਸੀਵਰੇਜ਼ ਦੇ ਬਿਲਾਂ ਦੀ ਅਦਾਇਗੀ ਕਰਨੀ ਪਵੇਗੀ । ਕੀ ਸਰਕਾਰ ਇਸ ਬਾਰੇ ਕੋਈ ਵਿਚਾਰ ਕਰੇਗੀ ਜਾਂ ਜਿਹੜੀ ਵਿਅੱਕਤੀ ਬੀ.ਪੀ.ਐਲ.ਕੈਟਾਗਰੀ ਵਿੱਚ ਆਉਂਦੇ ਹਨ ਬਾਰੇ ਕੁਝ ਸੋਚੇਗੀ ।

ਮੇਅਰ ਜੀ ਵਲੋਂ ਦੱਸਿਆ ਗਿਆ ਕਿ ਬਾਬਾ ਸਾਹਿਬ ਡਾ:ਬੀ.ਆਰ.ਅੰਬੇਡਕਰ ਜੀ ਦੇ ਚੋਂਕ ਨੂੰ ਖੂਬਸੂਰਤ ਬਨਾਇਆ ਜਾ ਰਿਹਾ ਹੈ ਅਤੇ ਉਥੇ ਕੰਮ ਚਲ ਰਿਹਾ ਹੈ । ਜਿਹੜੀਆਂ ਪੈਨਸ਼ਨਾ ਦੇ ਕੈਂਪ ਲਗਾਉਣ ਦੀ ਗੱਲ ਹੈ, ਨਗਰ ਨਿਗਮ ਸਿਰਫ ਭਰੇ ਹੋਏ ਫਾਰਮ ਹੀ ਵਸੂਲ ਕਰਕੇ ਅੱਗੇ ਐਸ.ਡੀ.ਐਮ. ਦਫ਼ਤਰ ਅਤੇ ਸੀ.ਡੀ.ਪੀ.ਓ. ਦਫ਼ਤਰ ਭੇਜਦੀ ਹੈ। ਜੇਕਰ ਕੌਂਸਲਰ ਚਾਹੁੰਣ ਤਾਂ ਆਪੋ ਆਪਣੇ ਵਾਰਡਾਂ ਵਿੱਚ ਖੁਦ ਇਹ ਕੈਂਪ ਲਗਾ ਸਕਦੇ ਹਨ ।

ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਵਲੋਂ ਬੀ.ਐਸ.ਐਫ. ਚੋਂਕ ਨੇੜੇ ਡੰਪ ਦੀ ਬਹੁਤ ਮਾੜੀ ਹਾਲ੍ਤ ਹੈ, ਠੀਕ ਕਰਵਾਈ ਜਾਵੇ।

ਸ੍ਰੀਮਤੀ ਸੁਦੇਸ਼ ਰਾਣੀ, ਕੌਂਸਲਰ ਵਲੋਂ ਆਪਣੇ ਵਾਰਡ ਦੀ ਸਲੱਮ ਅਬਾਦੀ ਦੇ ਲੋਕਾਂ ਨੂੰ ਕੇਂਦਰੀ ਗ੍ਰਾਂਟ ਸਕੀਮ ਅਧੀਨ ਚੈਕ ਜਾਰੀ ਨਾ ਕਰਨ ਦਾ ਮੁੱਦਾ ਉਠਾਇਆ ਅਤੇ ਕਿਹਾ ਕਿ ਲੋਕ ਆਪੋ ਆਪਣੇ ਘਰ ਢਾਹ ਕੇ ਬੈਠੇ ਹਨ, ਪਰ ਨਗਰ ਨਿਗਮ ਉਹਨਾਂ ਨੂੰ ਚੈਕ ਜਾਰੀ ਨਹੀਂ ਕਰ ਰਹੀ ।

ਮੇਅਰ ਜੀ ਨੇ ਐਸ.ਈ.(ਬੀ ਐਂਡ ਆਰ) ਨੂੰ ਇੱਕ ਮਹੀਨੇ ਦੇ ਅੰਦਰ ਅੰਦਰ ਇਸ ਬਾਰੇ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

ਸ੍ਰੀਮਤੀ ਸਿਮਰਜੀਤ ਕੌਰ ਢੀਂਡਸਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਨੰਗਲ ਸ਼ਾਮਾ ਵਿਖੇ ਵੈਟਰਨਰੀ ਹਸਪਤਾਲ ਹੈ ਅਤੇ ਉਥੇ ਚਾਰ ਕਮਰੇ ਵੀ ਹਨ । ਇਸ ਹਸਪਤਾਲ ਵਿੱਚ ਡਾਕਟਰ ਵੀ ਹਨ ਅਤੇ ਆਲ੍ਹੇ ਦੁਆਲ੍ਹੇ ਦੇ 4 ਵਾਰਡ ਇਸ ਹਸਪਤਾਲ ਨੂੰ ਲੱਗਦੇ ਹਨ । ਜਦ ਤੱਕ ਕੋਈ ਹੋਰ ਢੁੱਕਵਾਂ ਪ੍ਰਬੰਧ ਨਹੀਂ ਹੁੰਦਾ, ਨਗਰ ਨਿਗਮ ਇਸ ਹਸਪਤਾਲ ਵਿਖੇ ਆਵਾਰਾ ਕੁੱਤਿਆਂ ਦੇ ਉਪਰੇਸ਼ਨ ਲਈ ਤਾਲਮੇਲ ਕਰ ਸਕਦੀ ਹੈ ।

ਮੇਅਰ ਜੀ ਵਲੋਂ ਕਮਿਸ਼ਨਰ ਜੀ ਨਾਲ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਹਾਊਸ ਦੀ ਸਹਿਮਤੀ ਨਾਲ ਬਜਟ ਵਿੱਚ ਡਾਗ ਸਟਰਲਾਈਜੇਸ਼ਨ ਲਈ ਪ੍ਰਤੀ ਡਾਗ ਰੁ. 2500/- ਦਾ ਉਪਬੰਧ ਕਰਨ ਬਾਰੇ ਆਦੇਸ਼ ਦਿੱਤੇ ।ਜਦ ਤੱਕ ਨਗਰ ਨਿਗਮ ਜਲੰਧਰ ਵਲੋਂ ਨੰਗਲ ਸ਼ਾਮਾ ਵਿਖੇ ਡਾਗ ਕੰਪਾਊਂਡ ਦੀ ਉਸਾਰੀ ਨਹੀਂ ਹੋ ਜਾਂਦੀ ਤੱਦ ਤੱਕ ਨਗਰ ਨਿਗਮ ਆਪਣੇ ਪੱਧਰ ਤੇ ਕੁੱਤਿਆਂ ਨੂੰ ਫੱੜ ਕੇ ਨੰਗਲ ਸ਼ਾਮਾ ਵੈਟਰਨਰੀ ਹਸਪਤਾਲ ਵਿਖੇ ਉਪਰੇਸ਼ਨ ਕਰਵਾਉਣ ਦੀ ਕਾਰਵਾਈ ਕਰੇਗਾ ਅਤੇ ਉਪਰੇਸ਼ਨ ਤੋਂ ਬਾਅਦ ਪੋਸਟ ਕੇਅਰ ਲਈ ਇਹ ਰਾਸ਼ੀ ਖ਼ਰਚ ਕਰੇਗੀ ।

ਸ੍ਰੀ ਕੰਵਲਜੀਤ ਸਿੰਘ ਬੇਦੀ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਪਿਛਲੇ ਦਿਨੀ ਦਾਦਾ ਕਲੋਨੀ ਜ਼ੋਨ ਵਿਖੇ ਇੱਕ ਪਾਣੀ ਦੀ ਟੰਕੀ ਗਿਰ ਗਈ ਸੀ ਜਿਸ ਦਾ ਮਲਬਾ ਹਾਲੇ ਤੱਕ ਨਹੀਂ ਚੁੱਕਵਾਇਆ ਗਿਆ ਜਿਸ ਨਾਲ ਜ਼ੋਨ ਵਿੱਚ ਆਉਣ ਵਾਲੀ ਪਬਲਿਕ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ ਤੋਂ ਇਲਾਵਾ ਇਸ ਟੰਕੀ ਦੇ ਡਿੱਗਣ ਨਾਲ ਜਾਨੀ ਨੁਕਸਾਨ ਤਾਂ ਨਹੀਂ ਹੋਇਆ ਪਰ ਮਾਲੀ ਨੁਕਸਾਨ ਜ਼ਰੂਰ ਹੋਇਆ ਹੈ । ਆਲ੍ਹੇ-ਦੁਆਲ੍ਹੇ ਦੀਆਂ ਦੋ ਫੈਕਟਰੀਆਂ ਦਾ ਨੁਕਸਾਨ ਹੋਇਆ ਹੈ ਉਸ ਬਾਰੇ ਨਾ ਤਾਂ ਠੇਕੇਦਾਰ ਨੇ ਕੋਈ ਭਰਪਾਈ ਕੀਤੀ ਹੈ ਤੇ ਨਾ ਹੀ ਨਗਰ ਨਿਗਮ ਵਲੋਂ ਇਸ ਸਬੰਧੀ ਕੋਈ ਟੀਮ ਬਨਾਈ ਗਈ ਹੈ ।

ਸ੍ਰੀ ਅਰਜਨ ਸਿੰਘ ਪੱਪੀ, ਕੌਂਸਲਰ ਵਲੋਂ ਮਦਨ ਫਲੋਰ ਮਿਲ ਚੋਂਕ ਨੇੜੇ ਬਣੇ ਬਾਥਰੂਮ ਦੀ ਮਾੜੀ ਹਾਲ੍ਹਤ ਦਾ ਮੁੱਦਾ ਉਠਾਇਆ ਗਿਆ । ਉਹਨਾਂ ਇਹ ਵੀ ਕਿਹਾ ਕਿ ਅਲਾਸਕਾ ਚੋਂਕ ਵਿਖੇ ਜਿਹੜਾ ਡੰਪ ਹੈ, ਉਸ ਦੇ ਪਿੱਛੇ ਸਰਕਾਰੀ ਜਗ੍ਹਾ ਹੈ । ਜੇਕਰ ਇਸ ਸਰਕਾਰੀ ਜਗ੍ਹਾ ਵਿੱਚੋਂ 15-20 ਫੁੱਟ ਜਗ੍ਹਾ ਲੈ ਲਈ ਜਾਵੇ ਤਾ ਡੰਪ ਤੇ ਫਰਸ਼ ਪਾ ਕੇ ਇਸ ਨੂੰ ਸਹੀ ਕੀਤਾ ਜਾ ਸਕਦਾ ਹੈ ।ਉਹਨਾਂ ਇਹ ਵੀ ਕਿਹਾ ਕਿ ਭਾਂਵੇਂ ਸਰਕਾਰ ਵਲੋਂ ਚਾਈਨਾਂ ਡੋਰ ਤੇ ਬੈਨ ਹੈ, ਪ੍ਰੰਤੂ ਇਹ ਸ਼ਰੇਆਮ ਵਿੱਕ ਰਹੀ ਹੈ । ਇਸ ਡੋਰ ਨਾਲ ਸਭ ਤੋਂ ਜ਼ਿਆਦਾ ਦੁਰਘਟਨਾਵਾਂ ਹੋ ਰਹੀਆਂ ਹਨ ਅਤੇ ਸ਼ਹਿਰ ਦੇ ਸੀਵਰੇਜ਼ ਵੀ ਜਾਮ ਹੋ ਰਹੇ ਹਨ । ਉਹਨਾਂ ਇਹ ਵੀ ਕਿਹਾ ਕਿ ਓ ਐਂਡ ਐਮ ਵਲੋਂ ਸੀਵਰੇਜ਼ ਵਿੱਚੋਂ ਜਿਹੜੀ ਗਾਰ ਕੱਢੀ ਜਾਂਦੀ ਹੈ, ਉਹ ਨਾਲ ਦੇ ਨਾਲ ਨਹੀਂ ਚੁੱਕੀ ਜਾਂਦੀ । ਇਸ ਗਾਰ ਲਈ ਸਾਨੂੰ ਹੱਥ ਰੇਹੜੀਆਂ ਬਨਾਉਣੀਆਂ ਚਾਹੀਦੀਆਂ ਹਨ ਤਾਂ ਜ਼ੋ ਸੀਵਰੇਜ਼ ਦੀ ਸਫਾਈ ਵੇਲੇ ਗਾਰ ਕੱਢ ਕੇ ਇਹਨਾਂ ਰੇਹੜੀਆਂ ਵਿੱਚ ਸੁੱਟੀ ਜਾ ਸਕੇ ।

ਕਮਿਸ਼ਨਰ ਜੀ ਵਲੋਂ ਦੱਸਿਆ ਗਿਆ ਸ਼ਹਿਰ ਅੰਦਰ ਲਗਭਗ 7-8 ਸੈਕੰਡਰੀ ਪੁਆਇੰਟਸ ਜਿਵੇਂ ਕਿ ਪ੍ਰਤਾਪ ਬਾਗ, ਟੀ.ਵੀ.ਸੈਂਟਰ ਸਾਹਮਣੇ, ਬੀ.ਐਮ.ਸੀ.ਚੋਂਕ ਆਦਿ ਅਸੀਂ ਨਵੀਂ ਤਕਨੀਕ ਦੇ ਡੰਪ ਤਿਆਰ ਕਰਾ ਚੁੱਕੇ ਹਾਂ । ਉਹ ਕੋਸਲਰ ਸਾਹਿਬਾਨਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਆਪੋ ਆਪਣੇ ਵਾਰਡਾਂ ਵਿੱਚ ਅਜਿਹੀਆਂ ਜਗ੍ਹਾ ਦੱਸਣ ਜਿੱਥੇ ਫਰਸ਼ ਪਾ ਕੇ ਡੰਪ ਬਨਾਏ ਜਾ ਸਕਣ ।

ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਇਸ ਉਪਰੰਤ ਮੇਅਰ ਜੀ ਨੇ ਰੈਗੁਲਰ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ।

ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 1

ਵਿਸਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 01.12.2015 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 01.12.2015 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸਨਿਕ ਕੰਪਲੈਕਸ, ਨਹਿਰੂ ਗਾਰਡਨ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 2

ਵਿਸ਼ਾ: ਸੀਵਰਮੈਨਾ ਨੂੰ ਠੰਡੀਆ ਅਤੇ ਗਰਮ ਵਰਦੀਆਂ ਦੀ ਅਦਾਇਗੀ ਕਰਨ ਬਾਰੇ ।

ਪੜ੍ਹਿਆ ਨੋਟ ਸਟੋਰ ਕੀਪਰ (ਪੀ.ਐਚ.) ਮਿਤੀ 24.9.2015 ਜਿਸ ਨਾਲ ਸੁਪਰਡੰਟ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਸੀਵਰਮੈਨ ਇੰਮਪਲਾਇਜ ਯੂਨੀਅਨ (ਰਜਿ.) ਨੰ: 99 ਨੇ ਆਪਣੇ ਮੰਗ ਪੱਤਰ ਨੰ 115 ਮਿਤੀ 18-09-2015 ਰਾਹੀ ਮੰਗ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਵਿੱਚ ਜਿਹੜੇ ਪੱਕੇ ਸੀਵਰਮੈਨ ਕੰਮ ਕਰ ਰਹੇ ਹਨ ਉਨਾਂ ਨੂੰ ਠੰਡੀਆ ਅਤੇ ਗਰਮ ਵਰਦੀਆ ਦੇ ਪੈਸੇ ਦਿਤੇ ਜਾਣ । ਸੀਵਰਮੈਨਾ ਨੂੰ ਠੰਡੀਆ ਅਤੇ ਗਰਮ ਵਰਦੀਆ ਦੀ ਅਦਾਇਗੀ 10/2012 ਵਿੱਚ ਕੀਤੀ ਗਈ ਸੀ। ਇਸ ਸਮੇਂ ਨਗਰ ਨਿਗਮ ਜਲੰਧਰ ਵਿਚ 243 ਸੀਵਰਮੈਨ ਕੰਮ ਕਰ ਰਹੇ ਹਨ । ਪੰਜਾਬ ਸਰਕਾਰ ਦੇ ਪੱਤਰ ਨੰ: 7/4/94-1ਸਸ/669 ਮਿਤੀ 30-06-1994 ਰਾਹੀਂ ਵਰਦੀਆਂ ਦੇ ਰੇਟਾਂ ਅਨੁਸਾਰ ਦਰਜਾ-4 ਕਰਮਚਾਰੀਆ ਦੇ ਸਰਕਾਰ ਵਲੋਂ ਰੇਟ ਫਿਕਸ ਕੀਤੇ ਗਏ ਹਨ ਜਿਸ ਨੂੰ ਪੰਜਾਬ ਸਰਕਾਰ ਨੇ ਆਪਣੇ ਪੱਤਰ ਪਿ.ਅੰ.ਨੰ.7/4/94 -1ਪਸ/277-280 ਮਿਤੀ 20-06-2012 ਰਾਹੀਂ ਰਾਜ ਸਰਕਾਰ ਦੇ ਗਰੁੱਪ ਡੀ (ਦਰਜਾ-4) ਵਿੱਚ ਵਰਦੀਆਂ ਦੇ **ਰੇਟ ਦੁਗਣਾ ਵਾਧਾ ਕੀਤਾ ਗਿਆ ਸੀ** । ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਲੜੀ ਨੰ:	ਵਰਦੀਆਂ	ਰੇਟ	ਸਮਾਂ
1	ਗਰਮੀਆਂ ਦੀਆਂ ਵਰਦੀਆਂ	594/-	3 ਸਾਲ
2	ਸਰਦੀਆਂ ਦੀਆਂ ਵਰਦੀਆ	500/-	3 ਸਾਲ
3	ਸਲਾਈ ਵਰਦੀਆ ਦੀ	232/-	3 ਸਾਲ
4	ਜ਼ਰਸੀਆ	113/-	1 ਸਾਲ
5	ਬੂਟਾ ਦੇ ਰੇਟ 96.37×3	289/-	1 ਸਾਲ
	ਜੋੜ	1728×2=3456	

ਇਥੇ ਵਰਨਣ ਯੋਗ ਹੈ ਕਿ ਸੀਵਰਮੈਨਾ ਦੀਆ ਪਹਿਲੀਆ ਵਰਦੀਆ 10/2012 ਨੂੰ ਦਿਤੀਆ ਗਈਆ ਸਨ। ਇਹਨਾ ਸੀਵਰਮੈਨਾ ਨੂੰ ਮਾਹ 10/2015 ਵਿੱਚ ਵਰਦੀਆ ਦੇਣੀਆ ਬਣਦੀਆ ਹਨ। ਨਗਰ ਨਿਗਮ ਜਲੰਧਰ ਦੇ ਸੀਵਰਮੈਨਾ ਦੀਆ ਗਰਮ ਅਤੇ ਠੰਡੀਆ ਵਰਦੀਆ ਦੀ ਅਦਾਇਗੀ ਰੁਪਏ 3456×243=8,39,808/- ਅਦਾਇਗੀ ਕਰਨ ਦੀ ਪ੍ਰਵਾਨਗੀ ਲੋੜੀਂਦੀ ਹੈ।ਇਹਨਾਂ ਕਰਮਚਾਰੀਆਂ/ਸੀਵਰਮੈਨ ਨੂੰ ਇਹ ਸਹੂਲਤ ਦੇਣ ਲਈ ਰੁਪਏ 8,39,808/- ਦਾ ਖਰਚਾ ਆਵੇਗਾ। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 24.9.2015 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਹਿਤ ਲਿਖਿਆ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 24.10.2015 ਰਾਹੀਂ ਉਕਤ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.10.2015 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 3

ਵਿਸ਼ਾ:- ਫਾਇਰ ਬ੍ਰਿਗੇਡ ਸਟਾਫ ਨੂੰ ਠੰਡੀ ਵਰਦੀ ਸਮੇਤ ਹੋਰ ਆਈਟਮਾਂ ਦੇਣ ਬਾਰੇ।

ਪੜਿਆ ਨੋਟ ਏ.ਡੀ.ਐਫ.ਓ ਅਤੇ ਕਾਰਜਕਾਰੀ ਇੰਜੀਨੀਅਰ ਕਮ-ਐਚ.ਓ.ਡੀ ਫਾਇਰ ਬਿਗ੍ਰੇਡ ਕਿ ਫਾਇਰ ਬਿਗ੍ਰੇਡ ਦੇ ਸਟੈਂਡਿੰਗ ਆਰਡਰਾਂ ਅਨੁਸਾਰ ਹਰ ਸਾਲ ਅਪ੍ਰੈਲ ਮਹੀਨੇ ਠੰਡੀ ਵਰਦੀ ਸਮੇਤ ਹੋਰ ਆਈਟਮਾਂ ਦੇਣੀਆਂ ਹੁੰਦੀਆਂ ਹਨ।ਇਹ ਵਰਦੀ ਰੇਗੂਲਰ ਸਟਾਫ ਨੂੰ ਹੀ ਦਿੱਤੀ ਜਾਂਦੀ ਹੈ, ਠੰਡੀ ਵਰਦੀ ਸਾਲ 2015-2016 ਅਪ੍ਰੈਲ 2015 ਤੋਂ ਡਿਊ ਹੈ। ਇਸ ਠੰਡੀ ਵਰਦੀ ਦਾ ਮਾਰਕੀਟ ਅਨੁਸਾਰ ਅੰਦਾਜਨ ਖਰਚ ਐਸਟੀਮੇਂਟ ਲਿਤਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਆਈਟਮ	ਅੰਦਾਜਨ ਖਰਚ
1	29 ਕਰਮਚਾਰੀਆਂ/ਅਧਿਕਾਰੀਆਂ 2 ਸੈਟ ਰੇਡੀਮੇਡ ਵਰਦੀ ਦਾ ਕਪੜਾ ਰੇਮਡ ਮਿਲ ਰੰਗ ਖਾਕੀ ਕੁੱਲ 58 ਸੈਟ	1,62,000/-
2	29 ਕਰਮਚਾਰੀਆਂ/ਅਧਿਕਾਰੀਆਂ ਲੈਦਰ ਬੂਟ ਦੇ 2 ਜੋੜੇ ਸਟਾਇਲ ਜ਼ੋਧਪੂਰੀ ਰੰਗ ਕਾਲਾ ਬਰਾਊਨ ਲਾਲ ਲਿਬਰਟੀ 58 ਜੋੜੇ	1,16,000/-
3	29 ਕਰਮਚਾਰੀਆਂ/ਅਧਿਕਾਰੀਆਂ ਦੇ 2 ਜੋੜ ਜੁਰਾਬਾਂ ਰੰਗ ਖਾਕੀ ਕੁੱਲ 58 ਜ਼ੋੜੇ	87,00/-
4	20 ਕਰਮਚਾਰੀਆਂ/ਅਧਿਕਾਰੀਆਂ ਹੈਲਮੇਟ 20 ਨੰ	30,000/-
5	29 ਕਰਮਚਾਰੀਆਂ/ਅਧਿਕਾਰੀਆਂ ਟਿਊਨਕ 29 ਨੰ	58,000/-
6	29 ਕਰਮਚਾਰੀਆਂ/ਅਧਿਕਾਰੀਆਂ ਵਾਸਤੇ ਲੈਦਰ ਬੈਲਟ ਸਮੇਤ ਬਕਲ ਰੰਗ ਕਾਲਾ ਬਰਾਊਨ 29 ਨੰ	14,500/-
7	29 ਕਰਮਚਾਰੀਆਂ/ਅਧਿਕਾਰੀਆਂ ਗਮ ਬੂਟ 29 ਜ਼ੋੜੇ	43,500/-
8	7 ਅਧਿਕਾਰੀਆਂ ਨੂੰ ਪੀਕੈਪ 2 ਨੰਬਰ ਰੰਗ ਖਾਕੀ ਬੈਚ ਤੀਲੇਦਾਰ ਬਰਾਉਨ 14 ਨੰ	14,000/-
9	13 ਕਮਚਾਰੀਆਂ ਨੂੰ ਬੈਰਟ ਕੈਪ 2 ਨੰਬਰ ਸਮੇਤ ਬੈਚ 26 ਨੰ	2,600/-
10	9 ਕਰਮਚਾਰੀਆਂ/ਅਧਿਕਾਰੀਆਂ ਨੂੰ ਖਾਕੀ ਵਧਿਆ ਰੂਬੀਆ 8 ਮੀਟਰ ਪੱਗ 2 ਨੰਬਰ ਕੁਲ 18 ਨੰ	21,600/-
11	3 ਅਧਿਕਾਰੀਆਂ ਦੀ ਪੱਗੜੀਆਂ ਲਈ 6 ਨੰਬਰ ਤੀਲੇਦਾਰ ਬਰਾਊਨ ਬੈਚ	3,000/-
12	29 ਕਰਮਚਾਰੀਆਂ/ਅਧਿਕਾਰੀਆਂ 2 ਸੈਟ ਲਾਇਨਯਾਡ ਵਿਦ ਵੀਸਲ 58 ਨੰ	58,00/-
13	29 ਕਰਮਚਾਰੀਆਂ/ਅਧਿਕਾਰੀਆਂ 2 ਸੈਟ ਸ਼ੋਲਡਰ ਬੈਚ ਕੁਲ 116 ਨੰ	2,900/-
14	9 ਕਰਮਚਾਰੀਆਂ/ਅਧਿਕਾਰੀਆਂ ਨੂੰ ਰੈਂਕ ਬੈਚ (ਇੰਮਪੈਲਰ) 2 ਸੈਟ 100 ਨੰ	1,800/-
	ਕੁੱਲ ਜੋੜ	**4,84,400/-**

ਉਕਤ ਸਾਲ 2015-2016 ਦੀ ਠੰਡੀ ਵਰਦੀ ਸਮੇਤ ਵਰਦੀ ਦੀਆਂ ਹੋਰ ਆਈਟਮਾਂ ਸਮੇਤ ਆਈਟਮਾਂ ਦੀ ਖਰੀਦ ਨਿਯਮਾਂ ਅਨੁਸਾਰ ਅਖਬਾਰਾਂ ਰਾਹੀਂ ਟੈਂਡਰ ਮੰਗ ਕੇ ਕੀਤੀ ਜਾਵੇਗੀ, ਜਿਸ ਤੇ ਕੁੱਲ ਰੂਪਏ 4,84,400/- ਹੋਣ ਦੀ ਸੰਭਾਵਨਾ ਹੈ।ਇਸ ਲਈ ਨਗਰ ਨਿਗਮ ਹਾਊਸ ਦੀ ਮੰਜੂਰੀ ਹਿੱਤ ਰਿਪੋਰਟ ਪੇਸ਼ ਹੈ ਜੀ।

ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 29.4.2015 ਰਾਹੀਂ ਕੇਸ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਲਈ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 29.4.2015 ਰਾਹੀਂ ਨਗਰ ਨਿਗਮ ਹਾਊਸ ਵਿੱਚ ਰਖਣ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ। ਇਸ ਤਖਮੀਨੇ ਨੂੰ ਮਤਾ ਨੰ: 35 ਮਿਤੀ 8.5.2015 ਰਾਹੀਂ ਹਾਊਸ ਵਿਚ ਰੱਖਿਆ ਗਿਆ ਸੀ। ਪਰ ਹਾਊਸ ਵਲੋਂ ਮਿਤੀ 8-5-2015 ਨੂੰ ਇਹ ਮੱਦ ਲੰਬਿਤ ਰੱਖੀ ਗਈ ਸੀ ਕਿਉਂਕਿ ਲੜੀ ਨੰ: 3 ਜੁਰਾਬਾਂ ਦੇ 58 ਜ਼ੋੜੇ ਦੀ ਕੀਮਤ ਰੁਪਏ 8700/- ਦੀ ਥਾਂ ਤੇ ਰੁਪਏ 87000/- ਟਾਈਪ ਹੋਇਆ ਸੀ। ਹੁਣ ਇਸ ਨੂੰ ਠੀਕ ਕਰ ਦਿੱਤਾ ਗਿਆ ਹੈ। ਇਸ ਲਈ ਕਮਿਸ਼ਨਰ ਜੀ ਦੇ ਹੁਕਮ ਮਿਤੀ 24-10-2015 ਰਾਹੀਂ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਲਈ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 2-11-2015 ਰਾਹੀਂ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 4

ਵਿਸ਼ਾ:- ਸਫਾਈ ਮਜਦੂਰ ਸੰਘ, ਨਗਰ ਨਿਗਮ, ਜਲੰਧਰ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਦਰਜਾ- 4 ਸਫਾਈ ਸੇਵਕ/ਸੇਵਿਕਾਵਾਂ ਨੂੰ ਰਬੜ ਦੇ ਦਸਤਾਨੇ ਖਰੀਦ ਕੇ ਦੇਣ ਬਾਰੇ।

ਪੜ੍ਹਿਆ ਦਫਤਰੀ ਨੋਟ ਸਟੋਰ ਜਨਰਲ ਜਿਸ ਨਾਲ ਸੁਪਰਡੰਟ ਸਟੋਰ ਨੇ ਸਿਫਾਰਸ਼ ਕੀਤੀ ਹੈ ਕਿ ਸਫਾਈ ਮਜਦੂਰ ਸੰਘ, ਨਗਰ ਨਿਗਮ, ਜਲੰਧਰ, ਵੱਲੋ ਮੰਗ ਆਈ ਹੈ ਕਿ ਸਫਾਈ ਸੇਵਕਾਂ/ਸੇਵਿਕਾਵਾਂ ਨੂੰ ਡਿਉਟੀ ਦੋਰਾਨ ਕੰਮ ਕਰਦੇ ਕਈ ਬੀਮਾਰਿਆਂ ਲੱਗ ਜਾਂਦੀਆ ਹਨ। ਇਸ ਲਈ ਉਨਾਂ ਦੀ ਸਿਹਤ ਨੂੰ ਮੱਖ ਰੱਖਦੇ ਹੋਏ ਡਿਉਟੀ ਦੋਰਾਨ ਦਸਤਾਨੇ ਦਿੱਤੇ ਜਾਣ ਤਾਂ ਕਿ ਉਹ ਕਿਸੇ ਗੰਭੀਰ ਬੀਮਾਰੀ ਦਾ ਸ਼ਿਕਾਰ ਨਾ ਹੋ ਸਕਣ। ਇਸ ਸਬੰਧੀ ਮਾਰਕੀਟ ਵਿਚੋਂ ਕੁਟੇਸ਼ਣਾਂ ਲਈਆ ਗਈਆਂ। ਜਿਸ ਦੀ ਖਰੀਦ ਬਜਾਰ ਤੋਂ ਨਿਯਮਾਂ ਅਨੁਸਾਰ ਕੀਤੀ ਜਾਣੀ ਹੈ। ਜਿਸ ਦਾ ਵੇਰਵਾ ਹੇਠ ਅਨੁਸਾਰ ਹੈ ਜ਼ੀ :-

ਲੜੀ ਨੰ:	ਠੇਕੇਦਾਰ /ਫਰਮ ਦਾ ਨਾਂ	ਸਮਾਨ ਦੀ ਗਿਣਤੀ	ਸਮਾਨ ਦਾ ਰੇਟ ਰੁਪਏ	ਤਖਮੀਨਾਂ
1	M/s Union Surgical	Rubber Gloves 2200	110/-	242000
2	M/s Amar Medicos	Natural Rubber Gloves 2200	100/-	220000
3	M/s Julludnur Enterprises	Natural Rubber Gloves 2200	105/-	231000

ਇਹਨਾਂ ਵਿਚੋਂ ਘੱਟ ਰੇਟ ਮੈਸਰਜ ਅਮਰ ਮੈਡੀਕੋਜ਼ ਵੱਲੋਂ ਦਸਤਾਨੇ(ਇੱਕ ਜ਼ੋੜਾ) ਦਾ ਰੇਟ 100/- ਰੁਪਏ ਦਿੱਤਾ ਗਿਆ ਹੈ, ਇਸ ਲਈ ਇਹਨਾਂ ਦਸਤਾਨਿਆਂ ਦੀ ਖ਼ਰੀਦ ਦਾ ਰੇਟ 100×2200=2,20,000/- ਬਣਦਾ ਹੈ, ਜ਼ੋ ਕਿ ਵਧੀਆਂ ਕੁਆਲਟੀ ਦਾ ਲਿੱਤਾ ਜਾਵੇਗਾ।ਉਕਤ ਸਮਾਨ ਦੀ ਖਰੀਦ ਕਰਨ ਤੇ ਲਗਭੱਗ ਰੂ: 2,20,000/- ਦਾ ਤਖਮੀਨਾਂ ਤਿਆਰ ਕੀਤਾ ਗਿਆ ਹੈ। ਇਸ ਦੀ ਖਰੀਦ ਟੈਂਡਰ ਮੰਗ ਕੇ ਕੀਤੀ ਜਾਵੇਗੀ।ਜਿਸ ਫਰਮ ਦਾ ਟੈਂਡਰ ਰੇਟ ਘੱਟ ਹੋਵੇਗਾ ਉਸ ਫਰਮ ਤੋਂ ਹੀ ਸਮਾਨ ਦੀ ਸਪਲਾਈ ਲਈ ਜਾਵੇਗੀ। ਇਸ ਲਈ ਉਕਤ ਸਮਾਨ ਦੀ ਖਰੀਦ ਕਰਨ ਲਈ ਰੂ: 2,20,000/- ਖਰਚ ਕਰਨ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ।ਸੰਯੁਕਤ ਕਮਿਸ਼ਨਰ ਜੀ ਵਲੋਂ ਮਿਤੀ 20/03/2015 ਰਾਂਹੀ ਤਜਵੀਜ ਹਾਊਸ ਵਿਚ ਰੱਖਣ ਦੀ ਸਿਫ਼ਾਰਸ ਕੀਤੀ ਹੈ।ਕਮਿਸ਼ਨਰ ਜੀ ਨੇ ਮਿਤੀ 2-4-2015 ਰਾਹੀਂ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਲਈ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 6-4-2015 ਰਾਹੀਂ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 5

ਵਿਸ਼ਾ:- ਦਫਤਰੀ ਵਰਤੋਂ ਵਾਸਤੇ ਨਵੀਆਂ 5 ਰਿਵੋਲਵਿੰਗ ਕੁਰਸੀਆਂ ਦੀ ਖਰੀਦ ਕਰਨ ਬਾਰੇ।

ਪੜ੍ਹਿਆ ਨੋਟ ਸਟੋਰ ਜਨਰਲ ਜਿਸ ਨਾਲ ਸੁਪਰਡੰਟ ਸਟੋਰ ਨੇ ਮਿਤੀ 6.8.2015 ਰਾਹੀਂ ਸਿਫਾਰਸ਼ ਕੀਤੀ ਹੈ ਕਿ ਵੱਖ-ਵੱਖ ਅਧਿਕਾਰੀਆਂ ਦੇ ਦਫਤਰ ਲਈ ਨਵੀਆਂ 5 ਰਿਵੋਲਵਿੰਗ ਕੁਰਸੀਆਂ ਦੀ ਖਰੀਦ ਕੀਤੀ ਜਾਣੀ ਹੈ। ਜਿਸ ਦਾ ਮਾਡਲ Godrej Premium Exetive Chair 7001 H.B ਹੈ। ਇਸ ਸਬੰਧ ਵਿੱਚ ਨਵੀਆਂ ਕੁਰਸੀਆਂ ਖਰੀਦ ਕਰਨ ਲਈ ਇੱਕ ਕੁਟੇਸ਼ਨ Authorised Dealer Nova Trading Co., Rakhra Complex, 122-Dayal Nagar, Canal Road, Near Regent Park Hotel, Jalandhar. ਪਾਸੋਂ ਲਈ ਗਈ । ਜਿਸ ਵਿਚ ਇਕ ਕੁਰਸੀ ਜਿਸ ਦਾ ਮਾਡਲ Godrej Premium Executive Chair 7001 H.B ਦਾ ਰੇਟ ਰੂਪਏ 13,296,+ Vat Extra ਰੂ. 1901 = 15,197/- ×05 = 75,985/-ਰੁਪਏ ਬਣਦੇ ਹਨ। ਇਸ ਦੀ ਖਰੀਦ Authorized Dealer ਤੋਂ ਸਿੱਧੇ ਤੋਰ ਤੇ ਖਰੀਦ ਕੀਤੀ ਜਾਵੇਗੀ। ਉਕਤ ਕੁਰਸੀਆਂ ਲੈਣੀਆਂ ਅਤੀ ਜਰੂਰੀ ਹਨ। ਕੰਮ ਦੀ ਮਹੱਤਤਾਂ ਨੂੰ ਮੁੱਖ ਰੱਖਦੇ ਹੋਏ ਇਸ ਤਜ਼ਵੀਜ਼ ਦੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਦਿੱਤੀ ਜਾਵੇ।ਇਸ ਸਬੰਧ ਵਿੱਚ ਸਹਾਇਕ ਕਮਿਸ਼ਨਰ ਨੇ ਮਿਤੀ 06-08-2015 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।ਕਮਿਸ਼ਨਰ ਜੀ ਨੇ ਮਿਤੀ 14-08-2015 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 17-08-2015 ਰਾਂਹੀ ਇਸ ਤਜ਼ਵੀਜ਼ ਦੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 6

ਵਿਸ਼ਾ:- ਵੱਧੇ ਹੋਏ ਰੇਟਾਂ ਨਾਲ ਗਰਮ ਅਤੇ ਠੰਡੀਆਂ ਵਰਦੀਆਂ ਦੀ ਅਦਾਇਗੀ ਕਰਨ ਬਾਰੇ।

ਪੜਿਆ ਨੋਟ ਸੀਨੀਅਰ ਸਹਾਇਕ ਮਿਤੀ 11.2.2015 ਜਿਸ ਨਾਲ ਸੁਪਰਡੈਂਟ (ਓ.ਐਡ.ਐਮ) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਦੇ ਓ.ਐਡ.ਐਮ ਸ਼ਾਖਾ ਵਿਚ ਕੰਮ ਕਰ ਰਹੇ ਦਰਜਾ 4 ਅਤੇ ਟੈਕਨੀਕਲ ਦਰਜਾ-3 ਦੇ ਕਰਮਚਾਰੀਆ ਨੂੰ ਗਰਮ ਅਤੇ ਠੰਡੀਆ ਵਰਦੀਆ ਲੈਣ ਲਈ ਕਰਮਚਾਰੀ ਤਾਲਮੇਲ ਕਮੇਟੀ ਨਗਰ ਨਿਗਮ ਜਲੰਧਰ ਦੀ ਯੂਨੀਅਨ ਦੀ ਮੰਗ ਪੱਤਰ ਨੰ: 125 ਮਿਤੀ 30.11.2015 ਰਾਂਹੀ ਮੰਗ ਕੀਤੀ ਹੈ ਕਿ ਉਹਨਾਂ ਨੂੰ ਵੱਧੇ ਹੋਏ ਰੇਟਾ ਦੇ ਨਾਲ ਨਗਰ ਨਿਗਮ ਜਲੰਧਰ ਵਿੱਚ ਫੋਰਮੈਨ, ਵਹੀਕਲ ਡਰਾਇਵਰ, ਫਿਟਰ, ਇਲੈਕਟ੍ਰਿਸ਼ਨ ਮੇਸਨ, ਫਿਟਰ ਕੁਲੀ, ਬੇਲਦਾਰ, ਮਾਲੀ ਕਮ ਚੌਂਕੀਦਾਰ, ਮੇਸ਼ਨ ਹੈਲਪਰ, ਟਿਊਬਵੈਲ ਡਰਾਇਵਰ ਅਤੇ ਸੇਵਾਦਾਰਾਂ ਨੂੰ ਗਰਮ ਅਤੇ ਠੰਡੀਆਂ ਵਰਦੀਆਂ ਦਿੱਤੀਆਂ ਜਾਣ। ਯੂਨੀਅਨ ਨੇ ਆਪਣੇ ਮੰਗ ਪੱਤਰ ਵਿੱਚ ਇਹ ਵੀ ਦਰਜ ਕੀਤਾ ਹੈ ਕਿ ਸਾਨੂੰ ਇਸ ਤੋ ਪਹਿਲਾ 10/2012 ਨੂੰ ਗਰਮ ਅਤੇ ਠੰਡੀਆਂ ਵਰਦੀਆਂ ਦੇ ਪੈਸੇ ਦਿੱਤੇ ਗਏ ਸਨ। ਵਾਟਰ ਸਪਲਾਈ ਸ਼ਾਖਾ ਵਿੱਚ ਕੰਮ ਕਰ ਰਹੇ ਕਰਮਚਾਰੀਆ ਦਾ ਵੇਰਵਾ ਹੇਠ ਅਨੁਸਾਰ ਹੈ:

ਲੜੀ ਨੰ:	ਅਸਾਮੀਆਂ	ਗਿਣਤੀ
1	ਫੋਰਮੈਨ	4
2	ਵਹੀਕਲ ਡਰਾਇਵਰ	7
3	ਫਿਟਰ	17
4	ਮੇਸਨ	3
5	ਇਲੈਕਟ੍ਰਿਸਨ	5
6	ਫਿਟਰ ਕੁਲੀ	37
7	ਮਾਲੀ ਕਮ ਚੋਕੀਦਾਰ	46
8	ਟਿਊਬਵੈਲ ਡਰਾਇਵਰ/ ਟੈਕਨੀਸ਼ਅਨ	95
9	ਸੇਵਾਦਾਰ	10
	ਕੁੱਲ ਜ਼ੋੜ	**224**

ਲੜੀ ਨੰ:	**ਵਰਦੀਆ**	**ਰੇਟ**	**ਸਮਾਂ**
1	ਗਰਮੀਆਂ ਦੀਆ ਵਰਦੀਆਂ	594/-	3 ਸਾਲ
2	ਸਰਦੀਆਂ ਦੀਆਂ ਵਰਦੀਆਂ	500/-	3 ਸਾਲ
3	ਸਿਲਾਈ ਸਰਦੀਆਂ ਦੀਆਂ ਵਰਦੀਆਂ ਦੀ	232/-	3 ਸਾਲ
4	ਜ਼ਰਸੀਆਂ	113/-	1 ਸਾਲ
5	ਬੁਟਾਂ ਦੇ ਰੇਟ 96.37×3=	289/-	1 ਸਾਲ
	ਜ਼ੋੜ	**1728/-**	

ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰਬਰ ਅੰ.ਵਿ.ਪੋ.ਨੰ: 7/4/94-1ਸ/277-280 ਮਿਤੀ 20.06.2012 ਰਾਹੀ ਪੰਜਾਬ ਸਰਕਾਰ ਦੇ ਗਰੁਪ ਡੀ (ਦਰਜਾ 4) ਕਰਮਚਾਰੀਆਂ ਦੀਆਂ ਵਰਦੀਆਂ ਦੇ ਰੇਟ ਵਿੱਚ ਦੁਗੱਣਾ ਵਾਧਾ ਕੀਤਾ ਹੈ । ਇਥੇ ਵਰਨਣ ਯੋਗ ਹੈ ਕਿ ਉਪਰੋਕਤ ਕਰਮਚਾਰੀਆਂ ਨੂੰ ਪਹਿਲਾ ਠੰਡੀਆਂ ਅਤੇ ਗਰਮ ਵਰਦੀਆਂ ਦੀ ਅਦਾਇਗੀ 10/2012 ਨੂੰ ਕੀਤੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰੇਕ ਤਿਨਾਂ ਸਾਲਾ ਬਾਅਦ ਗਰਮ ਅਤੇ ਠੰਡੀਆਂ ਵਰਦੀਆਂ ਦੀ ਅਦਾਇਗੀ ਕੀਤੀ ਜਾਂਦੀ ਹੈ। ਨਗਰ ਨਿਗਮ ਜਲੰਧਰ ਦੇ ਵਾਟਰ ਸਪਲਾਈ ਸ਼ਾਖਾ ਦੇ ਦਰਜਾ-4 ਅਤੇ ਟੈਕਨੀਕਲ ਦਰਜਾ-3 ਦੇ ਕਰਮਚਾਰੀਆਂ ਨੂੰ 10/2015 ਵਿੱਚ ਵਰਦੀਆਂ ਦੇਣੀਆਂ ਬਣਦੀਆਂ ਹਨ। ਇਸ ਲਈ ਨਗਰ ਨਿਗਮ ਦੇ ਵਾਟਰ ਸਪਲਾਈ ਸ਼ਾਖਾ ਦੇ ਦਰਜਾ-4 ਅਤੇ ਟੈਕਨੀਕਲ ਦਰਜਾ-3 ਦੇ ਕਰਮਚਾਰੀਆਂ ਦੀ ਗਰਮ ਅਤੇ ਠੰਡੀਆਂ ਵਰਦੀਆਂ ਦੀ ਰਕਮ ਰੂ: 1728×2= 3456×224=7,74,145/- ਦਾ ਖਰਚਾ ਆਵੇਗਾ। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ।

ਜਿਸ ਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਅਪਣੇ ਨੋਟ ਮਿਤੀ 17/12/2015 ਰਾਂਹੀ ਕੇਸ ਨਗਰ ਨਿਗਮ ਹਾਉਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਫੈਸਲਾ ਲੈਣ ਲਈ ਭੇਜਣ ਦੀ ਸਿਫ਼ਾਰਸ ਕੀਤੀ ਗਈ।ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁੱਕਮ ਮਿਤੀ 08/01/2016 ਰਾਂਹੀ ਉਕਤ ਤਜਵੀਜ ਨੂੰ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮਾਂ ਰਾਂਹੀ ਤਜਵੀਜ ਨਗਰ ਨਿਗਮ ਹਾਉਸ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 7

ਵਿਸ਼ਾ:- ਦਰਜਾ ਚਾਰ ਕਰਮਚਾਰੀਆਂ ਨੂੰ ਸਾਲ 2013-14 ਅਤੇ 2014-15 ਦਾ ਸਾਬਣ ਅਤੇ ਤੇਲ ਦੇਣ ਬਾਰੇ।

ਪੜ੍ਹਿਆ ਨੋਟ ਸੁਪਰਡੰਟ ਸਟੋਰ (ਜ) ਮਿਤੀ 19.1.2016 ਜਿਸ ਨਾਲ ਸੰਯੁਕਤ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਵ੍ਹਿਚ ਕੰਮ ਕਰ ਰਹੇ ਸਫਾਈ/ਸੇਵੀਕਾਵਾਂ ਅਤੇ ਹੋਰ ਦਰਜਾ 3 ਅਤੇ 4 ਕਰਮਚਾਰੀਆ ਨੂੰ 31-03-2013 ਤੱਕ ਸਾਬਣ ਅਤੇ ਸਰਸੋ ਦਾ ਤੇਲ ਵੱਡਿਆ ਜਾ ਚੱਕਾ ਹੈ। ਹੁਣ ਇਨ੍ਹਾਂ ਕਰਮਚਾਰੀਆਂ ਨੂੰ ਮਿਤੀ 01-04-2013-2014 ਅਤੇ 2014-2015 ਅਤੇ ਤੱਕ ਲਾਈਫ ਬੋਆਏ ਸਾਬਣ ਅਤੇ ਸਰਸੋਂ ਦਾ ਤੇਲ ਦੇਣਾ ਬਣਦਾ ਹੈ।

ਇਥੇ ਇਹ ਦੱਸਿਆ ਜਾਂਦਾ ਹੈ ਕਿ ਜਿਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਦੇ ਮਤਾਂ ਨੰਬਰ 26 ਮਿਤੀ 08.05.2015 ਅਨੁਸਾਰ ਇਹ ਫੈਸਲਾ ਕੀਤਾ ਗਿਆ ਕਿ ਸਾਬਣ ਅਤੇ ਤੇਲ ਦੀ ਸਪਲਾਈ ਟ੍ਹੈਂਡਰ ਕਾਲ ਕਰਨ ਉਪਰੰਤ ਸਪਲਾਈ ਲਈ ਜਾਵੇ ਇਸ ਸਬੰਧ ਵਿਚ ਦਰਜਾ 3 ਅਤੇ 4 ਕਰਮਚਾਰੀਆਂ ਨੂੰ ਸਾਬਣ ਅਤੇ ਤੇਲ ਖਰੀਦ ਕਰਾਉਣ ਲਈ ਤਖਮੀਨਾਂ ਰੁਪਏ 78,99,000/- ਦਾ ਜਨਰਲ ਸਟੋਰ ਵੱਲੋ ਤਿਆਰ ਕੀਤਾ ਗਿਆ ਸੀ, ਇਸ ਕੰਮ ਦੇ ਟੈਂਡਰ ਮਿਤੀ 30-07-2015 ਈ- ਟੈਂਡਰਿੰਗ ਅਤੇ ਅਖਬਾਰਾਂ ਰਾਹੀ ਮੰਗੇ ਗਏ ਕੋਈ ਟੈਂਡਰ ਵਸੂਲ ਨਹੀ ਪਾਇਆ ਗਿਆ। ਕੰਮ ਦੇ ਦੁਬਾਰਾ ਮਿਤੀ 23-12-215 ਨੂੰ ਈ- ਟੈਂਡਰਿੰਗ ਰਾਹੀ ਮੰਗੇ ਗਏ ਤੇ ਇਕ ਟੈਂਡਰ ਪ੍ਰਾਪਤ ਹੋਇਆ ਜਿਸ ਵਿੱਚ ਠੇਕੇਦਾਰ ਦੇ ਰੇਟ ਹੇਠ ਲਿਖੇ ਅਨੁਸਾਰ ਹੈ:-

ਸਾਬਣ ਲਾਈਫ ਬੋਆਏ

140832×2 Cake (120 Cake per Box)=2348 Boxes xRs. 2800/- per Box = 65,74,400/-

ਸਰਸੋ ਦਾ ਤੇਲ

8430x2 Kg(15Kg Per Tin)= 1124 tin x Rs 2000/- Per Tin =22,48,000/-

Total = 88,22,400/-

ਠੇਕੇਦਾਰ ਵਲੋ ਰੇਟ ਰੁਪਏ 88,22,400/- ਵਿੱਚ ਸਪਲਾਈ ਦੇਣ ਲਈ ਭਰਿਆ ਹੈ ਜ਼ੋ ਕਿ ਤਖਮੀਨੇ ਤੋ 11.66% ਵੱਧ ਪਾਇਆ ਗਿਆ ਹੈ ਕਿਉ ਜ਼ੋ ਟੈਂਡਰ ਰੇਟ ਤਖਮੀਨੇ ਤੋ ਬਹੁਤ ਜਿਆਦਾ ਆਇਆ ਹੈ।

ਇਥੇ ਇਹ ਦੱਸਣਯੋਗ ਹੈ ਕਿ ਉਕਤ ਕੰਮ ਦੇ ਰੇਟ ਘੱਟ ਕਰਨ ਲਈ ਠੇਕੇਦਾਰ ਨੂੰ ਨੈਗੋਸੇਸ਼ਨ ਵਾਸਤੇ ਦਫਤਰ ਬੁਲਾਇਆ ਗਿਆ, ਪਰ ਠੇਕੇਦਾਰ ਨੇ ਅਪਣੇ ਪਹਿਲੇ ਦਿੱਤੇ ਗਏ ਰੇਟਾਂ ਤੋ 1% ਹੋਰ ਘਟਾਉਣ ਅਤੇ ਮਾਲ ਦੀ ਸਪਲਾਈ ਦੇਣ ਤੋ 15 ਦਿਨਾਂ ਦੇ ਵਿੱਚ ਅਪਣੀ ਐਡਵਾਂਸ ਅਦਾਇਗੀ ਦੀ ਮੰਗ ਕੀਤੀ ਹੈ।ਠੇਕੇਦਾਰ ਵਲੋ ਭਰੇ ਗਏ ਰੇਟਾ ਅਨੁਸਾਰ ਰੂ: 88,20,160/-ਹੈ।

ਜੇਕਰ ਉਚ ਅਧਿਕਾਰੀ ਸਹਿਮਤ ਹੋਣ ਤਾਂ ਸਾਲ 2012-13 ਦੀ ਤਰ੍ਹਾਂ ਇਸ ਵਾਰ ਵੀ ਸਰਸੋ ਦਾ ਤੇਲ ਮਾਰਕਫੈਡ ਕੰਪਨੀ ਜ਼ੋ ਕਿ Govt. Concern ਹੈ ਅਤੇ ਲਾਈਫ ਬੋਆਏ ਸਾਬਣ ਹਰ ਸਾਲ ਦੀ ਤਰ੍ਹਾਂ Jalandhar Sales 29 Gopal Nagar Jal ਤੋ ਖਰੀਦਿਆ ਜਾਣਾ ਹੈ ਜ਼ੋ ਕਿ Hindustan Unilever ਲਾਈਫ ਬੋਆਏ ਸਾਬਣ ਬਣਾਉਣ ਦਾ Authorized Dealer ਹੈ, ਜਿਸ ਵਲੋ ਸਾਬਣ ਕੰਪਨੀ ਦੇ ਨਿਰਧਾਰਿਤ ਰੇਟਾਂ ਤੇ ਹੀ ਦਿੱਤਾ ਜਾਂਦਾ ਹੈ। Markfed Company ਅਤੇ Jalandhar Sales ਦੀਆਂ ਸ਼ਰਤਾ ਅਨੁਸਾਰ ਨਗਦ ਅਦਾਇਗੀ ਕਰਨ ਤੇ ਹੀ ਲਾਈਫ ਬੋਆਏ ਸਾਬਣ ਅਤੇ ਸਰਸੋ ਤੇਲ ਦੀ ਸਪਲਾਈ ਕੀਤੀ ਜਾਵੇਗੀ। ਕੰਪਨੀਆਂ ਕੋਲੋ ਪ੍ਰਾਪਤ ਕੁਟੇਸ਼ਨਾਂ ਅਨੁਸਾਰ ਸਫਾਈ ਸੇਵਕਾਂ/ਸੇਵੀਕਾਵਾਂ ਅਤੇ ਹੋਰ ਦਰਜਾ 3 ਅਤੇ 4 ਕਰਮਚਾਰੀਆਂ ਨੂੰ ਸਾਲ 2013-14 ਅਤੇ 2014-15 ਦਾ ਸਾਬਣ ਅਤੇ ਸਰਸੋ ਦਾ ਤੇਲ ਦੀ ਖਰੀਦ ਤੇ ਹੇਠ ਲਿਖਤ ਅਨੁਸਾਰ ਖਰਚਾ ਆਵੇਗਾ:-

ਸਾਲ 2013-14 ਅਤੇ 2014-15

1) **ਲਾਈਫ ਬੋਆਏ ਸਾਬਣ**

2934×48 cake ਪ੍ਰਤੀ ਕਰਮਚਾਰੀ

(ਮਿਤੀ 01-04-2013 ਤੋ 31-03-2014 ਤੱਕ) = 140832 ਕੇਕ

(ਮਿਤੀ 01-04-2014 ਤੋ 31-03-2015 ਤੱਕ) = 140832 ਕੇਕ

ਸਾਬਣ ਲਾਈਫ ਬੋਆਏ

140832×2 Cake (120 Cake per Box)=2348 Boxes xRs.2611.11/- per Box = 61,30,862.28/

2) **ਸਰਸੋ ਦਾ ਤੇਲ**

2810 ਕਰਮਚਾਰੀ ×3 ਕਿਲੋਗ੍ਰਾਮ ਪ੍ਰਤੀ ਕਰਮਚਾਰੀ

(ਮਿਤੀ 01-04-2013 ਤੋ 31-03-2014 ਤੱਕ) = 8430.00 ਕਿਲੋ ਗ੍ਰਾਮ

(ਮਿਤੀ 01-04-2014 ਤੋ 31.03.2015 ਤੱਕ) = 8430.00 ਕਿਲੋ ਗ੍ਰਾਮ

ਸਰਸੋ ਦਾ ਤੇਲ

ਸਰਸੋ ਦਾ ਤੇਲ ਦਾ ਰੇਟ ਵੱਧ ਗਿਆ ਹੈ ਇਸ ਲਈ ਵਧੇ ਹੋਏ ਰੇਟ ਮੁਤਾਬਿਕ

8430x2 Kg (15Kg Per Tin)= 1124 tin x Rs 1812.60/- Per Tin =20,37,362.40/-

Total = 81,68,225/-

ਸਿਧੇ ਤੋਰ ਤੇ ਸਪਲਾਈ ਲੈਣ ਤੇ ਰੂ: 81,68,224.68 ਦੀ ਸਪਲਾਈ ਦਿੱਤੀ ਜਾਵੇਗੀ ਇਸ ਸਿਧੇ ਤੋਰ ਤੇ ਸਪਲਾਈ ਲੈਣ ਨਾਲ ਰੂ: 6,51,935.32/- ਦੀ ਨਗਰ ਨਿਗਮ ਨੂੰ ਬੱਚਤ ਹੋਵੇਗੀ ਇਸ ਲਈ ਯੋਗ ਹੋਵੇਗਾ ਕਿ ਡੀਲਰਾ ਵਲੋ ਇਹ ਸਪਲਾਈ ਸਿਧੇ ਤੋਰ ਤੇ ਲਈ ਜਾਵੇ। ਇਸ ਲਈ ਇਹ ਕੇਸ ਨਗਰ ਨਿਗਮ ਹਾਊਸ ਵਿੱਚ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 25.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਨਾਲ ਤਜਵੀਜ ਹਾਊਸ ਵਿਚ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 8

ਵਿਸ਼ਾ: ਸ੍ਰੀ ਮਨੋਹਰ ਲਾਲ ਉਰਫ ਗੋਗੀ, ਸਫਾਈ ਸੇਵਕ (ਸੇਵਾਮੁੱਕਤ) ਦੀ ਪ੍ਰੋਵਿਜ਼ਨਲ ਪੈਨਸ਼ਨ ਤੋਂ ਪੂਰੀ ਪੈਨਸ਼ਨ ਕਰਨ ਅਤੇ ਡਰਾਇਵਰਾਂ ਦੇ ਲਾਇਸੰਸ ਟਰਾਂਸਪੋਰਟ ਵਿਭਾਗ ਤੋਂ ਤਸਦੀਕ ਕਰਵਾਉਣ ਸਬੰਧੀ ।

ਪੜ੍ਹਿਆ ਦਫਤਰੀ ਨੋਟ ਸਿਹਤ ਸ਼ਾਖਾ ਜਿਸ ਨਾਲ ਸਹਾਇਕ ਸਿਹਤ ਅਫਸਰ ਨੇ ਮਿਤੀ 8.5.2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ ਕਿ ਸ਼੍ਰੀ ਮਨੋਹਰ ਲਾਲ ਉਰਫ ਗੋਗੀ ਮਿਤੀ 10.10.1972 ਨੂੰ ਨਗਰ ਨਿਗਮ ਦੀ ਸੇਵਾ ਵਿਚ ਬਤੋਰ ਸਫਾਈ ਸੇਵਕ ਭਰਤੀ ਹੋਇਆ ਸੀ। ਮਿਤੀ 10.09.1983 ਨੂੰ ਪਿਕ ਅਪ ਵੈਨ ਤੇ ਵਾਟਰ ਸਪਵਾਈ ਵਿੱਚ ਬਤੋਰ ਡਰਾਇਵਰ ਪੱਦ ਉਨਤ ਹੋਇਆ ਅਤੇ ਮਿਤੀ 14.09.1983 ਨੂੰ ਇਸ ਦੀ ਬਦਲੀ ਸਿਹਤ ਸ਼ਾਖਾ ਵਿੱਚ ਕਰ ਦਿੱਤੀ ਗਈ। ਜਿਸ ਤਰ੍ਹਾਂ ਉਹ ਸਿਹਤ ਸ਼ਾਖਾ ਵਿੱਚ ਡਰਾਇਵਰ ਦੀ ਡਿਊਟੀ ਕਰਦਾ ਰਿਹਾ । ਮਿਤੀ 17.11.2009 ਨੂੰ ਇਹ ਕਰਮਚਾਰੀ ਟਰੱਕ ਲੈ ਕੇ ਕੱਚਰਾ ਚੁੱਕਣ ਗਿਆ ਤਾਂ ਉਸ ਪਾਸੋਂ ਇਕ ਐਕਸੀਡੈਂਟ ਹੋ ਗਿਆ ਜਿਸ ਵਿੱਚ ਸ਼੍ਰੀ ਪੰਕਜ ਕੁਮਾਰ ਦੇ ਸੱਟ ਲਗ ਗਈ। ਸ਼੍ਰੀ ਪੰਕਜ ਕੁਮਾਰ ਨੇ ਮਾਨਯੋਗ ਕੋਰਟ ਵਿੱਚ ਕੇਸ ਕਰ ਦਿੱਤਾ। ਜਿਸ ਦਾ ਫੈਸਲਾ ਮਿਤੀ 13.10.2011 ਨੂੰ ਹੋ ਗਿਆ। ਕੋਰਟ ਦੇ ਫੈਸਲੇ ਅਨੁਸਾਰ ਨਗਰ ਨਿਗਮ, ਬੀਮਾ ਕੰਪਨੀ ਅਤੇ ਸ਼੍ਰੀ ਮਨਹੋਰ ਲਾਲ ਨੂੰ ਰੁਪੈ 50,000/- +1000- ਕੋਂਸਲ ਫੀਸ + 7.50 % ਦਰ ਨਾਲ ਵਿਆਜ ਰੁਪੈ 7634.00 ਕੁਲ 58634/- ਮੁਆਵਜਾ ਦੇਣ ਦੇ ਹੁਕਮ ਦਿੱਤੇ। ਪਰ ਇਹ ਕਰਮਚਾਰੀ ਮਿਤੀ 31.05.2010 ਵਿਚ ਸੇਵਾ ਮੁਕਤ ਹੋ ਗਿਆ ਸੀ। ਇਸ ਕਰਮਚਾਰੀ ਦੀ ਗਰੈਚੁਟੀ ਰੋਕ ਲਈ ਗਈ ਸੀ। ਜਿਸ ਦੀ ਅਦਾਇਗੀ ਸਮੇਂ ਸ਼੍ਰੀ ਮਨਹੋਰ ਲਾਲ ਵਲੋਂ ਲਿਖ ਕੇ ਦਿੱਤਾ ਗਿਆ ਕਿ ਰੁਪੈ 58634/- ਉਸ ਦੀ ਗਰੈਚੁਟੀ ਵਿਚੋਂ ਕਟ ਲਏ ਜਾਨ ਅਤੇ ਕੋਰਟ ਦੀ ਅਦਾਇਗੀ ਕਰ ਦਿੱਤੀ ਜਾਵੇ। ਆਡਿਟ ਵਲੋਂ ਰੈਕੂਜਿਸ਼ਨ ਨੰ: 43, ਮਿਤੀ 19.10.2012 ਲਗਾਈ ਗਈ, ਕਿ ਸੇਵਾ ਮੁਕਤ ਕਰਮਚਾਰੀ ਵਲੋਂ ਜਾਅਲੀ ਲਾਈਸੈਂਸ ਪੇਸ਼ ਕਰਣ ਸਬੰਧੀ ਇਸ ਦੇ ਵਿਰੁੱਧ ਕਾਰਵਾਈ ਕੀਤੀ ਜਾਵੇ। ਲੋਕਲ ਅਡਿਟ ਵਲੋਂ ਇਹ ਇਤਰਾਜ ਲਗਾਇਆ ਗਿਆ ਹੈ ਕਿ ਇਸ ਕਰਮਚਾਰੀ ਨੂੰ ਪੂਰੀ ਪੈਨਸ਼ਨ ਦੇਣ ਸਬੰਧੀ ਅਤੇ ਜਾਅਲੀ ਲਾਈਸੈਂਸ ਨਾਲ ਕੀਤੀ ਗਈ ਨਿਗਮ ਦੀ ਸਰਵਿਸ ਵੇਰਵੇ ਸਹਿਤ ਉਲੇਖ ਕਰਦੇ ਹੋਏ ਅਨੁਸ਼ਾਸ਼ਨਿਕ ਕਾਰਵਾਈ ਕਰਨ ਜਾਂ ਨਾ ਕਰਨ ਸਬੰਧੀ ਨਿਗਮ ਹਾਊਸ ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ।

ਆਡਿਟ ਨੋਟ ਮਿਤੀ 26.03.2015 ਅਤੇ ਦਫ਼ਤਰ ਦੇ ਨੋਟ ਮਿਤੀ 20.05.2015 ਅਨੁਸਾਰ ਜਿਹਨੇ ਡਰਾਇਵਰ ਨਗਰ ਨਿਗਮ ਜਲੰਧਰ ਦੇ ਵਾਹਨ ਚਲਾਉਦੇ ਹਨ, ਉਹਨਾਂ ਡਰਾਇਵਰਾਂ ਦੇ ਲਾਈਸੈਸਾਂ ਦੀ ਟਰਾਂਸਪੋਰਟ ਵਿਭਾਗ ਤੋਂ ਵੈਰੀਫਿਕੇਸ਼ਨ ਕਰਵਾ ਲਈ ਜਾਵੇ ਤਾਂ ਜੋ ਉਹਨਾਂ ਦੀ ਉਚਿਚਤਾ ਚੈਕ ਹੋ ਸਕੇ ਅਤੇ ਕੋਈ ਅਣਸ਼ੁਖਾਵੀਂ ਘਟਨਾ ਵਾਪਰਣ ਤੇ ਨਗਰ ਨਿਗਮ ਨੂੰ ਭਵਿੱਖ ਵਿਚ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰਵਾਨ ਹੋਵੇ ਤਾਂ ਸੇਵਾ ਮੁਕਤ ਕਰਮਚਾਰੀ ਸ਼੍ਰੀ ਮਨਹੋਰ ਲਾਲ, ਡਰਾਇਵਰ ਨੂੰ ਤਾੜਣਾ ਕਰਣ ਅਤੇ ਉਸਦੀ ਪ੍ਰੋਵਿਜਨਲ ਪੈਂਨਸ਼ਨ ਤੋਂ ਪੂਰੀ ਪੈਂਨਸ਼ਨ ਕਰਣ ਲਈ ਅਤੇ ਨਗਮ ਨਿਗਮ ਵਿਚ ਕੰਮ ਕਰ ਰਹੇ ਸਾਰੇ ਡਰਾਇਵਰਾਂ ਦੇ ਲਾਈਸੈਂਸ ਟਰਾਂਸਪੋਰਟ ਵਿਭਾਗ ਤੋਂ ਵੇਰੀਫਾਈ ਕਰਵਾਉਣ ਲਈ ਹਾਊਸ ਤੋਂ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇ ਤਾਂ ਜੋ ਆਡਿਟ ਤੋਂ ਰੈਕੂਜੀਸ਼ਨ ਕਟਵਾਈ ਜਾ ਸਕੇ ਅਤੇ ਮਿਤੀ 31.05.2010 ਨੂੰ ਰਿਟਾਇਰ ਹੋਏ ਕਰਮਚਾਰੀ ਨੂੰ ਬਾਕੀ ਰਹਿੰਦੀ 25% ਬਣਦੀ ਪੈਂਨਸ਼ਨ ਦੀ ਅਦਾਇਗੀ ਕੀਤੀ ਜਾ ਸਕੇ। ਸੰਯੁਕਤ ਕਮਿਸ਼ਨਰ ਨੇ ਮਿਤੀ 27.5.2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 10.6.2015 ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਤਸਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.6.2015 ਰਾਹੀਂ ਤਜ਼ਵੀਜ਼ ਹਾਊਸ ਵਿਚ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 9

ਵਿਸ਼ਾ: ਸ਼੍ਰੀ ਬਾਸਦੇਵ ਫਾਇਰਮੈਨ ਨੂੰ ਇਲਾਜ ਵਾਸਤੇ ਰੁਪਏ 3.5 ਲੱਖ ਆਰਜੀ ਅਡਵਾਂਸ ਦੇਣ ਬਾਰੇ।

ਪੜਿਆ ਨੋਟ ਫਾਇਰ ਬ੍ਰਿਗੇਡ ਸ਼ਾਖਾ ਜਿਸ ਨਾਲ ਏ.ਡੀ.ਐਫ.ਓ. ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਮਿਤੀ 23-1-2016 ਨੂੰ ਸਵੇਰੇ ਕਪੜੇ ਦੇ ਸ਼ੋਰੂਮ ਮੈਸਰਜ ਮੇਡੇਲਾ ਸ਼ਾਪ, ਮਾਡਲ ਟਾਊਨ, ਜੰਲਧਰ ਅੱਗ ਲਗੀ ਸੀ। ਉਸ ਅੱਗ ਨੂੰ ਬੁਝਾਂਦੇ ਸਮੇਂ **ਸ਼੍ਰੀ ਬਾਸਦੇਵ ਫਾਇਰਮੈਨ** ਦੇ ਅੰਦਰ ਜਿਆਦਾ ਧੂੰਆਂ ਜਾਣ ਕਾਰਨ ਉਹ ਬੇਹੋਸ਼ ਹੋ ਗਿਆ। ਉਸ ਨੂੰ ਤੁੰਰਤ ਡਾਕਟਰੀ ਸਹਾਇਤਾ ਲਈ **ਗਲੋਬਲ ਹਸਪਤਾਲ, ਲਿੰਕ ਰੋਡ, ਜੰਲਧਰ** ਦਾਖਲ ਕਰਵਾਇਆ ਗਿਆ ਅਤੇ ਟੈਸਟਾਂ ਉਪਰੰਤ ਡਾਕਟਰਾਂ ਵਲੋਂ ਦੱਸਿਆ ਗਿਆ ਹੈ ਕਿ ਉਸ ਦੇ ਹਾਰਟ ਤੇ ਅਸਰ ਹੋਇਆ ਹੈ ਅਤੇ ਹਾਰਟ ਨੂੰ ਖੂਨ ਦੀ ਸਪਲਾਈ ਵਾਲੀਆਂ ਨਾੜਾਂ ਵਿੱਚ ਬਲਾਕਜ ਆ ਗਈ ਹੈ ਅਤੇ ਹੁਣ ਉਸ ਦਾ ਆਪਰੇਸ਼ਨ ਕਰਕੇ ਸਟੰਟ ਪਾਏ ਜਾਣੇ ਹਨ।

ਸ਼੍ਰੀ ਬਾਸਦੇਵ ਫਾਇਰਮੈਨ ਵਲੋਂ ਬੇਨਤੀ ਪੱਤਰ ਦਿੱਤਾ ਹੈ ਅਤੇ ਇਸ ਦੇ ਨਾਲ ਗਲੋਬਲ ਹਸਪਤਾਲ, ਲਿੰਕ ਰੋਡ, ਜੰਲਧਰ ਦਾ ਇਲਾਜ ਲਈ ਐਸਟੀਮੇਟ ਦਿੱਤਾ ਹੈ। ਜਿਸ ਅਨੁਸਾਰ ਸਾਰੇ ਇਲਾਜ ਲਈ ਲਗਭਗ ਰੁਪਏ 3,46,700/- ਖਰਚ ਹੋਣ ਦੀ ਸੰਭਾਵਨਾ ਹੈ।ਇਸ ਲਈ ਸ਼੍ਰੀ ਬਾਸਦੇਵ ਫਾਇਰਮੈਨ ਦੀ ਬੇਨਤੀ ਤੇ ਉਸਨੂੰ **3.5 ਲੱਖ** ਆਰਜੀ ਅਡਵਾਂਸ ਦਿੱਤਾ ਜਾਵੇ। ਆਰਜੀ ਅਡਵਾਂਸ ਹਸਪਤਾਲ ਤੋਂ ਪ੍ਰਾਪਤ ਹੋਣ ਵਾਲੇ ਬਿੱਲਾਂ ਰਾਹੀਂ ਅਡਜਸਟ ਕਰਵਾ ਦਿੱਤਾ ਜਾਵੇਗਾ। ਇਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ ।ਇਸ ਨਾਲ ਸੰਯੁਕਤ ਕਮਿਸ਼ਨਰ (ਡੀ) ਨੇ ਸਹਿਮਤੀ ਹਸਤਾਖਰ ਕੀਤੇ ਹਨ।ਕਮਿਸ਼ਨਰ ਜੀ ਦੀ ਪ੍ਰਵਾਨਗੀ ਮਿਤੀ 25-1-2016 ਅਨੁਸਾਰ ਕੇਸ ਨੂੰ ਨਗਰ ਨਿਗਮ ਹਾਊਸ ਵਿੱਚ ਰੱਖਣ ਲਈ ਸਿਫਾਰਿਸ਼ ਕੀਤੀ ਹੈ।ਮੇਅਰ ਜੀ ਨੇ ਆਪਣੇ ਹੁਕਮਾਂ ਰਾਹੀਂ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 10

ਵਿਸ਼ਾ: ਸ੍ਰੀਮਤੀ ਸੁਰਿੰਦਰ ਕੌਰ, ਕਲੱਰਕ, (ਸੇਵਾਮੁਕਤ) ਨੂੰ ਮਿਤੀ: 01.01.2012 ਤੋਂ ਜੂਨੀਅਰ ਸਹਾਇਕ ਬਣਾਉਣ ਬਾਰੇ- ਨਗਰ ਨਿਗਮ ਦੇ ਮਤਾ ਨੰ: 25 ਮਿਤੀ 24.1.2014 ਵਿੱਚ ਸੋਧ ਕਰਨ ਸਬੰਧੀ ।

ਪੜ੍ਹਿਆ ਦਫਤਰੀ ਨੋਟ ਅਮਲਾ ਸ਼ਾਖਾ ਮਿਤੀ 16.6.2015 ਜਿਸ ਨਾਲ ਸੁਪਰਡੰਟ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਸ੍ਰੀਮਤੀ ਸੁਰਿੰਦਰ ਕੌਰ ਪਤਨੀ ਸ੍ਰੀ ਰਵਿੰਦਰ ਸਿੰਘ ਪੁੱਤਰੀ ਸ੍ਰੀ ਮੋਹਨ ਸਿੰਘ, ਸੇਵਾਮੁਕਤ ਕਲੱਰਕ ਨੇ ਦਰਖਾਸਤ (ਮੇਨ ਡਾਇਰੀ ਰਸੀਟ ਨੰ: 4115 ਮਿਤੀ: 17.03.2015) ਰਾਂਹੀ ਬੇਨਤੀ ਕੀਤੀ ਹੈ ਕਿ ਉਸ ਨੂੰ ਮਿਤੀ: 01.01.2012 ਤੋਂ ਜੂਨੀਅਰ ਸਹਾਇਕ ਬਣਾਇਆ ਜਾਵੇ ਕਿਉਕਿ ਉਹ ਮਿਤੀ: 30.04.2012 ਨੂੰ ਸੇਵਾ ਤੋ ਮੁਕਤ ਹੋਈ ਹੈ ਅਤੇ 01.01.2012 ਨੂੰ ਉਹ ਨਗਰ ਨਿਗਮ, ਜਲੰਧਰ ਦੀ ਨੌਕਰੀ ਵਿਚ ਸੀ।

ਸੇਵਾਮੁਕਤ ਕਰਮਚਾਰਣ ਦੀ ਇਹ ਮੰਗ ਜਾਇਜ ਹੈ, ਜਿਸ ਦਾ ਲਾਭ ਉਸ ਨੂੰ ਦੇਣਾ ਬਣਦਾ ਹੈ। ਨਗਰ ਨਿਗਮ,ਜਲੰਧਰ ਵਲੋਂ ਮਤਾ ਨੰ: 25 ਮਿਤੀ: 24.01.2014 ਰਾਂਹੀ ਨਗਰ ਨਿਗਮ ਵਿਚ ਕੰਮ ਕਰ ਰਹੇ ਕਲਰਕਾਂ ਵਿਚੋਂ ਸੀਨੀਆਰਤਾ ਅਨੁਸਾਰ ਜੂਨੀਅਰ ਸਹਾਇਕ ਬਣਾਏ ਗਏ ਸਨ। ਸੀਨੀਆਰਤਾ ਸੂਚੀ ਅਨੁਸਾਰ ਲੜੀ ਨੰ: 1 ਤੋ 74 ਤੱਕ ਦੇ ਕਲੱਰਕਾਂ ਨੂੰ ਜੂਨੀਅਰ ਸਹਾਇਕ ਬਣਾਇਆ ਗਿਆ ਪਰੰਤੂ ਲੜੀ ਨੰ: 73 ਤੇ ਸ੍ਰੀਮਤੀ ਸੁਰਿੰਦਰ ਕੌਰ ਨੂੰ ਸੇਵਾਮੁਕਤ ਹੋਣ ਕਾਰਣ ਇਹ ਲਾਭ ਨਹੀ ਦਿੱਤਾ ਗਿਆ ਅਤੇ ਇਸ ਕਰਮਚਾਰਣ ਤੋਂ ਅਗਲੇ ਕਲੱਰਕ ਸ੍ਰੀ ਮੰਗਤ ਰਾਮ ਨੂੰ ਮਿਤੀ: 01.01.2012 ਤੋਂ ਜੂਨੀਅਰ ਸਹਾਇਕ ਬਣਾ ਦਿੱਤਾ ਗਿਆ।

ਬਿਲ ਕਲਰਕ ਜਨਰਲ ਵਲੋਂ ਆਪਣੀ ਰਿਪੋਰਟ ਮਿਤੀ: 23.04.2015 ਨੂੰ ਕੀਤੀ ਗਈ ਰਿਪੋਰਟ ਵਿਚ ਲਿਖਿਆ ਹੈ ਕਿ ਆਡਿਟ ਨਾਲ ਕੇਸ ਵਿਚਾਰ ਕਰਨ ਉਪਰੰਤ ਆਡਿਟ ਵਲੋਂ ਲਿਖਤ ਰਿਪੋਰਟ ਮਿਤੀ: 15.09.2014 ਰਾਂਹੀ ਸਲਾਹ ਦਿੱਤੀ ਗਈ ਹੈ ਕਿ ਸ੍ਰੀਮਤੀ ਸੁਰਿੰਦਰ ਕੋਰ ਨੂੰ ਜੂਨੀਅਰ ਸਹਾਇਕ ਦੀ ਆਸਾਮੀ ਦਾ ਬਣਦਾ ਲਾਭ ਦੇਣ ਲਈ ਮਤਾ ਨੰ: 25 ਮਿਤੀ 24.01.2014 ਵਿੱਚ ਸੋਧ ਕਰਨ ਸਬੰਧੀ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇ। ਸ੍ਰੀਮਤੀ ਸੁਰਿੰਦਰ ਕੌਰ ਸੇਵਾ ਮੁਕਤ ਕਲਰਕ ਨੂੰ ਵੀ ਮਿਤੀ: 01.01.2012 ਤੋਂ ਜੂਨੀਅਰ ਸਹਾਇਕ ਦਾ ਲਾਭ ਦੇਣਾ ਬਣਦਾ ਹੈ ਕਿਉ ਜ਼ੋ ਜਿਸ ਮਿਤੀ ਤੋਂ ਜੂਨੀਅਰ ਸਹਾਇਕ ਬਣਾਏ ਗਏ ਸਨ ਉਸ ਮਿਤੀ ਨੂੰ ਉਹ ਆਪਣੀ ਡਿਊਟੀ ਤੇ ਹਾਜਰ ਸੀ। ਇਸ ਲਈ ਮਿਤੀ: 01.01.2012 ਤੋਂ ਸ੍ਰੀਮਤੀ ਸੁਰਿੰਦਰ ਕੌਰ, ਸੇਵਾਮੁਕਤ ਕਲਰਕ ਨੂੰ ਜੂਨੀਅਰ ਸਹਾਇਕ ਦਾ ਲਾਭ ਦਿੱਤਾ ਜਾਣਾ ਬਣਦਾ ਹੈ। ਇਸ ਉਪਰੰਤ ਉਸ ਦੀ ਸੇਵਾਮੁਕਤੀ ਮਿਤੀ: 30.04.2012 ਤੋਂ ਬਾਅਦ ਹੀ ਉਸ ਤੋਂ ਅਗਲੇ ਕਲਰਕ ਸ੍ਰੀ ਮੰਗਤ ਰਾਮ, ਕਲਰਕ ਮਿਤੀ: 01.05.2012 ਤੋਂ ਜੂਨੀਅਰ ਸਹਾਇਕ ਦੇ ਲਾਭ ਦਾ ਹੱਕਦਾਰ ਹੈ।

ਉਪਰੋਕਤ ਤੱਥਾਂ ਨੂੰ ਮੁੱਖ ਰਖਦੇ ਹੋਏ ਸ੍ਰੀਮਤੀ ਸੁਰਿੰਦਰ ਕੌਰ ਨੂੰ ਮਿਤੀ: 01.01.2012 ਤੋਂ ਜੂਨੀਅਰ ਸਹਾਇਕ ਬਨਾਉਣ ਲਈ ਅਤੇ ਸ੍ਰੀ ਮੰਗਤ ਰਾਮ ਕਲਰਕ ਨੂੰ ਮਿਤੀ: 01.01.2012 ਦੀ ਬਜਾਏ 01.05.2012 ਤੋਂ ਜੂਨੀਅਰ ਸਹਾਇਕ ਮੰਨਿਆ ਜਾਣਾ ਹੈ। ਇਸ ਲਈ ਕੇਸ ਹਾਊਸ ਦੀ ਪ੍ਰਵਾਨਗੀ ਹਿਤ ਰੱਖਿਆ ਜਾਵੇ।ਜਿਸ ਨਾਲ ਸੰਯੁਕਤ ਕਮਿਸ਼ਨਰ ਜੀ ਨੇ ਆਪਣੇ ਨੋਟ ਮਿਤੀ 22.6.2015 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਆਪਣੇ ਨੋਟ ਮਿਤੀ 13.8.2015 ਰਾਹੀਂ ਲਿਖਿਆ ਹੈ ਕਿ ਇਸ ਤਜਵੀਜ ਨਾਲ ਦੋਨਾਂ ਕਰਮਚਾਰੀਆਂ ਨੂੰ ਕੀ ਲਾਭ ਹੋਵੇਗਾ? ਜਿਸ ਤੇ ਅਮਲਾ ਸ਼ਾਖਾ ਦੀ ਰਿਪੋਰਟ ਮਿਤੀ 10.9.2015 ਰਾਹੀਂ ਰਿਪੋਰਟ ਕੀਤੀ ਹੈ ਕਿ ਦੋਨਾਂ ਕਰਮਚਾਰੀਆਂ ਨੂੰ ਜੂਨੀਅਰ ਸਹਾਇਕ ਦੀ ਪਲੇਸਮੈਂਟ ਦਾ ਲਾਭ ਦੇਣ ਨਾਲ ਉਹਨਾਂ ਦੀ ਗਰੇਡ ਪੇ ਰੁਪਏ 3200 ਤੋਂ ਵੱਧ ਕੇ 3600 ਰੁਪਏ ਪ੍ਰਤੀ ਮਾਂਹ ਹੋ ਜਾਵੇਗੀ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 12.9.2015 ਰਾਹੀਂ ਉਕਤ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.9.2015 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:11

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਕਲੱਰਕਾਂ ਨੂੰ ਜੂਨੀਅਰ ਸਹਾਇਕ ਬਨਾਉਣ ਲਈ ਸਬ-ਕਮੇਟੀ ਦੀ ਮਿਤੀ **22.07.2015** ਨੂੰ ਹੋਈ ਮੀਟਿੰਗ ਦੀ ਕਰਵਾਈ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਸਬ ਕਮੇਟੀ ਦੀ ਮੀਟਿੰਗ ਮਿਤੀ **22.07.2015** ਨੂੰ ਮਾਨਯੋਗ ਸੰਯੁਕਤ ਕਮਿਸ਼ਨਰ ਜੀ ਦੀ ਪ੍ਰਧਾਨਗੀ ਵਿਚ ਹੋਈ। ਜਿਸ ਵਿਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ:-

1 ਉਪ ਸੰਚਾਲਕ (ਵਿਤ ਅਤੇ ਲੇਖਾ)
2 ਸਹਾਇਕ ਸਿਹਤ ਅਫਸਰ
3 ਸਪਰਡੰਟ ਅਮਲਾ

ਮੀਟਿੰਗ ਦੀ ਸ਼ੁਰੂਆਤ ਵਿਚ ਅਮਲਾ ਸੁਪਰੰਡਟ ਵੱਲੋਂ ਦੱਸਿਆ ਗਿਆ ਕਿ ਪਿਛਲੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਸੀ ਕਿ ਕਲਰਕਾਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਤੋਂ ਪਹਿਲਾਂ ਲਿਸਟ ਅਨੁਸਾਰ ਸੰਬੰਧਤ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਦੀ ਜਾਂਚ ਕੀਤੀ ਜਾਵੇ । ਇਸ ਸੰਬੰਧ ਵਿਚ ਅਮਲਾ ਸੁਪਰਡੰਟ ਵੱਲੋਂ ਸੂਚਿਤ ਕੀਤਾ ਗਿਆ ਕਿ ਉਕਤ ਅਨੁਸਾਰ ਸਾਰੇ ਸੰਬੰਧਤ ਕਰਮਚਾਰੀਆਂ ਦੇ 5 ਸਾਲਾਂ ਦੇ ਏ.ਸੀ.ਆਰ ਅਤੇ ਸੇਵਾ ਪੱਤਰੀਆਂ ਦੀ ਜਾਂਚ ਕਰ ਲਈ ਗਈ ਹੈ। ਤਿਆਰ ਕੀਤੀ ਗਈ ਲਿਸਟ ਅਨੁਸਾਰ ਸ਼੍ਰੀ ਅਜੀਤ ਸ਼ਰਮਾ (ਲੜੀ ਨੰ:55) ਲੰਬਿਤ ਜਾਂਚ ਤੇ ਬਹਾਲ ਚਲ ਰਿਹਾ ਹੈ ਅਤੇ ਇਸ ਕਰਮਚਾਰੀ ਨੂੰ ਮਾਨਯੋਗ ਹਾਈ ਕੋਰਟ ਵੱਲੋਂ ਡਿਪਲਾਇਡ ਇੰਸਪੈਕਟਰ ਕੰਮ ਕਰਨ ਦਾ ਸਟੇਅ ਦਿੱਤਾ ਗਿਆ ਹੈ। ਇਸ ਸੰਬੰਧੀ ਕਮੇਟੀ ਵੱਲੋਂ ਫੈਸਲਾ ਲਿਆ ਜਾਂਦਾ ਹੈ ਕਿ ਜਿੰਨਾ ਚਿਰ ਇਸ ਕਰਮਚਾਰੀ ਦੇ ਕੇਸ ਵਿਚ ਮਾਨਯੋਗ ਹਾਈਕੋਰਟ ਵੱਲੋਂ ਡਿਪਲਾਇਡ ਇਸੰਪੈਕਟਰ ਦੀ ਅਸਾਮੀ ਦੇ ਸਟੇਅ ਬਰਕਰਾਰ ਕੀਤਾ ਜਾਂਦਾ ਹੈ ਉਨਾਂ ਚਿਰ ਇਸ ਕਰਮਚਾਰੀ ਦੀ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਤੇ ਵਿਚਾਰ ਨਾ ਕੀਤਾ ਜਾਵੇ ਤਾਂ ਜੋ ਮਾਨਯੋਗ ਹਾਈਕੋਰਟ ਦੇ ਹੁਕਮਾਂ ਦੀ ਕਿਸੇ ਤਰਾਂ ਅਦੂਲੀ ਨਾ ਹੋਵੇ।

ਉਪਰੋਕਤ ਤੋਂ ਇਲਾਵਾ ਅਮਲਾ ਸੁਪਰੰਡਟ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਕਿ ਕਲਰਕ ਤੋਂ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਕੀਤੇ ਜਾਣ ਵਾਲੇ ਕਰਮਚਾਰੀਆਂ ਵਿੱਚੋਂ ਸ਼੍ਰੀਮਤੀ ਸੁਮਨ ਬਾਲਾ (ਲੜੀ ਨੰ:79) ਮਿਤੀ 22.08.2013 ਤੋਂ 21.08.2018 ਤੱਕ 5 ਸਾਲਾਂ ਦੀ ਸਵੈ-ਰੋਜਗਾਰ ਛੁੱਟੀ ਤੇ ਚਲ ਰਹੀ ਹੈ। ਇਸ ਸੰਬੰਧੀ ਕਮੇਟੀ ਵੱਲੋਂ ਫੈਸਲਾ ਲਿਆ ਜਾਂਦਾ ਹੈ ਕਿ ਸ਼੍ਰੀਮਤੀ ਸੁਮਨ ਬਾਲਾ ਨੂੰ ਬਤੋਰ ਜੂਨੀਅਰ ਸਹਾਇਕ ਦੀ ਪਲੇਸਮੈਂਟ ਮਿਤੀ 01.01.2015 ਤੋਂ ਦਿੱਤੀ ਜਾਵੇ ਅਤੇ ਜਿਸਦਾ ਵਿੱਤੀ ਲਾਭ ਇਸ ਕਰਮਚਾਰਣ ਨੂੰ ਜੁਆਇਨਿੰਗ ਕਰਨ ਉਪਰੰਤ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ।

ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਸਬ-ਕਮੇਟੀ ਵੱਲੋਂ ਇਹ ਫੈਸਲਾ ਲਿਆ ਜਾਂਦਾ ਹੈ ਕਿ ਸ਼੍ਰੀ ਅਜੀਤ ਸ਼ਰਮਾ (ਲੜੀ ਨੰ:55) ਤੋਂ ਇਲਾਵਾ ਹੇਠ ਲਿਖੀ ਲਿਸਟ ਅਨੁਸਾਰ ਲੜੀ ਨੰ:52 ਤੋਂ 82 ਤੱਕ ਦੇ ਸਾਰੇ ਕਰਮਚਾਰੀਆਂ ਨੂੰ ਕਲਰਕ ਤੋਂ ਜੂਨੀਅਰ ਸਹਾਇਕ ਦੇ ਸਕੇਲ (10300-34800+3600) ਵਿਚ ਪਲੇਸਮੈਂਟ ਦਾ ਲਾਭ ਮਿਤੀ 01.01.2015 ਤੋਂ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ:-

ਸੀਨੀਆਰਤਾ ਸੂਚੀ ਦਾ ਲੜੀ ਨੰ:	ਨਾਮ ਅਤੇ ਪਿਤਾ ਦਾ ਨਾਮ/ ਪਤੀ ਦਾ ਨਾਮ	ਕਾਡਰ ਵਿਚ ਨਿਯੁਕਤੀ ਦੀ ਮਿਤੀ	ਜਨਮ ਮਿਤੀ	ਪੈਡਿੰਗ ਇਨਕੁਆਰੀ	ਏ.ਸੀ.ਆਰ. (ਸਾਲ 2009 ਤੋਂ 2014 ਤੱਕ)	ਵਿਸ਼ੇਸ਼ ਕਥਨ
52	ਸ਼੍ਰੀ ਜਰਨੈਲ ਸਿੰਘ ਪੁੱਤਰ ਸ਼੍ਰੀ ਸ਼ਾਮ ਸਿੰਘ	11.07.1985	05.05.1963	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
53	ਸ਼੍ਰੀ ਅਮਰੀਕ ਸਿੰਘ ਪੁੱਤਰ ਸ਼੍ਰੀ ਬਲਬੀਰ ਸਿੰਘ	11.03.1992	18.12.1960	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
54	ਸ਼੍ਰੀ ਰਾਜੀਵ ਸੋਬਤੀ ਪੁੱਤਰ ਸ਼੍ਰੀ ਰਜਿੰਦਰ ਸੋਬਤੀ	17.01.1992	05.09.1971	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
55	ਸ਼੍ਰੀ ਅਜੀਤ ਕੁਮਾਰ ਸ਼ਰਮਾ ਪੁੱਤਰ ਸ਼੍ਰੀ ਹਰਦਰਸ਼ਨ ਲਾਲ	19.12.1992	04.09.1963	ਕਰਮਚਾਰੀ ਲੰਬਿਤ ਜਾਂਚ ਤੇ ਬਹਾਲ ਹੈ।	ਏ.ਸੀ.ਆਰ. ਉਪਲੱਬਧ ਨਹੀਂ ਹਨ।	
56	ਸ਼੍ਰੀ ਰਾਕੇਸ਼ ਕੁਮਾਰ ਪੁੱਤਰ ਸ਼੍ਰੀ ਤਰਸੇਮ ਲਾਲ	22.07.1993	11.04.1973	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
57	ਸ਼੍ਰੀਮਤੀ ਮੋਨਿਕਾ ਸੇਕੜੀ ਪਤਨੀ ਸ਼੍ਰੀ ਦਿਵਾਕਰ ਸੇਕੜੀ	22.07.1993	11.09.1973	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
58	ਸ਼੍ਰੀਮਤੀ ਮਧੂ ਸੂਰੀ ਪਤਨੀ ਸ਼੍ਰੀ ਸੁਰਿੰਦਰ ਪਾਲ	10.12.1993	21.08.1955	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	ਕਰਮਚਾਰਣ ਦੂਜੇ ਸਾਲ ਦੇ ਵਾਧੇ ਤੇ ਚਲ ਰਹੀ ਹੈ।

59	ਸ਼੍ਰੀ ਦਰਸ਼ਨ ਕੁਮਾਰ ਪੁੱਤਰ ਸ਼੍ਰੀ ਰਾਮ ਪ੍ਰਕਾਸ਼	17.12.1993	11.02.1972	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
60	ਸ਼੍ਰੀਮਤੀ ਤ੍ਰਿਪਤਾ ਦੇਵੀ ਪਤਨੀ ਸ਼੍ਰੀ ਮਹੇਸ਼ ਚੰਦਰ	27.12.1993	18.11.1960	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
61	ਸ਼੍ਰੀ ਵਿਨੋਦ ਕੁਮਾਰ ਪੁੱਤਰ ਸ਼੍ਰੀ ਕੀਮਤੀ ਲਾਲ	15.02.1994	29.03.1970	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
62	ਸ਼੍ਰੀਮਤੀ ਸੁਨੀਤਾ ਪੁੱਤਰੀ ਸ਼੍ਰੀ ਮੰਗਲ ਦਾਸ	31.03.1994	19.12.1961	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
63	ਸ਼੍ਰੀ ਕੁਲਵਿੰਦਰ ਸਿੰਘ ਪੁੱਤਰ ਸ਼੍ਰੀ ਗੁਰਬਖਸ਼ ਸਿੰਘ	23.12.1994	16.07.1969	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
64	ਸ਼੍ਰੀ ਖੁਸ਼ਵਿੰਦਰ ਛਾਬੜਾ ਪੁੱਤਰ ਸ਼੍ਰੀ ਚਮਨ ਲਾਲ	01.12.1995	30.10.1976	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
65	ਸ਼੍ਰੀ ਦੀਪਕ ਛਾਬੜਾ ਪੁੱਤਰ ਲੇਟ ਸ਼੍ਰੀ ਪ੍ਰੀਤਮ ਦਾਸ	22.01.1996	22.10.1976	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
66	ਸ਼੍ਰੀ ਲੁਕੇਸ਼ ਕੁਮਾਰ ਸ਼ਰਮਾ ਪੁੱਤਰ ਸ਼੍ਰੀ ਜਗਦੀਸ਼ ਰਾਮ	01.03.1996	04.12.1976	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
67	ਸ਼੍ਰੀ ਰਾਜੀਵ ਕੁਮਾਰ ਪੁੱਤਰ ਸ਼੍ਰੀ ਧਰਮ ਪਾਲ	09.05.1996	18.10.1961	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
68	ਸ਼੍ਰੀਮਤੀ ਸੁਸ਼ਮਾ ਪਤਨੀ ਸ਼੍ਰੀ ਵਿਕਰਮ	27.05.1996	30.03.1973	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
69	ਸ਼੍ਰੀ ਸੁਨੀਲ ਦੱਤ ਪੁੱਤਰ ਸ਼੍ਰੀ ਓਮ ਪ੍ਰਕਾਸ਼	30.05.1996	14.03.1965	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
70	ਸ਼੍ਰੀ ਰਾਕੇਸ਼ ਸਨਿਆਲ ਪੁੱਤਰ ਸ਼੍ਰੀ ਗੁਰਬਚਨ ਲਾਲ	31.05.1996	18.10.1976	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
71	ਸ਼੍ਰੀ ਗੋਲਡੀ ਥਾਪਰ ਪੁੱਤਰ ਸ਼੍ਰੀ ਗਿਆਨ ਚੰਦ	24.12.1996	03.03.1968	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
72	ਸ਼੍ਰੀਮਤੀ ਸ਼ੀਤਲ ਕੋਰ ਪਤਨੀ ਸ਼੍ਰੀ ਰਾਮ ਲੁਭਾਇਆ	05.03.1997	10.04.1974	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
73	ਸ਼੍ਰੀ ਵਿਜੈ ਕੁਮਾਰ ਪੁੱਤਰ ਸ਼੍ਰੀ ਦੀਵਾਨ ਚੰਦ	28.04.1997	14.04.1969	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
74	ਸ਼੍ਰੀ ਅਨੀਤ ਕੁਮਾਰ ਪੁੱਤਰ ਸ਼੍ਰੀ ਸਤੀਸ਼ ਕੁਮਾਰ	14.05.1997	04.11.1975	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
75	ਸ਼੍ਰੀ ਵਿਜੈ ਕੁਮਾਰ ਸਲਹੋਤਰਾ ਪੁੱਤਰ ਸ਼੍ਰੀ ਗਿਆਨ ਚੰਦ	21.05.1997	17.03.1975	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
76	ਸ਼੍ਰੀ ਪਰਦੀਪ ਕੁਮਾਰ ਪੁੱਤਰ ਸ਼੍ਰੀ ਸੋਹਨ ਲਾਲ	13.06.1997	20.07.1959	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
77	ਸ਼੍ਰੀ ਅਨਿਲ ਕੁਮਾਰ ਪੁੱਤਰ ਸ਼੍ਰੀ ਬਹਾਲੀ ਰਾਮ	04.05.1998	16.05.1964	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	

78	ਸ਼੍ਰੀ ਵਿਜੈ ਕੁਮਾਰ ਪੁੱਤਰ ਸ਼੍ਰੀ ਪਰਗਟ ਰਾਮ	05.05.1998	09.06.1972	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
79	ਸ਼੍ਰੀਮਤੀ ਸੁਮਨ ਬਾਲਾ ਪਤਨੀ ਸ਼੍ਰੀ ਤਰਸੇਮ ਲਾਲ	05.05.1998	19.05.1975	ਨਹੀਂ ਹੈ		ਇਹ ਕਰਮਚਾਰਣ ਮਿਤੀ 22.08.2013 ਤੋਂ 21.08.2018 ਤੱਕ 5 ਸਾਲਾਂ ਦੀ ਸਵੈ ਰੋਜਗਾਰ ਛੁੱਟੀ ਤੇ ਚਲ ਰਹੀ ਹੈ।
80	ਸ਼੍ਰੀ ਜਨਕ ਰਾਜ ਪੁੱਤਰ ਸ਼੍ਰੀ ਜੁਗਲ ਕਿਸ਼ੋਰ	05.05.1998	25.03.1979	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
81	ਸ਼੍ਰੀ ਰਾਕੇਸ਼ ਹੰਸ ਪੁੱਤਰ ਸ਼੍ਰੀ ਸੁਰਿੰਦਰ ਕੁਮਾਰ	19.05.1998	04.08.1970	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	
82	ਸ਼੍ਰੀ ਰਜਿੰਦਰ ਕੁਮਾਰ ਅਟਵਾਲ ਪੁੱਤਰ ਸ਼੍ਰੀ ਪਿਆਰਾ ਲਾਲ	20.05.1998	05.09.1973	ਨਹੀਂ ਹੈ	ਏ.ਸੀ.ਆਰ. ਨੱਥੀ ਹਨ ਅਤੇ ਇਹਨਾਂ ਵਿਚ ਕੋਈ ਮਾੜਾ ਇੰਦਰਾਜ਼ ਨਹੀ ਹੈ।	

ਸਹੀ/-	ਸਹੀ/-	ਸਹੀ/-	ਸਹੀ/-
ਸੰਯੁਕਤ ਕਮਿਸ਼ਨਰ	ਡੀ.ਸੀ.ਐਫ.ਏ.	ਸਹਾਇਕ ਸਿਹਤ ਅਫਰ	ਅਮਲਾ ਸੁਪਰਡੰਟ

ਉਪਰੋਕਤ ਸਬ ਕਮੇਟੀ ਨੇ ਸਹਿਮਤੀ ਹਸਤਾਖਰ ਕੀਤੇ ਹਨ।

ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 17.8.2015 ਰਾਹੀਂ ਸਬ ਕਮੇਟੀ ਦੀ ਰਿਪੋਰਟ ਨੂੰ ਹਾਊਸ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 4.1.2016 ਰਾਹੀਂ ਇਸ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 12

ਵਿਸ਼ਾ: ਨਗਰ ਨਿਗਮ, ਜਲੰਧਰ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚ ਕੰਮ ਕਰ ਰਹੇ ਦਰਜਾ-4 ਦੇ ਭਿੰਨ-ਭਿੰਨ ਸ੍ਰੇਣੀਆਂ ਦੇ ਕਰਮਚਾਰੀਆਂ ਵਲੋਂ ਪੰਜਾਬੀ ਟਾਈਪ ਰਾਈਟਿੰਗ ਦਾ ਟੈਸਟ ਪਾਸ ਕਰਨ ਉਪਰੰਤ ਉਹਨਾਂ ਨੂੰ ਦਰਜਾ-3 ਵਿਚ ਬਤੌਰ ਕਲੱਰਕ ਪਦਉਨਤ ਕਰਨ ਸਬੰਧੀ।

ਪੜ੍ਹਿਆ ਦਫਤਰੀ ਨੋਟ ਅਮਲਾ ਸ਼ਾਖਾ ਮਿਤੀ 5.6.2015 ਜਿਸ ਨਾਲ ਸੁਪਰਡੰਟ ਅਮਲਾ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਕਤ ਵਿਸ਼ੇ ਦੇ ਸਬੰਧ ਵਿਚ ਮਿਤੀ: 21.05.2015 ਨੂੰ ਮਾਨਯੋਗ ਕਮਿਸ਼ਨਰ ਜੀ ਨਾਲ ਕੇਸ ਦੁਬਾਰਾ ਡਿਸਕਸ ਕੀਤਾ ਗਿਆ। ਸਾਰੀ ਮਿਸਲ ਦੀ ਘੋਖ ਕੀਤੀ ਗਈ ਅਤੇ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਨਗਰ ਨਿਗਮ, ਜਲੰਧਰ ਵਿਖੇ ਦਰਜਾ-4 ਕਰਮਚਾਰੀਆਂ ਨੂੰ ਬਤੌਰ ਕਲੱਰਕ ਪੱਦ-ਉੱਨਤ ਕਰਨ ਵਾਸਤੇ ਟਾਈਪ-ਟੈਸਟ ਦੀ ਜੋ ਸ਼ਰਤ ਸਰਕਾਰ ਵੱਲੋਂ ਲਗਾਈ ਗਈ ਸੀ, ਉਸ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ, ਜਲੰਧਰ ਦੇ ਕਰਮਚਾਰੀਆਂ ਦਾ ਪੰਜਾਬੀ ਟਾਈਪ-ਟੈਸਟ ਮਿਤੀ 15/07/2014 ਨੂੰ ਭਾਸ਼ਾ ਵਿਭਾਗ ਵੱਲੋ ਨਗਰ ਨਿਗਮ ਦੀ ਮੰਗ ਅਨੁਸਾਰ ਲਿਆ ਗਿਆ ਸੀ ਅਤੇ ਇੰਨ੍ਹਾਂ ਵਿੱਚੋ ਜਿਹੜੇ ਕਰਮਚਾਰੀਆਂ ਨੇ ਟਾਈਪ-ਟੈਸਟ ਪਾਸ ਕੀਤਾ ਸੀ, ਉਨ੍ਹਾਂ ਕਰਮਚਾਰੀਆਂ ਲਈ ਮਿਤੀ 15.07.2014 ਨੂੰ ਬਤੌਰ ਕਲਰਕ ਪੱਦ-ਉੱਨਤ ਲਈ ਪੰਜਾਬੀ ਟਾਈਪ-ਟੈਸਟ ਪਾਸ ਕਰਨ ਦੀ ਜੋ ਸ਼ਰਤ ਲਾਜਮੀ ਸੀ, ਉਹ ਸ਼ਰਤ ਇੰਨ੍ਹਾਂ ਕਰਮਚਾਰੀਆਂ ਵੱਲੋ ਮਿਤੀ 15.07.2014 ਨੂੰ ਪੂਰੀ ਕਰ ਲਈ ਸੀ। ਪਰ ਬਾਅਦ ਵਿੱਚ ਸਰਕਾਰ ਦੇ ਪੱਤਰ 1/3/2014-4ਪੀ.ਪੀ.1/1093 ਮਿਤੀ: 23.12.2014 ਰਾਂਹੀ ਇਸ ਸ਼ਰਤ ਦੀ ਥਾਂ ਤੇ ਪੰਜਾਬੀ ਅਤੇ ਅੰਗਰੇਜੀ ਵਿੱਚ ਕੰਪਿਊਟਰ ਤੇ ਨਿਰਧਾਰਿਤ ਸਪੀਡ ਤੇ ਟਾਈਪ ਟੈਸਟ ਪਾਸ ਕਰਨ ਦੀ ਸ਼ਰਤ ਲਗਾਈ ਗਈ।

ਕਿਉਜੋ ਇੰਨ੍ਹਾਂ ਕਰਮਚਾਰੀਆਂ ਨੇ ਮਿਤੀ 15/07/2014 ਨੂੰ ਨਿਰਧਾਰਿਤ ਸ਼ਰਤ ਅਨੁਸਾਰ ਟਾਈਪ-ਟੈਸਟ ਪਾਸ ਕਰ ਲਿਆ ਸੀ, ਇਸ ਲਈ ਇੰਨ੍ਹਾਂ ਵਿੱਚੋ ਜੋ ਕਰਮਚਾਰੀ ਉਸ ਮਿਤੀ ਭਾਵ 15.07.2014 ਨੂੰ ਵਿੱਦਿਅਕ ਯੋਗਤਾ ਅਤੇ ਤਜਰਬੇ ਦੀ ਸ਼ਰਤ ਨੂੰ ਪੂਰਾ ਕਰਦੇ ਸਨ, ਉਨ੍ਹਾਂ ਨੂੰ ਸਰਕਾਰ ਦੀਆਂ ਪਹਿਲੀਆਂ ਹਦਾਇਤਾਂ ਅਨੁਸਾਰ ਪਦਉਨਤ ਕਰ ਦੇਣਾ ਬਣਦਾ ਸੀ ਪਰ ਤਕਰੀਬਨ 5 ਮਹੀਨੇ ਦੇ ਸਮੇਂ ਦੋਰਾਨ ਇਸ ਕੇਸ ਨੂੰ ਵਿਚਾਰਨ ਹਿਤ ਕਮੇਟੀ ਦੇ ਪੱਧਰ ਤੇ ਦੇਰੀ ਹੋਈ ਹੈ, ਜਿਸ ਵਿਚ ਇਹਨਾਂ ਕਰਮਚਾਰੀਆਂ ਦਾ ਕੋਈ ਦੋਸ਼ ਨਹੀ ਹੈ ਅਤੇ ਇਸੇ ਦੌਰਾਨ ਪ੍ਰਸੋਨਲ ਵਿਭਾਗ ਦੀਆਂ ਨਵੀਆਂ ਹਦਾਇਤਾਂ ਮਿਤੀ: 23.12.2014 ਨੂੰ ਜਾਰੀ ਹੋ ਗਈਆਂ। ਜਿਸ ਅਨੁਸਾਰ ਪੰਜਾਬੀ ਅਤੇ ਅੰਗਰੇਜੀ ਵਿਚ ਕੰਪਿਉਟਰ ਤੇ ਨਿਰਧਾਰਤ ਸਪੀਡ ਤੇ ਟਾਈਪ ਟੈਸਟ ਪਾਸ ਕਰਨ ਦੀ ਸ਼ਰਤ ਲਗਾਈ ਗਈ। ਇਸ ਲਈ ਨਗਰ ਨਿਗਮ ਹਾਊਸ, ਜੋ ਦਰਜਾ-4 ਕਰਮਚਾਰੀਆਂ ਨੂੰ ਕਲੱਰਕ ਪੱਦ-ਉੱਨਤ ਕਰਨ ਲਈ ਸਮਰੱਥ ਅਥਾਰਟੀ ਹੈ, ਜੇਕਰ ਯੋਗ ਸਮਝੇ ਤਾਂ ਸਰਕਾਰ ਦੀਆਂ ਪਹਿਲੀਆਂ ਹਦਾਇਤਾਂ ਅਨੁਸਾਰ ਹੇਠ ਲਿਖੇ 7 ਕਰਮਚਾਰੀਆਂ ਨੂੰ ਹੇਠ ਲਿਖੀਆ ਸ਼ਰਤਾ ਅਨੁਸਾਰ ਬਤੌਰ ਕਲਰਕ ਪੱਦ-ਉੱਨਤ ਕਰਨ ਲਈ ਵਿਚਾਰ ਕਰ ਸਕਦੀ ਹੈ।

1. ਇਹਨਾਂ ਕਰਮਚਾਰੀਆਂ ਨੂੰ ਬਤੌਰ ਕਲਰਕ ਪਦਉਨਤ ਕੀਤੇ ਜਾਣ ਦੀ ਮਿਤੀ ਤੋਂ 1 ਸਾਲ ਦੇ ਅੰਦਰ-ਅੰਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਰਧਾਰਤ ਸਪੀਡ ਤੇ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਕੰਮਪਿਉਟਰ ਤੇ ਪਾਸ ਕਰਨਾ ਲਾਜਮੀ ਹੋਵੇਗਾ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇੰਨ੍ਹਾਂ ਕਰਮਚਾਰੀਆਂ ਦੇ ਪਰਖਕਾਲ ਦੇ ਸਮੇਂ ਵਿੱਚ ਵਾਧਾ ਕੀਤਾ ਜਾਵੇਗਾ।
2. ਪਦਉਨਤ ਕੀਤੇ ਗਏ ਕਰਮਚਾਰੀਆਂ ਦਾ ਪਰਖਕਾਲ ਸਮਾਂ 1 ਸਾਲ ਦਾ ਹੋਵੇਗਾ।
3. ਇਹਨਾਂ ਕਰਮਚਾਰੀਆਂ ਦਾ ਪਰਖਕਾਲ ਸਮਾਂ ਤਾਂ ਹੀ ਪਾਰ ਕੀਤਾ ਜਾਵੇਗਾ ਜੇਕਰ ਉਹ ਪਦਉਨਤੀ ਦੀ ਮਿਤੀ ਤੋਂ ਇੱਕ ਸਾਲ ਦੇ ਸਮੇਂ ਦੇ ਅੰਦਰ-ਅੰਦਰ ਪਰਸਨਲ ਕੰਪਿਉਟਰ ਦੇ ਇਸਤੇਮਾਲ ਦੇ ਤਜਰਬੇ ਦਾ ਘੱਟੋ ਘੱਟ 120 ਘੰਟਿਆ ਦਾ ਕੋਰਸ ਪੂਰਾ ਕਰਨ ਦਾ ਸਰਟੀਫਿਕੇਟ ਸਰਕਾਰ ਵੱਲੋ ਅਧਿਕਾਰਤ ਸੰਸਥਾ ਦਾ ਪੇਸ਼ ਕਰਨਗੇ।
4. ਮਿਤੀ 15.07.2014 ਭਾਵ ਜਿਸ ਮਿਤੀ ਨੂੰ ਟਾਈਪ-ਟੈਸਟ ਪਾਸ ਕੀਤਾ ਹੈ, ਉਸ ਮਿਤੀ ਨੂੰ ਇਹ ਕਰਮਚਾਰੀ ਵਿੱਦਿਅਕ ਯੋਗਤਾ ਅਤੇ ਤਜਰਬਾ ਪੂਰਾ ਕਰਦੇ ਹੋਣ।

ਲੜੀ ਨੰ:	ਕਰਮਚਾਰੀ ਦਾ ਨਾਮ ਅਤੇ ਅਹੁਦਾ	ਨਿਯੁਕਤੀ ਦੀ ਮਿਤੀ	ਵਿਦਿਅਕ ਯੋਗਤਾਵਾਂ	ਟਾਈਪ ਟੈਸਟ ਪਾਸ ਹੈ ਜਾ ਨਹੀ	ਵਿਭਾਗੀ ਜਾਂਚ ਲੰਬਤ ਹੈ ਜਾਂ ਨਹੀ	ਕੰਮਕਾਜ ਅਤੇ ਗੁਪਤ ਰਿਪੋਰਟਾਂ	ਸ੍ਰੇਣੀ	ਵਿਸ਼ੇਸ਼ ਕਥਨ
1	ਸ੍ਰੀ ਸੁਖਜੀਤ ਕੁਮਾਰ, ਸੇਵਾਦਾਰ	30-6-1983	ਦਸਵੀਂ+ ਪੰਜਾਬੀ ਵਿਸ਼ਾ ਦਸਵੀਂ ਤੱਕ ਪਾਸ	ਪੰਜਾਬੀ ਟਾਈਪ ਟੈਸਟ ਪਾਸ ਹੈ।	ਕੋਈ ਜਾਂਚ ਲੰਬਤ ਨਹੀ ਹੈ।	ਕੰਮਕਾਜ ਅਤੇ ਗੁਪਤ ਰਿਪੋਰਟਾ ਠੀਕ ਹਨ।	ਅਨੁਸੂਚਿਤ ਜਾਤੀ	
2	ਸ੍ਰੀਮਤੀ ਰਛਪਾਲ ਕੋਰ, ਸੇਵਾਦਾਰ	14-6-1988	ਦਸਵੀਂ+ ਪੰਜਾਬੀ ਵਿਸ਼ਾ ਦਸਵੀਂ ਤੱਕ ਪਾਸ	ਪੰਜਾਬੀ ਟਾਈਪ ਟੈਸਟ ਪਾਸ ਹੈ।	ਕੋਈ ਜਾਂਚ ਲੰਬਤ ਨਹੀ ਹੈ।	ਕੰਮਕਾਜ ਅਤੇ ਗੁਪਤ ਰਿਪੋਰਟਾ ਠੀਕ ਹਨ।	ਜਨਰਲ	--
3	ਸ੍ਰੀ ਸੁਨੀਲ ਕੁਮਾਰ, ਬੇਲਦਾਰ	01-06-1992	ਬੀ-ਏ + ਪੰਜਾਬੀ ਵਿਸ਼ਾ ਦਸਵੀਂ ਤੱਕ ਪਾਸ	ਪੰਜਾਬੀ ਟਾਈਪ ਟੈਸਟ ਪਾਸ ਹੈ।	ਕੋਈ ਜਾਂਚ ਲੰਬਤ ਨਹੀ ਹੈ।	ਕੰਮਕਾਜ ਅਤੇ ਗੁਪਤ ਰਿਪੋਰਟਾ ਠੀਕ ਹਨ।	ਜਨਰਲ	--
4	ਸ੍ਰੀ ਹੌਸਲਾ ਪ੍ਰਸਾਦ, ਸੇਵਾਦਾਰ	03-03-1993	ਦਸਵੀਂ+ ਪੰਜਾਬੀ ਵਿਸ਼ਾ ਦਸਵੀਂ ਤੱਕ ਪਾਸ	ਪੰਜਾਬੀ ਟਾਈਪ ਟੈਸਟ ਪਾਸ ਹੈ।	ਕੋਈ ਜਾਂਚ ਲੰਬਤ ਨਹੀ ਹੈ।	ਕੰਮਕਾਜ ਅਤੇ ਗੁਪਤ ਰਿਪੋਰਟਾ ਠੀਕ ਹਨ।	ਬੀ.ਸੀ.	--
5	ਸ੍ਰੀ ਦੀਪਕ ਕੁਮਾਰ-1, ਸੇਵਾਦਾਰ	10-05-1993	ਦਸਵੀਂ+ ਪੰਜਾਬੀ ਵਿਸ਼ਾ ਦਸਵੀਂ ਤੱਕ ਪਾਸ	ਪੰਜਾਬੀ ਟਾਈਪ ਟੈਸਟ ਪਾਸ ਹੈ।	ਕੋਈ ਜਾਂਚ ਲੰਬਤ ਨਹੀ ਹੈ।	ਕੰਮਕਾਜ ਅਤੇ ਗੁਪਤ ਰਿਪੋਰਟਾ ਠੀਕ ਹਨ।	ਅਨੁਸੂਚਿਤ ਜਾਤੀ (ਵਾਲਮੀਕੀ)	--

6	ਸ੍ਰੀ ਦੀਪਕ ਹੰਸ, ਸੇਵਾਦਾਰ	06-05-1998	ਦਸਵੀਂ+ ਪੰਜਾਬੀ ਵਿਸ਼ਾ ਦਸਵੀਂ ਤੱਕ ਪਾਸ	ਪੰਜਾਬੀ ਟਾਈਪ ਟੈਸਟ ਪਾਸ ਹੈ।	ਕੋਈ ਜਾਂਚ ਲੰਬਤ ਨਹੀ ਹੈ।	ਕੰਮਕਾਜ ਅਤੇ ਗੁਪਤ ਰਿਪੋਰਟਾ ਠੀਕ ਹਨ।	ਅਨੁਸੂਚਿਤ ਜਾਤੀ (ਵਾਲਮੀਕੀ)	--
7	ਸ੍ਰੀ ਜੀਵਨਜ਼ੋਤ ਸਿੰਘ, ਸੇਵਾਦਾਰ	08-11-2007	10+2+ ਪੰਜਾਬੀ ਵਿਸ਼ਾ ਦਸਵੀਂ ਤੱਕ ਪਾਸ	ਪੰਜਾਬੀ ਟਾਈਪ ਟੈਸਟ ਪਾਸ ਹੈ।	ਕੋਈ ਜਾਂਚ ਲੰਬਤ ਨਹੀ ਹੈ।	ਕੰਮਕਾਜ ਅਤੇ ਗੁਪਤ ਰਿਪੋਰਟਾ ਠੀਕ ਹਨ।	ਜਨਰਲ	--

ਸੰਯੁਕਤ ਕਮਿਸ਼ਨਰ ਨੇ ਮਿਤੀ 5.6.2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 9.6.2015 ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਤਸਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 9.6.2015 ਰਾਹੀਂ ਉਪਰੋਕਤ ਤਜ਼ਵੀਜ਼ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 13

ਵਿਸ਼ਾ: ਸ੍ਰੀ ਦਵਿੰਦਰ ਸਿੰਘ, ਸੇਵਾਦਾਰ ਨੂੰ ਹੈਂਡੀਕੈਪਡ ਕੋਟੇ ਵਿਚੋ ਬਤੌਰ ਕਲਰੱਕ ਪਦਉਨਤ ਕਰਨ ਸਬੰਧੀ। ਮਿਤੀ 11.06.2015 ਨੂੰ ਸਬ-ਕਮੇਟੀ ਵਲੋਂ ਕੀਤੀ ਗਈ ਮੀਟਿੰਗ ਦੀ ਕਾਰਵਾਈ ।

ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਦਰਜਾ-4 ਦੇ ਭਿੰਨ-ਭਿੰਨ ਸ੍ਰੇਣੀਆਂ ਦੇ ਕਰਮਚਾਰੀਆਂ ਵਲੋਂ ਪੰਜਾਬੀ ਟਾਈਪ ਰਾਈਟਿੰਗ ਦਾ ਟੈਸਟ ਪਾਸ ਕਰਨ ਉਪਰੰਤ ਉਹਨਾਂ ਨੂੰ ਦਰਜਾ-3 ਵਿਚ ਬਤੌਰ ਕਲਰਕ ਪਦਉਨਤ ਕਰਨ ਸਬੰਧੀ ਗਠਿਤ ਕੀਤੀ ਗਈ ਕਮੇਟੀ ਦੀ ਮੀਟਿੰਗ ਮਿਤੀ: 11.06.2015 ਨੂੰ ਸੰਯੁਕਤ ਕਮਿਸ਼ਨਰ-ਕਮ-ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿਚ ਹੇਠ ਲਿਖੇ ਮੈਬਰ ਹਾਜਰ ਹੋਏ:-

1. ਨਿਗਰਾਨ ਇੰਜੀਨੀਅਰ ਬੀ.ਐਂਡ ਆਰ.
2. ਨਿਗਰਾਨ ਇੰਜੀਨੀਅਰ ਓ.ਐਂਡ ਐਮ
3. ਉਪ ਸੰਚਾਲਕ ਵਿੱਤ ਅਤੇ ਲੇਖਾ
4. ਸਹਾਇਕ ਸਿਹਤ ਅਫ਼ਸਰ

ਮੀਟਿੰਗ ਦੌਰਾਨ ਅਮਲਾ ਸੁਪਰਡੰਟ ਵਲੋਂ ਦੱਸਿਆ ਗਿਆ ਕਿ ਨਗਰ ਨਿਗਮ, ਜਲੰਧਰ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚ ਕੰਮ ਕਰ ਰਹੇ ਦਰਜਾ-4 ਦੇ ਭਿੰਨ-ਭਿੰਨ ਸ੍ਰੇਣੀਆਂ ਦੇ ਕਰਮਚਾਰੀਆਂ ਵਲੋਂ ਪੰਜਾਬੀ ਟਾਈਪ ਰਾਈਟਿੰਗ ਦਾ ਟੈਸਟ ਪਾਸ ਕਰਨ ਉਪਰੰਤ ਮਿਤੀ: 30.05.2014 ਨੂੰ ਕੁੱਲ 13 ਕਰਮਚਾਰੀਆਂ ਨੂੰ ਪਦਉਨਤ ਕੀਤਾ ਗਿਆ ਸੀ। ਇਹਨਾਂ ਤੋ ਇਲਾਵਾ ਇੱਕ ਕਰਮਚਾਰੀ ਸ੍ਰੀ ਦਵਿੰਦਰ ਸਿੰਘ, ਸੇਵਾਦਾਰ ਜ਼ੋ ਕਿ ਹੈਡੀਕੈਪਡ ਕੋਟੇ ਵਿਚੋ ਪਦਉਨਤੀ ਲਈ ਵਿਚਾਰ ਅਧੀਨ ਹੈ। ਕਿਉਕਿ ਇਸ ਕਰਮਚਾਰੀ ਦੀ ਸੱਜੀ ਬਾਂਹ ਕੱਟੀ ਹੋਈ ਹੈ ਅਤੇ ਇਹ ਪੰਜਾਬੀ ਟਾਈਪ ਟੈਸਟ ਨਹੀਂ ਦੇ ਸਕਦਾ। ਪ੍ਰੰਤੂ ਕਲੱਰਕ ਦੀ ਆਸਾਮੀ ਤੇ ਪਦਉਨਤੀ ਲਈ ਪੰਜਾਬੀ ਟਾਈਪ ਟੈਸਟ ਪਾਸ ਕਰਨਾ ਲਾਜਮੀ ਹੈ। ਇਸ ਬਾਰੇ ਸਬ-ਕਮੇਟੀ ਵਲੋਂ ਫੈਸਲਾ ਹੋਇਆ ਸੀ ਕਿ ਇਹ ਇਸ ਤਰ੍ਹਾਂ ਦਾ ਇਕੱਲਾ ਹੀ ਕੇਸ ਹੈ ਇਸ ਲਈ ਇਸ ਕਰਮਚਾਰੀ ਨੂੰ ਪਦਉਨਤੀ ਦਿੱਤੀ ਜਾ ਸਕਦੀ ਹੈ ਜਾਂ ਨਹੀ, ਬਾਰੇ ਸਥਾਨਕ ਸਰਕਾਰ ਵਿਭਾਗ, ਪੰਜਾਬ ਪਾਸੋਂ ਅਗੁਵਾਈ ਲਈ ਜਾਵੇ। ਇਸ ਸੰਬੰਧੀ ਨਗਰ ਨਿਗਮ ਹਾਊਸ ਵਲੋਂ ਮਤਾ ਨੰ: 139 ਮਿਤੀ: 04.11.2014 ਪ੍ਰਵਾਨ ਕੀਤਾ ਗਿਆ ਸੀ। ਇਸ ਕੇਸ ਸਬੰਧੀ ਅਗਵਾਈ ਲੈਣ ਲਈ ਸਥਾਨਕ ਸਰਕਾਰ ਵਿਭਾਗ, ਪੰਜਾਬ ਨਾਲ ਪੱਤਰ ਵਿਹਾਰ ਕੀਤਾ ਗਿਆ। ਜਿਸ ਦੇ ਸਬੰਧ ਵਿਚ ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਆਪਣੇ ਪੱਤਰ ਨੰ:ਸ1 - ਡਸਸ- ਮਸਸ- 2015/15265 ਮਿਤੀ: 13.04.2015 ਰਾਂਹੀ ਨਗਰ ਨਿਗਮ, ਜਲੰਧਰ ਨੂੰ ਸੂਚਿਤ ਕੀਤਾ ਹੈ ਕਿ "ਨਗਰ ਨਿਗਮ, ਜਲੰਧਰ ਵਲੋਂ ਭੇਜੀ ਗਈ ਤਜਵੀਜ ਵਿਚਾਰਣ ਉਪਰੰਤ ਸ੍ਰੀ ਦਵਿੰਦਰ ਸਿੰਘ, ਸੇਵਾਦਾਰ ਨੂੰ ਬਤੌਰ ਕਲੱਰਕ ਤਰੱਕੀ ਦੇਣ ਲਈ ਸਰਕਾਰ ਦੀਆਂ ਹਦਾਇਤਾਂ ਮਿਤੀ: 02.11.1989 ਅਤੇ ਸਿਵਲ ਸਰਜਨ ਜਲੰਧਰ ਵਲੋ ਦਿੱਤੇ ਗਏ ਮੈਡੀਕਲ ਸਰਟੀਫਿਕੇਟ ਦੇ ਆਧਾਰ ਤੇ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਪੰਜਾਬ ਜੀ ਵਲੋ ਗਏ ਗਏ ਫੈਸਲੇ ਅਨੁਸਾਰ ਟਾਈਪ ਟੈਸਟ ਤੋ ਛੋਟ ਦਿੱਤੀ ਜਾਂਦੀ ਹੈ।" ਇਸ ਲਈ ਇਸ ਕੇਸ ਸਬੰਧੀ ਸਬ-ਕਮੇਟੀ ਵਲੋਂ ਇਹ ਫੈਸਲਾ ਲਿਆ ਗਿਆ ਕਿ ਸਰਕਾਰ ਦੇ ਇਸ ਪੱਤਰ ਅਨੁਸਾਰ ਸ੍ਰੀ ਦਵਿੰਦਰ ਸਿੰਘ, ਸੇਵਾਦਾਰ ਨੂੰ ਟਾਈਪ ਟੈਸਟ ਤੋਂ ਛੋਟ ਦਿੰਦੇ ਹੋਏ ਹੈਡੀਕੈਪਡ ਕੋਟੇ ਵਿਚ ਮਿਤੀ: 30.05.2014 ਤੋਂ ਬਤੌਰ ਕਲਰਕ ਪਦਉਨਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹੀ/-	ਸਹੀ/-	ਸਹੀ/-
ਸੰਯੁਕਤ ਕਮਿਸ਼ਨਰ-ਕਮ-ਚੇਅਰਮੈਨ	ਨਿਗਰਾਨ ਇੰਜੀਨੀਅਰ ਬੀ.ਐਂਡ ਆਰ.	ਨਿਗਰਾਨ ਇੰਜੀਨੀਅਰ ਓ.ਐਂਡ ਐਮ
ਸਹੀ/-		ਸਹੀ/-
ਉਪ ਸੰਚਾਲਕ ਵਿੱਤ ਅਤੇ ਲੇਖਾ (ਸ੍ਰੀ ਰਵਿੰਦਰ ਸਿੰਘ)		ਸਹਾਇਕ ਸਿਹਤ ਅਫ਼ਸਰ (ਡਾ: ਵੀਰੇਂਦਰ ਕਾਲੀਆ)

ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 27.7.2015 ਰਾਹੀਂ ਕਮੇਟੀ ਦੀ ਸ਼ਿਫਾਰਸ਼ ਨੂੰ ਪ੍ਰਵਾਨ ਕੀਤਾ ਹੈ।

ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 27.7.2015 ਰਾਹੀਂ ਤਜਵੀਜ ਨੂੰ ਹਾਊਸ ਵਿਚ ਰੱਖਣ ਲਈ ਮੰਜੂਰੀ ਦਿੱਤੀ। ਅਮਲਾ ਸੁਪਰਡੰਟ ਨੇ ਆਪਣੇ ਨੋਟ ਮਿਤੀ 30.7.2015 ਰਾਹੀਂ ਲਿਖਿਆ ਹੈ ਕਿ ਸ੍ਰੀ ਦਵਿੰਦਰ ਸਿੰਘ, ਸੇਵਾਦਾਰ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸੀ.ਡਬਲਯੂ.ਪੀ. ਨੰ: 6288 ਆਫ 2014 ਦਾਇਰ ਕੀਤੀ ਹੈ । ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਇਸ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। ਜਿਸ ਨਾਲ ਸੰਯੁਕਤ ਕਮਿਸ਼ਨਰ ਜੀ ਨੇ ਮਿਤੀ 30.7.2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਵਲੋਂ ਇਸ ਤਜਵੀਜ ਨੂੰ ਮਿਤੀ 30.7.2015 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ।

ਤਜਵੀਜ ਅੰਤਿਮ ਪ੍ਰਵਾਨਗੀ ਹਿਤ ਹਾਊਸ ਵਿਚ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 14

ਵਿਸ਼ਾ:- ਸਿਵਲ ਰਿਟ ਪਟੀਸ਼ਨ ਨੰ: 17034 ਆਫ 2007 - ਯੁਗੇਸ਼ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਟੇਟ ਅਤੇ ਹੋਰ, ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਕਰਨ ਸਬੰਧੀ ।

ਪੜ੍ਹਿਆ ਨੋਟ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਸ਼ਾਖਾ ਮਿਤੀ 21.12.2015 ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਵਿੱਚ ਕੰਟਰੈਕਟ ਅਧਾਰ ਤੇ ਵੱਖ-ਵੱਖ ਕੈਟਾਗਰੀਆਂ ਦੇ 54 ਕਰਮਚਾਰੀ ਸਾਲ 1991-94 ਤੋਂ ਕੰਮ ਕਰਦੇ ਆ ਰਹੇ ਸਨ ਅਤੇ ਡੀ.ਸੀ. ਵਲੋਂ ਜਾਰੀ ਕੀਤੇ ਅਨੁਸਾਰ ਤਨਖਾਹ ਲੈਂਦੇ ਸਨ। ਜਿਹਨਾਂ ਦਾ ਵੇਰਵਾ ਹੇਠ ਅਨੁਸਾਰ ਹੈ:

ਟਿਊਬਵੈਲ ਡਰਾਇਵਰ	27
ਸੀਵਰਮੈਨ	16
ਫਿਟਰ	2
ਫਿਟਰ ਕੁਲੀ	3
ਮਾਲੀ-ਕਮ-ਚੌਂਕੀਦਾਰ	6
ਕੁਲ	54

ਨਗਰ ਨਿਗਮ ਦੀਆਂ ਵੱਖ-ਵੱਖ ਯੂਨੀਅਨਾਂ ਨੇ ਆਪਣੇ ਪੱਤਰਾਂ ਰਾਹੀਂ ਉਪਰੋਕਤ 54 ਕਰਮਚਾਰੀਆਂ ਨੂੰ ਰੈਗੂਲਰ ਕਰਨ ਦੀ ਮੰਗ ਕੀਤੀ ਅਤੇ ਆਪਣੇ ਮੰਗ ਪੱਤਰ ਨਾਲ ਸਰਕਾਰ ਦੇ ਪੱਤਰ ਨੰ: 11/34/2000-4ਪੀ.ਪੀ.2/1301 ਮਿਤੀ 23.1.2001 ਦੀ ਕਾਪੀ ਲਗਾਈ, ਜਿਹੜੀ ਕਿ ਡਾਇਰੈਕਟਰ, ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ ਵਲੋਂ ਕਾਰਵਾਈ ਲਈ ਭੇਜੀ ਗਈ ਸੀ। ਕਿਉਂਕਿ ਇਹਨਾਂ ਵਰਕਰਾਂ ਨੂੰ ਰੈਗੂਲਰ ਕਰਨ ਲਈ ਕੇਸ ਅਜੰਡਾ ਆਈਟਮ ਨੰ: 39 ਰਾਹੀਂ ਹਾਊਸ ਦੀ ਮੀਟਿੰਗ ਹੋਣ ਲਈ ਪੈਡਿੰਗ ਪਿਆ ਸੀ ਅਤੇ ਸਰਕਾਰ ਦੇ ਪੱਤਰ ਅਨੁਸਾਰ ਕਰਮਚਾਰੀਆਂ ਨੂੰ ਰੈਗੂਲਰ ਕਰਨ ਦਾ ਕੇਸ ਚਾਰ ਮਹੀਨੇ ਦੇ ਅੰਦਰ ਮੁਕੰਮਲ ਕਰਨਾ ਸੀ। ਇਸ ਨੂੰ ਵਿਚਾਰਦੇ ਹੋਏ ਦਫਤਰ ਦੇ ਪੱਤਰ ਨੰ: 769/ਸੀ.ਸੀ./ਗੋ./ਜੀ. ਮਿਤੀ 20.9.2001 ਰਾਹੀਂ ਸਰਕਾਰ ਨੂੰ ਜਾਣਕਾਰੀ ਦਿੱਤੀ ਗਈ ਕਿ ਸਰਕਾਰ ਦੇ ਪੱਤਰ ਨੰ: 11/34/2000-4ਪੀ.ਪੀ.2/1301 ਮਿਤੀ 23.1.2001 ਅਨੁਸਾਰ ਕਰਮਚਾਰੀਆਂ ਨੂੰ ਰੈਗੂਲਰ ਕਰਨ ਲਈ ਕੇਸ ਹਾਊਸ ਵਿਚ ਲੰਬਿਤ ਪਿਆ ਹੈ, ਕਿਉਂਕਿ ਵੱਖ-ਵੱਖ ਯੂਨੀਅਨ ਨੇ ਸਮੂਹਿਕ ਰੂਪ ਵਿਚ ਹੜਤਾਲ ਕੀਤੀ ਹੋਈ ਸੀ। ਇਹਨਾਂ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਦਫਤਰ ਦੇ ਪੱਤਰ ਨੰ: 772/ਸੀ.ਸੀ./ਗੋ/ਜੀ. ਮਿਤੀ 21.9.2001 ਰਾਹੀਂ ਸਰਕਾਰ ਨੂੰ ਡੀਟੇਲ ਪੱਤਰ ਲਿਖਿਆ ਗਿਆ ਕਿ ਵੱਖ-ਵੱਖ ਯੂਨੀਅਨਾਂ ਅਤੇ ਜਥੇਬੰਦੀਆਂ ਕਾਮਿਆਂ ਨੂੰ ਰੈਗੂਲਰ ਕਰਨ ਲਈ ਜ਼ੋਰ ਪਾ ਰਹੀਆਂ ਹਨ ਅਤੇ ਹੜਤਾਲ ਕੀਤੀ ਹੋਈ ਹੈ। ਇਸ ਲਈ ਸਰਕਾਰ ਕੋਲੋਂ ਕਾਮਿਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਪ੍ਰਵਾਨਗੀ ਦੀ ਮੰਗ ਕੀਤੀ । ਜਿਸ ਉਪਰੰਤ ਸਰਕਾਰ ਨੇ ਆਪਣੇ ਪੱਤਰ ਨੰ: 2/386/2001-3ਸਸ(1)/12895 ਮਿਤੀ 12.10.2001 ਰਾਹੀਂ ਪ੍ਰਵਾਨਗੀ ਦਿੱਤੀ। ਕਿਉਂਕਿ ਕਰਮਚਾਰੀ ਹੜਤਾਲ ਤੇ ਸਨ, ਜਿਸ ਕਰਕੇ ਉਦੋਂ ਦੇ ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਨੇ ਹੜਤਾਲੀ ਵਰਕਰਾਂ ਵਿਚ ਜਾ ਕੇ ਵਰਕਰਾਂ ਨੂੰ ਰੈਗੂਲਰ ਕਰਨ ਦੇ ਹੁਕਮ ਆਪ ਵੰਡੇ ਅਤੇ ਘੋਸ਼ਿਤ ਕੀਤਾ ਕਿ ਹੁਣ ਵਰਕਰਾਂ ਕੋਲੋਂ ਕੰਟਰੈਕਟਰ ਫਾਰਮ ਨਹੀਂ ਭਰਵਾਏ ਜਾਣਗੇ। ਕਰਮਚਾਰੀਆਂ ਨੇ ਆਪਣੀਆਂ ਹਾਜ਼ਰੀ ਰਿਪੋਰਟਾਂ ਦਿੱਤੀਆਂ । ਇਸ ਉਪਰੰਤ ਸਰਕਾਰ ਨੇ ਮਨਜ਼ੂਰੀ ਦੇ ਆਪਣੇ ਉਪਰੋਕਤ ਹੁਕਮ ਪੱਤਰ ਨੰ: 2/386/2001-3ਐਲ.ਜੀ.1/13136 ਮਿਤੀ 19.10.2001 ਰਾਹੀਂ ਸਟੇ ਕਰ ਦਿੱਤੇ। ਸਰਕਾਰ ਵਲੋਂ ਰੈਗੂਲਰ ਕਰਨ ਦੀ ਮਨਜ਼ੂਰੀ ਆਉਣ ਅਤੇ ਸਟੇ ਕਰਨ ਦੇ ਸਮੇਂ ਦੌਰਾਨ ਕਰਮਚਾਰੀਆਂ ਨੂੰ ਮਿਤੀ 15.10.2001 ਰਾਹੀ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਸਨ ਅਤੇ ਉਹਨਾਂ ਦੇ ਮੈਡੀਕਲ ਵੀ ਹੋ ਚੁੱਕੇ ਸਨ। ਇਸ ਲਈ ਦਫਤਰ ਦੇ ਪੱਤਰ ਨੰ: 3182/ਬੀ.ਐਸ./ਗੋ:/ਜੀ.ਮਿਤੀ 8.11.2001 ਰਾਹੀਂ ਸਰਕਾਰ ਨੂੰ ਸਥਿਤੀ ਬਾਰੇ ਜਾਣੂ ਕਰਵਾਇਆ ਗਿਆ ਅਤੇ ਅੱਗੇ ਦਿਸ਼ਾ ਨਿਰਦੇਸ਼ ਅਤੇ ਕੇਸ ਦੇ ਨਿਪਟਾਰੇ ਦੀ ਮੰਗ ਕੀਤੀ। ਸਰਕਾਰ ਦਾ ਕੋਈ ਜਵਾਬ ਨਾ ਆਇਆ। ਇਸ ਤੇ ਦੂਸਰਾ ਪੱਤਰ ਨੰ: 881/ਸੀ.ਸੀ./ਗੋ/ਜੀ ਮਿਤੀ 5.2.2002 ਲਿਖਿਆ ਪ੍ਰੰਤੂ ਫਿਰ ਕੋਈ ਜਵਾਬ ਨਾ ਆਇਆ। ਕਰਮਚਾਰੀਆਂ ਨੇ ਮਾਨਯੋਗ ਹਾਈਕੋਰਟ ਵਿਖੇ ਸਿਵਲ ਰਿਟ ਪਟੀਸ਼ਨ ਨੰ: 19252 ਆਫ 2001 ਦਾਇਰ ਕਰ ਦਿੱਤੀ ਗਈ। ਕਰਮਚਾਰੀਆਂ ਨੂੰ ਜਿਹੜੀ ਤਨਖਾਹ ਦੇਣੀ ਸੀ ਇਸ ਬਾਰੇ ਕੋਈ ਫੈਸਲਾ ਨਾ ਹੋ ਸਕਿਆ। ਕਰਮਚਾਰੀ ਰੈਗੂਲਰ ਤਨਖਾਹ ਦੀ ਮੰਗ ਕਰ ਰਹੇ ਸਨ। ਮਾਨਯੋਗ ਹਾਈਕੋਰਟ ਨੇ ਮਿਤੀ 20.9.2002 ਨੂੰ ਹੁਕਮ ਜਾਰੀ ਕੀਤੇ ਜ਼ੋ ਕਿ ਹੇਠ ਅਨੁਸਾਰ ਹੈ :

"It is directed that the salary whatever is due according to the respondents to the petitioner, shall be paid to the petitioner, who in turn, would accept the same without prejudice to their rights and contentions."

ਇਸ ਤਰ੍ਹਾਂ ਵਰਕਰਾਂ ਨੂੰ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਈ ਡੀ.ਸੀ. ਰੇਟਾਂ ਤੇ ਹੀ ਅਦਾਇਗੀ ਕੀਤੀ ਗਈ।

ਮਾਨਯੋਗ ਹਾਈਕੋਰਟ ਨੇ ਮਿਤੀ 28.8.2003 ਨੂੰ ਫੈਸਲਾ ਕਰ ਦਿੱਤਾ ਜ਼ੋ ਕਿ ਹੇਠ ਅਨੁਸਾਰ ਹੈ :

"We therefore allow the writ petition quash the order, Annexure P-4 and remit the case to the Municipal Corporation Jalandhar for a reconsideration of the case of the petitioner for regularization of their services within two months from the date that a certified copy of the order is supplied to the respondents keeping in view the above observations."

ਇਹਨਾਂ ਹੁਕਮਾਂ ਵਿਚ ਅਗਲੇਰੀ ਕਾਰਵਾਈ ਹਿਤ ਕੇਸ ਕਾਰਪੋਰੇਸ਼ਨ ਹਾਊਸ ਨੂੰ ਭੇਜਿਆ ਗਿਆ ਅਤੇ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰ; 195 ਮਿਤੀ 8.10.2003 ਰਾਹੀਂ ਫੈਸਲਾ ਕੀਤਾ ਕਿ "ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਰੈਗੂਲਰ ਕਰਨ ਦਾ ਫੈਸਲਾ ਕੀਤਾ ਜਾਂਦਾ ਹੈ।"

ਇਸ ਉਪਰੰਤ ਸਥਾਨਕ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਨਿਗਮ ਜਲੰਧਰ ਵਲੋਂ ਮਾਨਯੋਗ ਸੁਪਰੀਮ ਕੋਰਟ ਵਿਖੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 28.8.2003 ਦੇ ਵਿਰੁੱਧ ਐਸ.ਐਲ.ਪੀ. ਨੰ: 7866 ਆਫ 2004 ਦਾਇਰ ਕੀਤੀ ਗਈ ਜ਼ੋ ਕਿ ਮਾਨਯੋਗ ਸੁਪਰੀਮ ਕੋਰਟ ਵਲੋਂ ਮਿਤੀ 29.11.2004 ਨੂੰ ਖ਼ਾਰਜ ਕਰ ਦਿੱਤੀ ।

ਕਿਉਂ ਜ਼ੋ ਨਗਰ ਨਿਗਮ ਜਲੰਧਰ ਦੇ ਮਤਾ ਨੰ: 195 ਮਿਤੀ 8.10.2003 ਅਨੁਸਾਰ ਬਣਦਾ ਲਾਭ ਨਹੀਂ ਦਿੱਤਾ ਗਿਆ ਸੀ ਜਿਸ ਕਰਕੇ ਪਟੀਸ਼ਨਰਾਂ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸੀ.ਓ.ਸੀ.ਪੀ. ਨੰ: 654 ਆਫ 2007 ਦਾਇਰ ਕਰ ਦਿੱਤੀ ਗਈ । ਮਿਤੀ 2.8.2007 ਨੂੰ ਉਸ ਸਮੇਂ ਦੇ ਕਮਿਸ਼ਨਰ ਵਲੋਂ ਬਤੌਰ ਐਡਮਿਨਿਸਟਰੇਟਰ ਪਟੀਸ਼ਨਰਾਂ ਦੇ ਵਿਰੁੱਧ ਫੈਸਲਾ ਦਿੱਤਾ ਜਿਸ ਨੂੰ ਪਟੀਸ਼ਨਰਾਂ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸੀ.ਡਬਲਯੂ.ਪੀ. ਨੰ: 17034 ਆਫ 2007 ਰਾਹੀਂ ਚੈਲੰਜ ਕੀਤਾ ।

ਸਿਵਲ ਰਿਟ ਪਟੀਸ਼ਨ ਨੰ: 17034 ਆਫ 2007 ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਮਿਤੀ 18.08.2015 ਨੂੰ ਫੈਸਲਾ ਸੁਣਾਇਆ ਕਿ ਸੀ.ਡਬਲਯੂ.ਪੀ. ਨੰ: 2802 ਆਫ 2003 ਵਿੱਚ ਮਿਤੀ 8.2.2013 ਨੂੰ ਸੁਣਾਏ ਗਏ ਫੈਸਲੇ ਜਿਸ ਨੂੰ ਡਵੀਜ਼ਨ ਬੈਂਚ ਨੇ ਐ.ਪੀ.ਏ. ਨੰ: 1122 ਆਫ 2013 ਰਾਹੀਂ ਬਰਕਰਾਰ ਰੱਖਿਆ , ਅਨੁਸਾਰ ਪਟੀਸ਼ਨਰਾਂ ਦੇ ਕੇਸ ਬਾਰੇ ਕੰਪੀਟੈਂਟ ਅਥਾਰਟੀ ਇਹਨਾਂ ਹੁਕਮਾਂ ਦੀ ਸਰਟੀਫਾਈਡ ਕਾਪੀ ਪ੍ਰਾਪਤੀ ਤੋਂ ਦੋ ਮਹੀਨੇ ਦੇ ਵਿੱਚ ਵਿੱਚ ਮੂੰਹ ਬੋਲਦੇ ਹੁਕਮ ਪਾਸ ਕਰੇ ।

ਇਸ ਸਬੰਧ ਵਿਚ ਮਾਨਯੋਗ ਕਮਿਸ਼ਨਰ ਜੀ ਵਲੋਂ ਦਫਤਰੀ ਰਿਕਾਰਡ ਅਤੇ ਸਬੰਧਤ ਅਦਾਲਤੀ ਫੈਸਲਿਆਂ ਤੇ ਵਿਚਾਰ ਕਰਨ ਉਪਰੰਤ ਮਿਤੀ 17.12.2015 ਅਨੁਸਾਰ ਵਿਸਥਾਰਤ ਹੁਕਮ ਹੇਠ ਅਨੁਸਾਰ ਪਾਸ ਕੀਤੇ ਹਨ ।

In pursuance of orders passed by the Hon'ble High Court in CWP No. 17034 of 2007 - Yogesh Sharma & Others Vs State of Punjab and Others on dated 18/8/2015 in which it has been decided to consider the case of petitioners w.r.t CWP No. 2802 of 2003 and upheld in LPA No. 1122 of 2013. The operating part of the order of the CWP No. 2802 of 2003 is as under:

"In view of the above, present writ-petition is allowed. Directions is issued to the respondents to regularise the services of the petitioners w.e.f. 23/01/2001 as per the policy decision dt. 23/01/2001. Petitioners shall be entitled to all consequential benefit from the date of their regularisation except for the monetary benefit, which shall be restricted to three years & two months prior to the date of filing of the present writ petition".

I perused the judgements passed in these two cases. The facts leading to judgment in CWP No. 2802 are almost the same as in the case of petitioners in CWP 17034. In both these cases the employees were regularized on the basis of Government Policy circulated vide letter No. 11/34/2000-4PP3/1301 dated. 23/01/2001. In the case of petitioners their services were regularized by Municipal Corporation Jalandhar according to the approval of Local Govt. Deptt. conveyed vide letter No. 2/306/2001-3LG(1)/12895 dated 12/10/2001. However, the letter was later on withdrawn by the Govt. vide Memo. No. 2/386/2001-3LG-1/13136 dt. 19/10/2001, resultantly the employees approached the Hon'ble High Court and the Govt. letter dt. 19/10/2001 was quashed vide order dated 28/08/2003 and the case was remitted to the Municipal Corporation for reconsideration of the petitioners for the regularisation of their services.

From the record placed before me, it is found that petitioners were appointed on contract basis during the year 1991-94. The Municipal Corporation, Jalandhar vide resolution No. 195 dated 08.10.2003 resolved to regularize the services of petitioners w.e.f. their date of appointment.

In the meanwhile as per directions of Local Govt. Punjab, the Municipal Corporation, Jalandhar filed special leave petition No. 7866 of 2004 in the Hon'ble Apex Court of India against the Judgment dated 28.08.2003 passed by the Hon'ble High Court in CWP No. 19252 of 2001. The same was dismissed by the Hon'ble Court on 29.11.2004. The operative part of the order is as under:

"We find that the High Court has not decided any other question expect that the Municipal Corporation has the necessary power and authority to consider the cases of the respondents for regularization of their services. Obviously, while considering their cases the Municipal Corporation must take into account all relevant facts and circumstances, including the judgments of this court on the subject. We, therefore, find no reason to interfere. The Special Leave petition is, accordingly, dismissed."

The benefit of regularization of services as resolved vide resolution No. 195 dated 8.10.2003 was not given to the petitioners and as such, the petitioners filed C.O.C.P. No. 654 of 2007 for not honouring the orders of the Hon'ble High Court passed on 28.08.2003 in CWP No. 19252 of 2001. During the pendency of COCP, the then Commissioner, Municipal Corporation, Jalandhar being Administrator on 2.8.2007 passed orders against which the Petitioners again filed CWP No. 17034 of 2007. The Hon'ble High Court decided this writ petition on 18.08.2015 and passed the following orders:

"Mr. R.K. Chopra, Learned Senior Counsel, appearing on behalf of the petitioners, relies upon a judgment of a Coordinate Bench, passed in CWP No. 2802 of 2003 on 08/02/2013, upheld by a Division Bench in LPA No. 1122 of 2013."

"Consequently, this petition is disposed of with a direction to the respondents, to consider the case of the petitioners in the light of the aforesaid two judgments. A speaking order shall be passed by the competent authority after such consideration, within a period of two months, from the date of receipt of certified copy of this order".

I, Gurpreet Singh Khehra, Commissioner, Municipal Corporation, Jalandhar pursued the entire record of the case and the judgment given in CWP No. 2802 of 2003 dated. 08/02/2013 and as upheld in LPA No. 1122 of 2013 and order that the case of the petitioners be put up before the Municipal Corporation, Jalandhar for according approval to regularize the services of petitioners from the date of their appointment in the year 2001 but monetary benefit of regularization will be restricted to three years and two months back from the date of filing CWP No. 17034 of 2007 as decided in CWP No. 2802 of 2003.

The copy of these orders be supplied to Sh. Yogesh Sharma, petitioner for information of other petitioners also. SE (O&M) will ensure that the case be put up before Municipal Corporation, Jalandhar in the next meeting.

Sd/-
Commissioner
Municipal Corporation
Jalandhar

ਉਹਨਾਂ ਵਲੋਂ ਆਪਣੇ ਹੁਕਮਾਂ ਦੇ ਨਿਰਨਾਇਕ ਪੈਰਾ ਵਿਚ ਹੇਠ ਅਨੁਸਾਰ ਫੈਸਲਾ ਲਿਤਾ ਗਿਆ ਹੈ ਕਿ ਸਿਵਲ ਰਿਟ ਪਟੀਸ਼ਨ ਨੰ: 2802 ਆਫ 2003 ਅਤੇ ਸਿਵਲ ਪਟੀਸ਼ਨ ਨੰ: 17034 ਮਿਤੀ 2007 ਦੇ ਤੱਥ ਇਕੋ ਜਿਹੇ ਹਨ। ਕਿਉਂ ਜੋ ਦੋਹਾਂ ਕੇਸਾਂ ਵਿਚ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੀ ਰੈਗੂਲਾਈਜੇਸ਼ਨ ਨੀਤੀ ਜੋ ਕਿ ਪੱਤਰ ਨੰ: 11/34/2000-4ਪਪ3/1301 ਮਿਤੀ 23.1.2001 ਅਨੁਸਾਰ ਰੈਗੂਲਰ ਕੀਤਾ ਗਿਆ । ਮੌਜੂਦਾ ਪਟੀਸ਼ਨਰਾਂ ਦੇ ਕੇਸ ਵਿਚ ਕਰਮਚਾਰੀਆਂ ਨੂੰ ਨਗਰ ਨਿਗਮ ਦੇ ਮਤਾ ਨੰ: 195 ਮਿਤੀ 8.10.2003 ਰਾਹੀਂ ਨਿਯੁਕਤੀ ਪੱਤਰ ਦੀ ਮਿਤੀ ਤੋਂ ਰੈਗੂਲਰ ਕੀਤਾ ਗਿਆ ਸੀ ਪਰ ਉਹਨਾਂ ਨੂੰ ਉਦੋਂ ਦੇ ਕਮਿਸ਼ਨਰ ਵਲੋਂ 2.8.2007 ਅਨੁਸਾਰ ਜੋ ਲਾਭ ਦਿੱਤੇ ਗਏ ਉਹਨਾਂ ਤੋਂ ਸਤੁੰਸ਼ਟ ਨਾ ਹੁੰਦੇ ਹੋਏ ਇਹਨਾਂ ਕਰਮਚਾਰੀਆਂ ਨੇ ਸਿਵਲ ਰਿਟ ਪਟੀਸ਼ਨ ਨੰ: 17034 ਆਫ 2007 ਦਾਇਰ ਕੀਤੀ। ਇਸ ਸਿਵਲ ਰਿਟ ਪਟੀਸ਼ਨ ਨੂੰ ਮਾਨਯੋਗ ਹਾਈਕੋਰਟ ਵਲੋਂ ਰਿਟ ਪਟੀਸ਼ਨ ਨੰ: 2802 ਆਫ 2003 ਐਲ.ਪੀ.ਏ. 1122 ਆਫ 2013 ਅਨੁਸਾਰ ਨਿਪਟਾਉਣ ਲਈ ਦੋ ਮਹਿਨੇ ਦਾ ਸਮਾਂ ਦਿੱਤਾ । ਕਮਿਸ਼ਨਰ ਜੀ ਵਲੋਂ ਮਿਤੀ 17.12.2015 ਨੂੰ ਉਕਤ ਪਾਸ ਕੀਤੇ ਗਏ ਮੂੰਹ ਬੋਲਦੇ ਹੁਕਮਾਂ ਰਾਹੀਂ ਸ਼ਿਫਾਰਸ਼ ਕੀਤੀ ਗਈ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਉਸ ਮਿਤੀ ਜਦੋਂ ਇਹਨਾਂ ਦੇ ਨਿਯੁਕਤੀ ਪੱਤਰ 2001 ਤੋਂ ਜਾਰੀ ਹੋਏ ਸਨ ਅਨੁਸਾਰ ਰੈਗੂਲਰ ਕੀਤਾ ਜਾਵੇ ਅਤੇ ਵਿੱਤੀ ਲਾਭ ਸਿਵਲ ਰਿਟ ਪਟੀਸ਼ਨ ਨੰ: 17034 ਆਫ 2007 ਦਾਇਰ ਕਰਨ ਦੀ ਮਿਤੀ ਤੋਂ ਤਿੰਨ ਸਾਲ ਦੋ ਮਹੀਨੇ ਪਹਿਲਾਂ ਤੋਂ ਜਿਵੇ ਕਿ ਉਪਰੋਕਤ ਰਿਟ ਪਟੀਸ਼ਨ ਨੰ: 2802 ਆਫ 2003 ਤੇ ਐਲ.ਪੀ.ਏ. 1122 ਆਫ 2013 ਤੋਂ ਫੈਸਲਾ ਹੋ ਚੁੱਕਾ ਹੈ, ਦੇਣ ਸਬੰਧੀ ਕੇਸ ਪ੍ਰਵਾਨਗੀ ਲਈ ਨਗਰ ਨਿਗਮ ਦੀ ਇਕੱਤਰਤਾ ਵਿਚ ਪੇਸ਼ ਕੀਤਾ ਜਾਵੇ ।

ਕਿਉਂਜੋ ਇਸ ਕੇਸ ਵਿਚ ਮਾਨਯੋਗ ਹਾਈਕੋਰਟ ਵਲੋਂ ਫੈਸਲਾ ਲੈਣ ਲਈ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ ਅਤੇ ਸਥਾਨਕ ਸਰਕਾਰ ਵਲੋਂ ਇਸ ਨੂੰ ਨਿਸ਼ਚਿਤ ਸਮੇਂ ਅੰਦਰ ਫੈਸਲਾ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਲਈ ਯੋਗ ਹੋਵਗਾ ਕਿ ਇਸ ਕੇਸ ਵਿਚ ਨਗਰ ਨਿਗਮ ਦੀ ਮੰਨਜੂਰੀ ਦੀ ਆਸ ਵਿਚ ਇਸ ਦੀ ਅਗੇਤੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਇਹ ਵਰਨਣ ਯੋਗ ਹੈ ਕਿ ਇਸ ਕੇਸ ਵਿਚ ਫੈਸਲਾ ਲੈਣ ਦੀ ਅੰਤਿਮ ਮਿਤੀ ਬੀਤ ਗਈ ਹੈ। ਅਗੇਤੀ ਮੰਨਜੂਰੀ ਉਪਰਾਂਤ ਸਥਾਨਕ ਸਰਕਾਰ ਨੂੰ ਸੂਚਿਤ ਕਰ ਦਿੱਤਾ ਜਾਵੇਗਾ ।ਜਿਸ ਤੇ ਵਧੀਕ ਕਮਿਸ਼ਨਰ ਨੇ ਮਿਤੀ 28.12.15 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 29.12.15 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ਅਤੇ ਮਾਨਯੋਗ ਮੇਅਰ ਜੀ ਨੇ ਮਿਤੀ 29.12.2015 ਰਾਹੀਂ ਇਸ ਕੇਸ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਹੈ ।

ਕੇਸ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 15

ਵਿਸ਼ਾ:- ਵਿਧਾਨਸਭਾ ਹਲਕਾ ਉੱਤਰੀ ਦੇ ਤਖਮੀਨਿਆਂ ਦੀ ਪ੍ਰਵਾਨਗੀ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਸਬੰਧੀ। ਗਰਾਂਟ

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 30.3.15 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼੍ਰੀ ਕੇ.ਡੀ. ਭੰਡਾਰੀ, ਮੁੱਖ ਸੰਸਦੀ ਸਕੱਤਰ, ਪੰਜਾਬ, ਜੀ ਦੇ ਜੁਬਾਨੀ ਹੁਕਮਾਂ ਮੁਤਾਬਿਕ ਰੁ: 50-50 ਲੱਖ ਦੇ ਹੇਠ ਲਿਖੇ ਤਿੰਨ ਤਖਮੀਨੇ ਤਿਆਰ ਕੀਤੇ ਗਏ ਹਨ:-

ਲੜੀ ਨੰ:	ਕੰਮ ਨਾਮ	ਤਖਮੀਨਾ (ਰੁ: ਲੱਖਾਂ ਵਿੱਚ)
1	ਕਨਸਟਰਕਸ਼ਨ ਆਫ ਸੀਮੇਂਟ ਕੰਕਰੀਟ ਸਟਰੀਟਸ ਇਨ ਮੁੱਹਲਾ ਹਰਦਿਆਲ ਨਗਰ, ਵਾਰਡ ਨੰ:03	50.00
2	ਕਨਸਟਰਕਸ਼ਨ ਆਫ ਸੀਮੇਂਟ ਕੰਕਰੀਟ ਸਟਰੀਟਸ ਇਨ ਸਰਾਭਾ ਨਗਰ, ਬਚਿੰਤ ਨਗਰ ਐਂਡ ਹਰਗੋਬਿੰਦ ਨਗਰ ਵਾਰਡ ਨੰ:03	50.00
3	ਕਨਸਟਰਕਸ਼ਨ ਆਫ ਸੀਮੇਂਟ ਕੰਕਰੀਟ ਸਟਰੀਟਸ ਇਨ ਮੁੱਹਲਾ ਅੰਮ੍ਰਿਤ ਵਿਹਾਰ ਵਾਰਡ ਨੰ:01	50.00
4	ਕਨਸਟਰਕਸ਼ਨ ਆਫ ਜੋਗਿੰਗ ਟ੍ਰੈਕ ਇਨ ਦੀ ਪਾਰਕ ਆਫ ਪ੍ਰਤਾਪ ਬਾਗ, ਜਲੰਧਰ।	2.50

ਉਪਰੋਕਤ ਕੰਮਾਂ ਦੀ ਗ੍ਰਾਂਟ ਰਾਸ਼ੀ ਰੁ: 1.50 ਕਰੋੜ ਅਤੇ ਐਮ.ਪੀ. ਗ੍ਰਾਂਟ ਰਾਸ਼ੀ ਰੁ: 2.50 ਲੱਖ ਨਗਰ ਨਿਗਮ, ਜਲੰਧਰ ਦੇ ਖਾਤੇ ਵਿੱਚ ਪਹੁੰਚ ਚੁੱਕੀ ਹੈ। ਇਸ ਲਈ ਉਪਰੋਕਤ ਲੜੀ ਨੰ: 1 ਤੋਂ 4 ਦੇ ਤਖਮੀਨਿਆਂ ਦੀ ਪ੍ਰਵਾਨਗੀ ਦਿੱਤੀ ਜਾਵੇ ਅਤੇ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਇਹਨਾਂ ਕੰਮਾਂ ਦੇ ਸ਼ਾਰਟ ਟਰਮ ਟੈਂਡਰ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 30.3.15 ਰਾਹੀਂ ਲਿਖਿਆ ਹੈ ਕਿ ਸਰਕਾਰ ਦੇ ਪੱਤਰ ਨੰ; ਡੀ.ਸੀ.ਐਫ.ਏ./12174 ਮਿਤੀ 20.3.2015 ਰਾਹੀਂ ਵਿਧਾਨ ਸਭਾ ਉਤੱਰੀ ਹਲਕਾ ਵਾਸਤੇ ਗ੍ਰਾਂਟ ਪ੍ਰਾਪਤ ਹੋਈ ਹੈ ਜਿਸ ਲਈ ਉਕਤ ਤਖ਼ਮੀਨੇ ਤਿਆਰ ਕੀਤਾ ਗਏ ਹਨ ਜਿਨ੍ਹਾਂ ਨੂੰ ਪ੍ਰਵਾਨ ਕਰਨ ਅਤੇ ਸ਼ਾਰਟ ਟਰਮ ਟੈਂਡਰ ਲਗਾਉਣ ਦੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਕਮਿਸ਼ਨਰ ਜੀ ਵਲੋਂ ਇਸ ਸਬੰਧੀ ਮਿਤੀ 1.4.2015 ਨੂੰ ਪ੍ਰਵਾਨਗੀ ਦਿੱਤੀ ਗਈ ।ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 24.7.15 ਰਾਹੀਂ ਮੁੜ੍ਹ ਲਿਖਿਆ ਹੈ ਕਿ ਇਸ ਸਬੰਧੀ ਟੈਂਡਰ ਲਗਾਏ ਗਏ ਸਨ ਪ੍ਰੰਤੂ ਹੁਣ ਡੀ.ਸੀ.ਐਫ.ਏ. ਵਲੋਂ ਕੁਆਰੀ ਲਗਾਈ ਗਈ ਹੈ ਕਿ ਇਨ੍ਹਾਂ ਤਖ਼ਮੀਨਿਆਂ ਸਬੰਧੀ ਨਗਰ ਨਿਗਮ ਹਾਊਸ ਪਾਸੋਂ ਪ੍ਰਵਾਨਗੀ ਲਈ ਜਾਵੇ । ਇਸ ਲਈ ਤਜ਼ਵੀਜ਼ ਕੀਤਾ ਜਾਂਦਾ ਹੈ ਕਿ ਇਨ੍ਹਾਂ ਤਖ਼ਮੀਨਿਆਂ ਨੂੰ ਨਗਰ ਨਿਗਮ ਹਾਊਸ ਦੀ ਪੂਰ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਜਾਵੇ ।ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ: 25.7.15 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ 25.7.2015 ਨੂੰ ਮਜ਼ੂੰਰ ਕੀਤਾ ਹੈ ।

ਤਖ਼ਮੀਨੇ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 16

ਵਿਸ਼ਾ:- ਨਗਰ ਨਿਗਮ ਜਲੰਧਰ ਵੱਲੋ ਮਿਤੀ 21.06.2015 ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਤੇ ਆਏ ਖਰਚੇ ਦੀ ਮੰਜੂਰੀ ਸਬੰਧੀ।

ਪੜ੍ਹਿਆ ਨੋਟ ਸਟੋਰ (ਜਨਰਲ) ਮਿਤੀ 14.7.2015 ਜਿਸ ਨਾਲ ਸੁਪਰਡੰਟ ਸਟੋਰ ਨੇ ਸਿਫਾਰਸ਼ ਕੀਤੀ ਹੈ ਕਿ ਮਾਨਯੋਗ ਮੇਅਰ ਜੀ ਅਤੇ ਕਮਿਸ਼ਨਰ ਜੀ ਦੇ ਜੁਬਾਨੀ ਹੁਕਮਾਂ ਦੀ ਪਾਲਨਾਂ ਕਰਦੇ ਹੋਏ ਮਿਤੀ 21.06.2015 ਨੂੰ ਮਾਡਲ ਟਾਊਨ ਮਾਰਕਿਟ ਵਿਖੇ ਸਵੇਰੇ 5:30 ਵਜੇ ਅੰਤਰਰਾਸਟਰੀ ਯੋਗ ਦਿਵਸ ਮਨਾਉਣ ਦਾ ਆਯੋਜਨ ਕੀਤਾ ਗਿਆ। ਜਿਸ ਤੇ ਹੇਠ ਅਨੁਸਾਰ ਖਰਚ ਆਇਆ ਹੈ :-

1. ਬੇਰੀ ਇਲੈਕਟ੍ਰੀਕਲ ਕੰਪਨੀ	ਰੁਪਏ	27,100/-
2. ਫੈਨਸੀ ਟੈਂਟ ਹਾਊਸ	ਰੁਪਏ	1,06,200/-
3. ਗੁਲਸ਼ਨ ਡਿਜਿਟਲ ਸਟੂਡੀਓ	ਰੁਪਏ	6,000/-
4. ਸਰੰਗਲ ਪ੍ਰਿੰਟਰਸ	ਰੁਪਏ	88,730/-
ਕੁੱਲ ਜ਼ੋੜ	ਰੁਪਏ	2,28,030/-

ਉਕਤ ਹੋਏ ਖਰਚੇ ਦੀ ਅਦਾਇਗੀ ਲਈ ਸਬੰਧਤ ਫਰਮਾਂ/ ਅਜੰਸੀਆਂ ਵਲੋਂ ਜ਼ੋਰ ਪਾਇਆ ਜਾ ਰਿਹਾ ਹੈ। ਇਸ ਲਈ ਖਰਚੇ ਦੀ ਆਰਜੀ ਅਦਾਇਗੀ ਰੁਪਏ 2,28,030/- ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ ਅਤੇ ਇਸ ਆਯੋਜਨ ਤੇ ਹੋਏ ਖਰਚੇ ਦੀ ਪ੍ਰਵਾਨਗੀ ਸਰਕਾਰ ਪਾਸੋਂ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82(3) ਅਧੀਨ ਲੋੜੀਂਦੀ ਹੈ। ਇਸ ਲਈ ਉਕਤ ਕੇਸ ਨੂੰ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਲਈ ਭੇਜਿਆ ਜਾਵੇ ਜਿਸ ਨਾਲ ਸੰਯੁਕਤ ਕਮਿਸ਼ਨਰ ਨੇ ਮਿਤੀ 15-07-2015 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।ਕਮਿਸ਼ਨਰ ਜੀ ਨੇ ਮਿਤੀ 16-7-2015 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਵਲੋਂ ਇਸ ਤਜਵੀਜ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਾਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:17

ਵਿਸ਼ਾ:- ਕੰਪਨੀ ਬਾਗ (ਨਹਿਰੂ ਗਾਰਡਨ) ਦੇ ਉਦਘਾਟਨ ਸਮਾਰੋਹ ਮਿਤੀ: 21.06.2015 ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਬਾਰੇ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਮਾਨਯੋਗ ਮੰਤਰੀ ਸਥਾਨਕ ਸਰਕਾਰ ਪੰਜਾਬ ਜੀ ਵੱਲੋਂ ਮਿਤੀ:21.06.2015 ਨੂੰ ਕੰਪਨੀ ਬਾਗ (ਨਹਿਰੂ ਗਾਰਡਨ) ਦਾ ਉਦਘਾਟਨ ਕੀਤਾ ਜਾਣਾ ਹੈ। ਇਸ ਸਬੰਧੀ ਮਿਤੀ:17.06.2015 ਨੂੰ ਹੋਈ ਮੀਟਿੰਗ ਵਿੱਚ ਮਾਨਯੋਗ ਮੇਅਰ, ਕਮਿਸ਼ਨਰ, ਸੰਯੁਕਤ ਕਮਿਸ਼ਨਰ ਜੀ ਅਤੇ ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਵੱਲੋਂ ਉਦਘਾਟਨ ਸਮਾਰੋਹ ਲਈ ਵੱਖ-ਵੱਖ ਕਮੇਟੀਆਂ ਬਣਾਈਆਂ ਗਈਆਂ ਸਨ, ਇਨ੍ਹਾਂ ਕਮੇਟੀਆਂ ਵੱਲੋਂ ਦਿੱਤੇ ਗਏ ਖਰਚੇ ਦੀ ਡਿਟੇਲ ਹੇਠ ਅਨੁਸਾਰ ਹੈ:

ਲੜੀ ਨੰ:	ਹੋਣ ਵਾਲਾ ਕੰਮ	ਲਾਗਤ
1.	ਟੈਂਟ ਹਾਊਸ ਅਤੇ ਹੋਰ	ਰੁਪਏ 60,000/-
2.	ਲਾਈਟ ਅਤੇ ਸਾਊਂਡ	ਰੁਪਏ 85,000/-
3.	ਗੇਟਾਂ ਦੀ ਸਜਾਵਟ ਅਤੇ ਫੁੱਲਾਂ ਦੇ ਹਾਰ ਆਦਿ	ਰੁਪਏ 45,000/-
4.	ਖਾਣ-ਪੀਣ ਦਾ ਸਮਾਨ ਆਦਿ	ਰੁਪਏ 82,000/-
5.	ਐਲ.ਈ.ਡੀ. ਵਿਡਿਊਗਰਾਫੀ, ਫੋਟੋ ਗਰਾਫੀ ਅਤੇ ਡਾਕੂਮੈਂਟਰੀ ਆਦਿ	ਰੁਪਏ 70,000/-
6.	ਸੱਦਾ ਪੱਤਰ	ਰੁਪਏ 5000/-
7.	Gifts to the V.V.IPS	ਰੁਪਏ 15000/-
	ਕੁੱਲ ਲਾਗਤ	ਰੁਪਏ 3,62,000/-

ਉਪਰੋਕਤ ਖਰਚੇ ਦੀ ਪ੍ਰਵਾਨਗੀ ਮਾਣਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 82(3) ਅਧੀਨ ਲੋੜੀਂਦੀ ਹੈ। ਇਸ ਲਈ ਇਹ ਕੇਸ ਪੰਜਾਬ ਸਰਕਾਰ ਨੂੰ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 18.6.2015 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 18.6.2015 ਰਾਹੀਂ ਉਪਰੋਕਤ ਤਜ਼ਵੀਜ਼ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:18

ਵਿਸ਼ਾ:- ਟੈਸਟਿੰਗ ਚਾਰਜਿਜ ਰੁਪਏ 1,27,680/- ਦੀ ਅਦਾਇਗੀ ਕਰਨ ਸਬੰਧੀ ।

Ref: Memo NO. PUDM:2015:1305-06 Dated June 04,2015

ਪੜ੍ਹਿਆ ਨੋਟ ਓ.ਐਸ.ਡੀ. (ਪੀ.ਐਂਡ ਕਿਊ.ਸੀ.) ਕਿ Inspection of road works was done by Maj. Gen. (Retd.)V.K. Bhatt, SM, VSM on 26 May 2015. Samples were taken during the inspection of road work for checking field density of BM, SDBC, BC and bitumen content etc. at Guru Nanak Dev Engg. College, Ludhiana. In this regard bill no. GNDEC/TCC/B/4435 dated 02 June 2015 of Rs. 1, 27,680/- (Rupees One Lac Twenty seven thousand six hundred and eighty only), raised by Guru Nanak Dev Engg. College, Ludhiana as testing charges has been forwarded by Maj. Gen. (Retd.) V.K. Bhatt, SM, VSM. Approval may please be granted for payment of Rs. 1,27,680 in favour of Director, Guru Nanak Dev Engg. College, Ludhiana. ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 11-06-2015 ਰਾਹੀਂ ਕੇਸ ਹਾਊਸ ਵਿਚ ਪ੍ਰਵਾਨਗੀ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 15.6.15 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:5.08.15 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 15.6.2015 ਰਾਹੀਂ ਉਪਰੋਕਤ ਤਜ਼ਵੀਜ਼ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:19

Subject: Development of Jalandhar City under Smart City Mission.

ਪੜਿਆ ਨੋਟ ਸਮੂਹ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ The Ministry of Urban Development, Govt. of India has launched "Smart City Mission" for the purpose of improvement in the levels of developments, willingness to change and reforms, resources and aspirations for the residents of the city. A smart city would have a different connotation in India than, say Europe. Even in India, there is no one way of defining a Smart City.

Some definitional boundaries are required to guide cities in the Mission. In the imagination of any city dweller in India, the picture of a Smart City contains a wish list of infrastructure and services that describes his or her level of aspiration. To provide for the aspirations and needs of the citizens, urban planners ideally aim at developing the entire urban eco-system, which is represented by the four pillars of comprehensive development — institutional, physical, social and economic infrastructure. This can be a long term goal and cities can work towards developing such comprehensive infrastructure incrementally, adding on layers of 'smartness'.

The core infrastructure elements in a Smart City would include:

i. Adequate water supply,
ii. Assured electricity supply,
iii. Sanitation, including solid waste management
iv. Efficient urban mobility and public transport,
v. Affordable housing, especially for the poor,
vi. Robust IT connectivity and digitalization,
vii. Good governance, especially e-Governance and citizen participation,
viii. Sustainable environment,
ix. Safety and security of citizens, particularly women, children and the elderly, and
x. Health and education.

In this regards, a meeting was convened by the Worthy Mayor alongwith the Commissioner and other officials of the corporation and this matter was discussed in details. Since the Govt. of India has decided to cover 100 cities with duration of 5 years under this mission, it has been decided that Jalandhar City rightly deserves to be included in the first 100 cities, so as to undertake the various development projects to be cover under permissible heads as mentioned above.

Hence, the matter regarding the inclusion of Municipal Corporation Jalandhar to be considered under Smart City Mission may be approved in anticipation of the House so that the same may be forwarded to Govt. of Punjab for approval.

ਨਿਗਰਾਨ ਇੰਜੀਨਿਅਰ ਬੀ ਐਂਡ ਆਰ ਨੇ ਤਜ਼ਵੀਜ਼ ਹਾਊਸ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਹੈ । ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 6.7.2015 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।ਮਾਨਯੋਗ ਮੇਅਰ ਜੀ ਨੇ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ 6.7.15 ਰਾਹੀਂ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿੱਚ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 20

ਵਿਸ਼ਾ: Submissioin of Detailed Contigent Bills under the Head 4217 – Capital Outlay on Urban Development under BSUP and RAY scheme.

ਪੜਿਆ ਨੋਟ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਕਿ ਨਗਰ ਨਿਗਮ ਜਲੰਧਰ ਨੂੰ ਰਾਜੀਵ ਆਵਾਸ ਯੋਜਨਾ ਤਹਿਤ ਪ੍ਰੋਜੈਕਟ ਇਮਪਲੀਮੈਂਟਿੰਗ ਯੂਨਿਟ ਦੀ ਸਥਾਪਨਾ ਲਈ ਮਿਤੀ 10.10.2013 10.00 ਲੱਖ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਪਾਸੋਂ ਵਸੂਲ ਹੋਈ ਸੀ। ਪ੍ਰੰਤੂ ਬਾਅਦ ਵਿੱਚ ਭਾਰਤ ਸਰਕਾਰ ਵਲੋਂ ਇਸ ਸਕੀਮ ਨੂੰ ਡਰਾਪ ਕਰ ਦਿੱਤਾ ਅਤੇ ਹੁਣ ਇਸ ਸਕੀਮ ਦੀ ਥਾਂ ਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਨਵੀਂ ਸਕੀਮ ਦਾ ਗਠਨ ਕੀਤਾ ਜਾ ਰਿਹਾ ਹੈ । ਇਸ ਲਈ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਉਕਤ ਪ੍ਰਾਪਤ ਹੋਈ 10.00 ਲੱਖ ਦੀ ਰਾਸ਼ੀ ਵਾਪਸ ਪੀ.ਐਮ.ਆਈ.ਡੀ.ਸੀ., ਨੂੰ ਉਹਨਾਂ ਦੇ ਪੱਤਰ ਨੰ: ਪੀ.ਐਮ.ਆਈ.ਡੀ.ਸੀ./2015/5782 ਮਿਤੀ 24.11.2015 ਦੇ ਹਵਾਲੇ ਤਹਿਤ ਭੇਜਣ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 8.1.2016 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 12.1.2016 ਰਾਹੀਂ ਇਹ ਕੇਸ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:21

ਵਿਸ਼ਾ :- ਰਾਜੀਵ ਅਵਾਸ ਯੋਜਨਾ ਅਧੀਨ ਮੰਨਜੂਰ ਪਾਈਲਟ ਪ੍ਰੋਜੈਕਟ ਰੱਦ ਕਰਨ ਬਾਰੇ।

ਪ੍ਰਵਾਨਿਤ ਡੀ.ਪੀ.ਆਰ.ਰੁਪੇ :- 1259.65 ਲੱਖ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਮਿਤੀ 14.7.2015 ਕਿ ਭਾਰਤ ਸਰਕਾਰ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਮਹਿਕਮੇਂ (ਮਹੂਪਾ) ਵੱਲੋਂ ਵੱਖ-ਵੱਖ ਸ਼ਹਿਰਾਂ ਵਿੱਚ ਵੱਖ-ਵੱਖ ਸਲਮ ਆਬਾਦੀਆ ਵਿਖੇ ਰਹਿ ਰਹੇ ਗਰੀਬ ਲੋਕਾਂ ਵਾਸਤੇ ਮਕਾਨ, ਗੁਸਲਖਾਨਾ, ਰਸੋਈ ਅਤੇ ਪਖਾਨਾ ਅਤੇ ਹੋਰ ਮੁਢਲੀਆ ਸੇਵਾਵਾਂ ਜਿਵੇ ਕਿ ਸੜਕ, ਨਾਲੀਆ, ਸਟਰੀਟ ਲਾਈਟ, ਸੀਵਰੇਜ਼ ਅਤੇ ਵਾਟਰ ਸਪਲਾਈ ਆਦਿ ਦੇਣ ਵਾਸਤੇ ਰਾਜੀਵ ਅਵਾਸ ਯੋਜਨਾ ਬਣਾਈ ਗਈ ਸੀ। ਭਾਰਤ ਸਰਕਾਰ ਦੁਆਰਾ ਜਾਰੀ ਹਦਾਇਤਾ ਅਨੁਸਾਰ ਇਹ ਯੋਜਨਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਖੇ ਲਾਗੂ ਕੀਤੀ ਜਾਣੀ ਸੀ। ਇਸ ਯੋਜਨਾ ਅਧੀਨ ਜਲੰਧਰ ਸ਼ਹਿਰ ਦੀਆ ਵੱਖ-ਵੱਖ ਵਾਰਡਾਂ ਦੇ 9 ਸਲੱਮ ਆਬਾਦੀਆ ਦਾ ਸਰਵੇ ਕਰਨ ਉਪਰੰਤ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਪਾਈਲਟ ਪ੍ਰੋਜੈਕਟ ਪ੍ਰਵਾਨਗੀ ਵਾਸਤੇ ਕੁੱਲ ਰੁਪੇ 1259.65 ਲੱਖ ਦਾ ਭੇਜਿਆ ਗਿਆ ਸੀ। ਨਗਰ ਨਿਗਮ ਜਲੰਧਰ ਵੱਲੋਂ ਸਕੀਮ ਦੀਆ ਗਾਈਡਲਾਈਨਜ ਅਨੁਸਾਰ 9 ਸਲਮ ਆਬਾਦੀਆ ਵਿਖੇ 286 ਡਿਵੈਲਿੰਗ ਯੂਨੀਟ, 19 ਰਸੋਈਆ, 32 ਪਖਾਨੇ ਅਤੇ 105 ਰਸੋਈ ਅਤੇ ਪਖਾਨੇ ਆਦਿ ਤੋਂ ਇਲਾਵਾ ਲੋੜ ਅਨੁਸਾਰ ਸੜਕਾਂ, ਨਾਲੀਆ, ਗਲੀਆ ਅਤੇ ਸੀਵਰੇਜ਼ ਆਦਿ ਦੀ ਬਣਤਰ ਕਰਨ ਦੀ ਪ੍ਰੋਵੀਜਨ ਸੀ, ਇਸ ਪਾਈਲੇਟ ਪ੍ਰੋਜੈਕਟ ਦੀ ਪ੍ਰਵਾਨਗੀ ਭਾਰਤ ਸਰਕਾਰ ਵੱਲੋ ਨਾਮਜਦ ਕੀਤੀ ਸੱਤਵੀ ਸੀ.ਐਸ.ਐਮ.ਸੀ (ਮਹੁਪਾ) ਕਮੇਟੀ ਦੀ ਹੋਈ ਮੀਟਿੰਗ ਮਿਤੀ 30-01-2013 ਰਾਹੀ ਦਿੱਤੀ ਗਈ ਸੀ। ਇਸ ਉਪਰੰਤ ਪ੍ਰੋਜੈਕਟ ਵਾਸਤੇ ਲੋੜੀਦੇ ਫੰਡ ਜਾਰੀ ਕਰਵਾਉਣ ਅਤੇ ਸਕੀਮ ਦੀਆ ਗਾਈਡਲਾਈਨਜ਼ ਅਨੁਸਾਰ ਲੋੜੀਦਾ ਪੱਤਰ ਵਿਹਾਰ ਮਿਨਿਸਟਰੀ ਆਫ ਹਾਊਸਿੰਗ ਐਂਡ ਅਰਬਨ ਪਾਵਰਟੀ ਅਲੈਵੀਏਸ਼ਨ ਭਾਰਤ ਸਰਕਾਰ, ਨਵੀਂ ਦਿੱਲੀ ਨਾਲ ਕੀਤਾ ਗਿਆ, ਪਰ ਸਰਕਾਰ ਵਲੋਂ ਲੋੜੀਦੇ ਫੰਡਜ ਪ੍ਰਾਪਤ ਨਹੀਂ ਹੋਏ।

ਮਿਤੀ 09-08-2014 ਨੂੰ ਸਰਕਟ ਹਾਊਸ, ਜਲੰਧਰ ਵਿਖੇ ਮਾਨਯੋਗ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੋਰਾਨ ਸਕੱਤਰ ਜੀ ਨੇ ਮੀਟਿੰਗ ਵਿੱਚ ਦੱਸਿਆ ਕਿ ਭਾਰਤ ਸਰਕਾਰ ਵੱਲੋ ਮੰਨਜੂਰ ਕੀਤੇ ਪਾਇਲਟ ਪ੍ਰੋਜੈਕਟ ਬਾਰੇ ਲੋੜੀਦੀ ਗਰਾਂਟ ਰਾਸ਼ੀ ਜਲਦੀ ਹੀ ਜਾਰੀ ਕੀਤੀ ਜਾਣੀ ਹੈ। ਮੀਟਿੰਗ ਦੋਰਾਨ ਜਾਰੀ ਹਦਾਇਤਾਂ ਦੀ ਪਾਲਣਾ ਹਿੱਤ ਮੰਨਜੂਰਸ਼ੁਦਾ ਪਾਇਲਟ ਪ੍ਰੋਜੈਕਟ ਦੇ ਤਖਮੀਨੇ ਮੋਜੂਦਾਂ ਸੀ.ਐਸ.ਆਰ ਅਤੇ ਮਨਜੂਰਸ਼ੁਦਾ ਪ੍ਰੀਮਿਅਮ ਅਨੁਸਾਰ ਸੋਧੇ ਗਏ ਹਨ।ਦਫਤਰੀ ਰਿਪੋਰਟ ਅਨੁਸਾਰ ਇਸ ਪਾਇਲਟ ਪ੍ਰੋਜੈਕਟ ਦੀ ਸੋਧ ਕੀਤੀ ਕੁਲ ਲਾਗਤ ਰੁਪੈ 1370.27 ਲੱਖ ਬਣਦੀ ਹੈ। ਇਸ ਪ੍ਰੋਜੈਕਟ ਦਾ ਕੰਮ ਪੂਰਾ ਕਰਨ ਵਾਸਤੇ ਨਗਰ ਨਿਗਮ ਜਲੰਧਰ ਨੂੰ ਇਸ ਮੰਨਜੂਰਸ਼ੁਦਾ ਪ੍ਰੋਜੈਕਟ ਦੀ ਸੋਧ ਕੀਤੀ ਸਮਰੀ ਅਨੁਸਾਰ ਰੁਪੈ 110.62 ਲੱਖ ਵੱਧ ਰਾਸ਼ੀ ਪਾਉਣੀ ਪਵੇਗੀ। ਇਸ ਤਰ੍ਹਾ ਨਗਰ ਨਿਗਮ ਜਲੰਧਰ ਨੂੰ (269.66 ਲੱਖ+ 110.62 ਲੱਖ) ਕੁਲ ਰੁਪੇ 380.28 ਲੱਖ ਦਾ ਅੰਸ਼ ਦਾਨ ਕਰਨਾ ਪੈਣਾ ਸੀ, ਜਿਸ ਦੀ ਲੋੜੀਦੀ ਪ੍ਰਵਾਨਗੀ ਲੈਣ ਵਾਸਤੇ ਨੋਟਿੰਗ ਮਿਤੀ 24-02-2015 ਰਾਹੀ ਇਹ ਤਜਵੀਜ ਉੱਚ-ਅਧਿਕਾਰੀਆ ਨੂੰ ਭੇਜੀ ਗਈ ਹੈ।ਨਿਗਰਾਨ ਇੰਜੀਨੀਅਰ ਨੇ ਰਿਪੋਰਟ ਮਿਤੀ 24-02-2015 ਰਾਹੀ ਇਸ ਪ੍ਰੋਜੈਕਟ ਦੇ ਸਬੰਧ ਵਿੱਚ ਯੋਗ ਫੈਸਲਾ ਲੈਣ ਵਾਸਤੇ ਉੱਚ-ਅਧਿਕਾਰੀਆ ਨੂੰ ਲਿਖਿਆ ਸੀ।

ਕਮਿਸ਼ਨਰ ਜੀ ਨੇ ਹੁਕਮ ਮਿਤੀ 31-03-2015 ਰਾਹੀ ਇਸ ਪੁਛਿਆ ਕਿ ਰੁ:380.28 ਲੱਖ ਦੀ ਰਾਸ਼ੀ ਨਗਰ ਨਿਗਮ ਵੱਲੋ ਕਿੰਨੇ ਸਮੇਂ ਵਿੱਚ ਕਿਸ ਤਰ੍ਹਾ ਪਾਈ ਜਾਣੀ ਹੈ। ਜੇਕਰ ਇਹ ਰਾਸ਼ੀ ਇੱਕਠੀ ਜਾਂ ਇੱਕ ਦੋ ਸਾਲਾਂ ਵਿੱਚ ਪਾਉਣੀ ਹੈ ਤਾਂ ਨਗਰ ਨਿਗਮ ਦੀ ਵਿੱਤੀ ਹਾਲਤ ਨੂੰ ਦੇਖਦੇ ਹੋਏ ਮੁਸ਼ਕਿਲ ਹੋਵੇਗਾ। ਜੇਕਰ ਸਮਾਂ ਜਿਆਦਾ ਮਿਲ ਜਾਦਾ ਹੈ ਤਾ ਹਰ ਸਾਲ ਕੁਝ ਰਾਸ਼ੀ ਇਸ ਸਕੀਮ ਲਈ ਰਾਖਵੀ ਰੱਖੀ ਜਾ ਸਕਦੀ ਹੈ, ਕਿਉ ਕਿ ਇਹ ਸਲੱਮ ਡਿਵੈਲਰ ਲਈ ਲਾਹੇਵੰਦ ਸਕੀਮ ਹੈ।ਇਸ ਬਾਰੇ ਵਿਸਥਾਰ ਨਾਲ ਦੱਸੋ ਤਾ ਜ਼ੋ ਉਸ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।ਕਮਿਸ਼ਨਰ ਜੀ ਵੱਲੋ ਜਾਰੀ ਆਦੇਸ਼ਾ ਦੀ ਪਾਲਣਾ ਹਿੱਤ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਮਿਤੀ 24-04-2015 ਰਾਹੀ ਲਿਖਿਆ ਹੈ ਕਿ ਇਹ ਪ੍ਰੋਜੈਕਟ 2 ਸਾਲਾਂ ਵਿੱਚ ਲਾਗੂ ਕੀਤਾ ਜਾਣਾ ਹੈ। ਇਸ ਲਈ ਨਗਰ ਨਿਗਮ ਦਾ ਬਣਦਾ ਸ਼ੇਅਰ ਰੁ:380.28 ਲੱਖ ਦੋ ਸਾਲ ਵਿੱਚ ਹੀ ਇਸ ਪ੍ਰੋਜੈਕਟ ਵਿੱਚ ਪਾਉਣਾ ਪੈਣਾ ਹੈ।ਕਿਉ ਕਿ ਇਸ ਪ੍ਰੋਜੈਕਟ ਅਧੀਨ ਭਾਰਤ ਸਰਕਾਰ ਵੱਲੋ ਅਤੇ ਪੰਜਾਬ ਸਰਕਾਰ ਵੱਲੋ ਪਹਿਲੀ ਕਿਸ਼ਤ ਵੱਜੋ ਕ੍ਰਮਵਾਰ ਰੁ:246.10 ਲੱਖ ਅਤੇ 44.64 ਲੱਖ ਕੁੱਲ ਰੁ:290.74 ਲੱਖ ਸਰਕਾਰੀ ਪੱਤਰ ਨੰ:ਪੀ.ਐਮ.ਆਈ.ਡੀ.ਸੀ/2015/4599 ਮਿਤੀ 05-01-2015 ਰਾਹੀ ਨਗਰ ਨਿਗਮ ਨੂੰ ਪ੍ਰਾਪਤ ਹੋ ਚੁੱਕੇ ਹਨ।ਵਸੂਲ ਹੋਈ ਰਾਸ਼ੀ ਰੁਪੈ 290.74 ਵੱਖ ਬਾਰੇ ਡੀ.ਸੀ.ਐਫ.ਏ ਨੇ ਰਿਪੋਰਟ ਮਿਤੀ 23-02-2015 ਰਾਹੀ ਲਿਖਿਆ ਹੈ। ਇਸ ਲਈ ਨਗਰ ਨਿਗਮ ਜਲੰਧਰ ਨੂੰ ਟੈਂਡਰ ਲਗਾ ਕੇ ਇਹ ਪ੍ਰੋਜੈਕਟ ਲਾਗੂ ਕਰਨਾ ਚਾਹੀਦਾ ਹੈ। ਇਸ ਉਪਰੰਤ ਨਿਗਰਾਨ ਇੰਜੀਨੀਅਰ ਨੇ ਆਪਣੀ ਰਿਪੋਰਟ ਮਿਤੀ 24-04-2015 ਰਾਹੀ ਲਿਖਿਆ ਹੈ ਕਿ ਸੋਧ ਕੀਤੀ ਪ੍ਰੋਜੈਕਟ ਕੋਸਟ 13.70 ਕਰੋੜ ਦੀ ਪ੍ਰਵਾਨਗੀ ਅਤੇ ਪ੍ਰੋਜੈਕਟ ਲਾਗੂ ਕਰਨ ਵਾਸਤੇ ਲੋੜੀਦੀ ਪ੍ਰਵਾਨਗੀ ਹਾਊਸ ਪਾਸੋਂ ਲੈਣ ਲਈ ਕੇਸ ਪ੍ਰਗਤੀ ਅਧੀਨ ਹੈ। ਮਿਤੀ 24-04-2015 ਨੂੰ ਮਾਨਯੋਗ ਸਕੱਤਰ ਸਥਾਨਕ ਸਰਕਾਰ, ਪੰਜਾਬ ਦੀ ਮੀਟਿੰਗ ਦੋਰਾਨ ਜਰਨਲ ਮੈਨੇਜਰ ਪ੍ਰੋਜੈਕਟ ਸ਼੍ਰੀ ਵੀ.ਪੀ.ਸਿੰਘ, ਪੀ.ਐਮ.ਆਈ.ਡੀ.ਸੀ ਨੇ ਦੱਸਿਆ ਹੈ ਕਿ ਭਾਰਤ ਸਰਕਾਰ ਵੱਲੋ ਸਰਕੂਲਰ ਜਾਰੀ ਕੀਤਾ ਗਿਆ ਹੈ ਕਿ ਜਿਨ੍ਹਾ ਯੂ.ਐਲ.ਬੀਜ ਨੇ ਇਸ ਪ੍ਰੋਜੈਕਟ ਬਾਰੇ ਟੈਂਡਰ ਕਾਲ ਨਹੀਂ ਕੀਤੇ ਇਹ ਪ੍ਰੋਜੈਕਟ ਰੱਦ ਕੀਤੇ ਜਾਣੇ ਹਨ ਅਤੇ ਪ੍ਰਾਪਤ ਹੋਈ ਗਰਾਂਟ ਰਾਸ਼ੀ ਵਾਪਿਸ ਕੀਤੀ ਜਾਣੀ ਹੈ। ਬਾਦ ਵਿੱਚ ਟੈਲੀਫੋਨ ਰਾਹੀ ਜਨਰਲ ਮੈਨੇਜਰ ਪ੍ਰੋਜੈਕਟ ਸ਼੍ਰੀ ਵੀ.ਪੀ.ਸਿੰਘ ਨਾਲ ਹੋਏ ਵਿਚਾਰ ਵਟਾਦਰੇ ਅਨੁਸਾਰ ਇਸ ਪ੍ਰੋਜੈਕਟ ਬਾਰੇ ਕਮਿਸ਼ਨਰ ਅਤੇ ਮੇਅਰ ਜੀ ਵੱਲੋ ਸਹਿਮਤੀ ਦੇਣ ਉਪਰੰਤ ਹੁਣ ਤੱਕ ਟੈਂਡਰ ਨਾ ਮੰਗਣ ਬਾਰੇ ਸਰਕਾਰ ਨੂੰ ਸਹਿਮਤੀ ਭੇਜੀ ਗਈ ਹੈ।ਇਸ ਸਾਰੇ ਮਾਮਲੇ ਬਾਰੇ ਉੱਚ-ਅਧਿਕਾਰੀਆ ਨੂੰ ਜਾਣੂ ਕਰਵਾਉਣ ਅਤੇ ਯੋਗ ਫੈਸਲਾ ਲੈਣ ਹਿੱਤ ਭੇਜਿਆ ਗਿਆ।

ਪੀ.ਐਮ.ਆਈ.ਡੀ.ਸੀ ਚੰਡੀਗੜ੍ਹ ਦੁਆਰਾ ਪੱਤਰ ਨੰ: 2015/1600-01 ਮਿਤੀ 11-06-2015 ਰਾਹੀ ਲਿਖਿਆ ਹੈ ਕਿ ਡਾਇਰੈਕਟਰ(ਐਚ.ਐਫ.ਏ-1)ਮਹੁਪਾ ਭਾਰਤ ਸਰਕਾਰ ਵੱਲੋ ਪੱਤਰ **F.No. 1-11016/5/2013-RAY-1(Vol.III) FTS-12554 Dated 19.05.2015** ਦੀ ਫੋਟੋ ਕਾਪੀ ਵਸੂਲ ਹੋਈ ਹੈ।ਇਸ ਪੱਤਰ ਰਾਹੀ ਲਿਖਿਆ ਹੈ ਕਿ ਜਲੰਧਰ ਅਤੇ ਬਟਾਲਾ ਦੇ ਨਾਂ ਸ਼ੁਰੂ ਕੀਤੇ ਗਏ ਪ੍ਰੋਜੈਕਟ ਭਾਰਤ ਸਰਕਾਰ ਦੁਆਰਾ ਕੈਂਸਲ ਕੀਤੇ ਜਾ ਚੁੱਕੇ ਹਨ।ਪ੍ਰਾਪਤ ਹੋਈ ਏ.ਸੀ.ਏ ਦੀ ਰਾਸ਼ੀ ਵਾਪਿਸ ਕਰਨ ਦੀ ਹਦਾਇਤ ਕੀਤੀ ਹੈ।

ਉਪਰੋਕਤ ਪ੍ਰਾਪਤ ਹੋਏ ਪੱਤਰ ਦੀਆ ਹਦਾਇਤਾਂ ਦੀਆ ਪਾਲਣਾ ਹਿੱਤ ਇਸ ਪ੍ਰੋਜੈਕਟ ਅਧੀਨ ਨਗਰ ਨਿਗਮ ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਪਹਿਲੀ ਕਿਸ਼ਤ ਵੱਜੋ ਕ੍ਰਮਵਾਰ ਪ੍ਰਾਪਤ ਹੋਈ ਰਾਸ਼ੀ ਰੁ:246.10 ਅਤੇ 44.64 ਲੱਖ ਕੁੱਲ ਰੁ:290.74 ਲੱਖ ਵਾਪਿਸ ਕੀਤੀ ਜਾਣੀ ਹੈ।

ਉਪਰੋਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਰੁ: 246.10 ਅਤੇ ਪੰਜਾਬ ਸਰਕਾਰ ਰੁ:44.64 ਦੀ ਰਾਸ਼ੀ ਵਾਪਿਸ ਕਰਨ ਸਬੰਧੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਦੀ ਹੈ।ਨਿਗਰਾਨ ਇੰਜੀਨੀਅਰ (ਬੀ.ਐਂਡ ਆਰ) ਨੇ ਮਿਤੀ 15.7.2015 ਰਾਹੀਂ ਮਾਮਲਾ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 14.8.2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 18.8.2015 ਰਾਹੀਂ ਮਾਮਲਾ ਹਾਊਸ ਵਿਚ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 22

ਵਿਸ਼ਾ:- ਡਿਵੈਲਪਮੈਂਟ ਆਫ ਪਾਰਕ ਐਂਡ ਕਨਸਟਰਕਸ਼ਨ ਆਫ ਬਾਉਂਡਰੀ ਵਾਲ ਐਟ ਡਵੀਜਨ ਨੰ: 2

ਕੰਮ ਦਾ ਤਖਮੀਨਾ ਰੁਪਏ 13,11,000/- ਸੋਧਿਆ ਤਖਮੀਨਾ ਰੁਪਏ 13,11,000/-

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਮਿਤੀ 16.7.2015 ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨਿਅਰਿੰਗ ਸ਼ਾਖਾ ਵਲੋਂ ਤਿਆਰ ਕੀਤਾ ਗਿਆ। ਇਸ ਕੰਮ ਦੇ ਟੈਂਡਰ ਮਿਤੀ 6.12.2011 ਰਾਹੀਂ ਮੰਗੇ ਗਏ ਅਤੇ ਕੁੱਲ 2 ਟੈਂਡਰ ਵਸੂਲ ਹੋਏ ਅਤੇ ਸਭ ਤੋਂ ਘੱਟ ਰੇਟ ਦਾ ਟੈਂਡਰ ਸ੍ਰੀ ਗੁਰਪਿਆਰ ਸਿੰਘ, ਠੇਕੇਦਾਰ ਦਾ ਪਾਇਆ ਗਿਆ। ਜਿਸ ਨੂੰ ਕਮਿਸ਼ਨਰ ਜੀ ਨੇ ਮਿਤੀ 23.12.2011 ਰਾਹੀਂ ਪ੍ਰਵਾਨ ਕੀਤਾ। ਜਿਸ ਉਪਰੰਤ ਠੇਕੇਦਾਰ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ: 33/ਜੀ./ਸੀ./27 ਮਿਤੀ 12.3.2012 ਰਾਹੀਂ ਅਲਾਟ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 3 ਮਹਿਨੇ ਦਾ ਸਮਾਂ ਦਿੱਤਾ ਗਿਆ। ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 343 ਮਿਤੀ 31.5.2013 ਰਾਹੀਂ ਪ੍ਰਵਾਨ ਕੀਤਾ। ਠੇਕੇਦਾਰ ਵਲੋਂ ਮੌਕੇ ਤੇ ਕਾਫੀ ਕੰਮ ਕਰਨ ਉਪਰੰਤ ਆਪਣੇ ਪਹਿਲੇ ਅਤੇ ਦੂਸਰੇ ਬਿਲਾਂ ਦੀ ਅਦਾਇਗੀ ਲੈ ਲਈ ਹੈ। ਇਸ ਕੰਮ ਵਿਚ ਆਈਟਮਾਂ ਵਿਚ ਵੈਰੀਏਸ਼ਨ ਅਤੇ ਰੇਟਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਆਪਣੇ ਮਤਾ ਨੰ: 289 ਮਿਤੀ 16.6.2014 ਰਾਹੀਂ ਦਿੱਤੀ। ਇਥੇ ਇਹ ਦੱਸਣਯੋਗ ਹੈ ਕਿ ਡੀ.ਸੀ.ਐਫ.ਏ. ਵਲੋਂ ਇਤਰਾਜ ਲਗਾਇਆ ਗਿਆ ਹੈ ਕਿ ਉਕਤ ਕੰਮ ਦਾ ਤਖਮੀਨਾ ਅਤੇ ਟੈਂਡਰਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਂਦੀ ਹੈ।

ਇਸ ਲਈ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਉਕਤ ਕੰਮ ਦਾ ਤਖਮੀਨਾ ਅਤੇ ਟੈਂਡਰਾਂ ਦੀ ਪ੍ਰਵਾਨਗੀ ਲੈਣ ਲਈ ਕੇਸ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 23.7.2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ 29.10.2015 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮਾਂ ਰਾਹੀਂ ਇਹ ਕੇਸ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:23

ਵਿਸ਼ਾ: ਕਮਿਸ਼ਨਰ ਜੀ ਨੂੰ ਰੁਪਏ 1:00 ਲੱਖ ਤੱਕ ਖਰੀਦ ਕਰਨ/ਕੰਮ ਕਰਵਾਉਣ ਲਈ ਅਧਿਕਾਰਤ ਕਰਨ ਸੰਬੰਧੀ ।

ਉਪਰੋਕਤ ਵਿਸ਼ੇ ਸਬੰਧੀ ਨਿਗਰਾਨ ਇੰਜੀਨਿਅਰ (ਬੀ ਐਂਡ ਆਰ), ਨਿਗਰਾਨ ਇੰਜੀਨਿਅਰ (ਓ ਐਂਡ ਐਮ) ਅਤੇ ਸਹਾਇਕ ਸਿਹਤ ਅਫ਼ਸਰ, ਵਲੋਂ ਤਜ਼ਵੀਜ਼ ਕੀਤਾ ਗਿਆ ਹੈ ਕਿ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 174(ਸੀ) ਤਹਿਤ ਕਮਿਸ਼ਨਰ ਜੀ ਨੂੰ ਰੁਪਏ 25,000/- ਤੱਕ ਖਰੀਦ ਕਰਨ/ਕੰਮ ਕਰਵਾਉਣ ਲਈ ਅਧਿਕਾਰ ਪ੍ਰਾਪਤ ਹਨ । ਇਸ ਐਕਟ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਨਗਰ ਨਿਗਮ ਜੇਕਰ ਚਾਹੇ ਤਾਂ ਕਮਿਸ਼ਨਰ ਜੀ ਨੂੰ ਰੁਪਏ 25,000/- ਤੋਂ ਵੱਧ ਰਕਮ ਲਈ ਵੀ ਅਧਿਕਾਰਿਤ ਕਰ ਸਕਦੀ ਹੈ । ਇਸ ਸੰਬੰਧ ਵਿਚ ਨਗਰ ਨਿਗਮ ਅਮ੍ਰਿਤਸਰ ਅਤੇ ਨਗਰ ਨਿਗਮ ਲੁਧਿਆਣਾ ਤੋਂ ਪਤਾ ਕੀਤਾ ਗਿਆ ਤਾਂ ਉਹਨਾ ਦੱਸਿਆ ਕਿ ਕ੍ਰਮਵਾਰ ਨਗਰ ਨਿਗਮ ਵੱਲੋਂ ਕਮਿਸ਼ਨਰ ਜੀ ਨੂੰ ਰੁਪਏ 1:00 ਲੱਖ ਅਤੇ ਰੁਪਏ 5:00 ਲੱਖ ਦੇ ਅਧਿਕਾਰ ਦਿੱਤੇ ਗਏ ਹਨ ਨਗਰ ਨਿਗਮ, ਜਲੰਧਰ ਵਿਚ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਤੁਰੰਤ ਲੋੜੀਂਦੀਆਂ ਚੀਜਾਂ ਦੀ ਖਰੀਦ ਕਰਨ ਲਈ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਕਮਿਸ਼ਨਰ ਜੀ ਨੂੰ ਪੰਜਾਬ ਨਗਰ ਨਿਗਮ, ਐਕਟ 1976 ਦੀ ਧਾਰਾ 174(ਸੀ) ਤਹਿਤ ਰੁਪਏ 1:00 ਲੱਖ ਤੱਕ ਦੇ ਅਚਣਚੇਤ ਖਰਚਿਆਂ ਅਤੇ ਤੁਰੰਤ ਲੋੜੀਂਦੀ ਖਰੀਦ ਕਰਨ ਲਈ ਜੇਕਰ ਨਗਰ ਨਿਗਮ ਸਹਿਮਤ ਹੋਵੇ ਤਾਂ ਅਧਿਕਾਰਤ ਕਰ ਦਿੱਤਾ ਜਾਵੇ ਜੀ । ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 25.1.2016 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਰੱਖਣ ਦੇ ਆਦੇਸ਼ ਦਿੱਤੇ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:24

ਵਿਸ਼ਾ:- ਜਲੰਧਰ ਸ਼ਹਿਰ ਵਿੱਚ ਨੈਸ਼ਨਲ ਆਰਬਨ ਹੈਲਥ ਮਿਸ਼ਨ ਤਹਿਤ ਸੀ.ਐਚ.ਸੀ. ਦੀਆਂ ਉਸਾਰੀਆਂ ਲਈ ਜਗ੍ਹਾਂ ਦੇਣ ਸਬੰਧੀ।

ਪੜਿਆ ਨੋਟ ਐਸਟੇਟ ਅਫ਼ਸਰ ਮਿਤੀ 7.1.2016 ਕਿ ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨਗਰ ਨਿਗਮ ਦੇ ਮਤਾ ਨੰ: 117 ਮਿਤੀ 04-11-2014 ਰਾਹੀਂ ਹੇਠ ਲਿਖੀਆਂ ਜਗ੍ਹਾਂ ਦੇਣ ਦੀ ਤਜਵੀਜ ਪ੍ਰਵਾਨ ਕੀਤੀ ਗਈ ਸੀ:-

ਲੜੀ ਨੰ:	ਏਰੀਆ ਦਾ ਨਾਮ	ਸੀ.ਐਚ.ਸੀ. ਬਣਾਉਣ ਲਈ ਥਾਂ	ਵਿਸ਼ੇਸ਼ ਕਥਨ ਸਿਵਲ ਸਰਜਨ	ਸੋਧੀ ਹੋਈ ਤਜਵੀਜ
1	ਬਸਤੀ ਗੁਜ਼ਾਂ	120 ਫੁੱਟੀ ਰੋਡ ਉੱਪਰ	ਇਹ ਸਾਈਟ ਉੱਤੇ ਇਸ ਸਮੇਂ 2 ਕਨਾਲ ਜਗ੍ਹਾਂ ਉਪਲੱਬਧ ਹੈ ਪਰ ਆਰਕੀਟੈਕਟ ਵੱਲੋ ਦਿੱਤੇ ਗਏ ਨਕਸ਼ੇ ਅਨੁਸਾਰ ਲਗਭਗ 3 ਕਨਾਲ ਜਗ੍ਹਾਂ ਚਾਹੀਦੀ ਹੈ। ਇਸ ਲਈ ਇਸ ਵਿੱਚ 1 ਕਨਾਲ ਜਗ੍ਹਾਂ ਦਾ ਵਾਧਾ ਕਰਨਾ ਜਰੂਰੀ ਹੈ।	ਸਿਵਲ ਸਰਜਨ, ਜਲੰਧਰ ਨੇ ਆਪਣੇ ਹਵਾਲੇ ਅਧੀਨ ਪੱਤਰ ਰਾਹੀਂ 3 ਕਨਾਲ ਜਗ੍ਹਾਂ ਦੀ ਮੰਗ ਕੀਤੀ ਹੈ ਪ੍ਰੰਤੂ ਮੌਕੇ ਦੀ ਸਥਿਤੀ ਮੁਤਾਬਿਕ ਇਸ ਸਾਈਟ ਤੇ ਕੇਵਲ 2 ਕਨਾਲ ਜਗ੍ਹਾਂ ਹੀ ਉਪਲੱਬਧ ਹੈ। ਜਿਸ ਦਾ ਮੱਤਾ ਪਹਿਲਾਂ ਹੀ ਨਗਰ ਨਿਗਮ, ਜਲੰਧਰ ਵੱਲੋ ਪਾਸ ਕੀਤਾ ਗਿਆ ਹੈ।
2	ਦਾਦਾ ਕਾਲੋਨੀ	ਇੰਡਸਟਰੀਅਲ ਏਰੀਆ	ਇਸ ਸਾਈਟ ਉੱਤੇ ਇਸ ਸਮੇਂ 1 ਕਨਾਲ ਜਗ੍ਹਾਂ ਉੱਪਲੱਬਧ ਹੈ ਪਰ ਆਰਕੀਟੈਕਟ ਵੱਲੋ ਦਿੱਤੇ ਗਏ ਨਕਸ਼ੇ ਅਨੁਸਾਰ ਲਗਭਗ 3.75 ਕਨਾਲ ਜਗ੍ਹਾਂ ਚਾਹੀਦੀ ਹੈ। ਇਸ ਲਈ ਇਸ ਵਿੱਚ ਲਗਭਗ 2.75 ਕਨਾਲ ਜਗ੍ਹਾਂ ਦਾ ਵਾਧਾ ਕਰਨਾ ਜਰੂਰੀ ਹੈ।	ਇਸ ਜਗ੍ਹਾਂ ਉੱਪਰ ਨਗਰ ਨਿਗਮ ਨੇ ਆਪਣੇ ਪਹਿਲੇ ਮਤੇ ਵਿੱਚ ਇੱਕ ਕਨਾਲ ਜਗ੍ਹਾਂ ਦੇਣ ਦੀ ਤਜਵੀਜ ਮੰਜੂਰ ਕੀਤੀ ਸੀ ਪਰ ਸਿਵਲ ਸਰਜਨ ਦੀ ਮੰਗ ਮੁਤਾਬਿਕ ਇੱਕ ਕਨਾਲ ਹੋਰ ਜਗ੍ਹਾਂ (ਕੁੱਲ 2 ਕਨਾਲ) ਜਗ੍ਹਾਂ ਹੀ ਉਪਬੱਧ ਕਰਵਾਈ ਜਾ ਸਕਦੀ ਹੈ।
3	ਖੁਰਲਾ ਕਿੰਗਰਾ	ਛੱਪੜ ਵਾਲੀ ਥਾਂ ਤੇ	ਇਸ ਸਾਈਟ ਉੱਤੇ ਆਰਕੀਟੈਕਟ ਵੱਲੋਂ ਦਿੱਤੇ ਗਏ ਨਕਸ਼ੇ ਮੁਤਾਬਿਕ ਲਗਭਗ 4.25 ਕਨਾਲ ਜਗ੍ਹਾਂ ਬਣਦੀ ਹੈ ਜ਼ੋ ਕਿ ਸਿਹਤ ਮਹਿਕਮੇ ਨੂੰ ਦਿੱਤੀ ਜਾਵੇ।	ਇਸ ਸਾਈਟ ਉੱਪਰ 4.25 ਕਨਾਲ ਜਗ੍ਹਾਂ ਉਪਬੱਧ ਹੈ।

ਇਸ ਉਪਰੰਤ ਸਿਵਲ ਸਰਜਨ, ਜਲੰਧਰ ਦੇ ਪੱਤਰ ਨੰ: ਐਨ.ਐਚ.ਐਮ/15 /114 ਮਿਤੀ 14-01-2015 ਜਲੰਧਰ ਸ਼ਹਿਰ ਵਿਖੇ ਨੈਸ਼ਨਲ ਅਰਬਨ ਹੈਲਥ ਮਿਸ਼ਨ ਤਹਿਤ ਅਰਬਨ ਸੀ.ਐਚ.ਸੀ./ਅਰਬਨ ਪੀ.ਐਚ.ਸੀ. ਦੀਆਂ ਉਸਾਰੀ ਲਈ ਹੇਠ ਲਿਖੇ ਵੇਰਵੇ ਅਨੁਸਾਰ 6 ਜਗ੍ਹਾਂ ਦੇਣ ਬਾਰੇ ਮੰਗ ਕੀਤੀ ਗਈ ਹੈ ਅਤੇ ਇਸ ਉਪਲੱਕਸ਼ ਵਿੱਚ ਮਾਨਯੋਗ ਮੇਅਰ ਅਤੇ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਕੀਤੀ ਗਈ ਜਿਸ ਵਿਚ ਹੇਠ ਲਿਖੇ ਫੈਸਲਾ ਕੀਤਾ ਗਿਆ

ਲੜੀ ਨੰ:	ਏਰੀਆ ਦਾ ਨਾਮ	ਸੀ.ਐਚ.ਸੀ. ਬਣਾਉਣ ਲਈ ਥਾਂ	ਵਿਸ਼ੇਸ਼ ਕਥਨ ਸਿਵਲ ਸਰਜਨ	ਸੋਧੀ ਹੋਈ ਤਜਵੀਜ
1	ਬਸਤੀ ਗੁਜ਼ਾਂ ਅਰਬਨ ਪੀ.ਐਚ.ਸੀ.	120 ਫੁੱਟੀ ਰੋਡ ਉੱਪਰ	ਇਸ ਸਾਈਟ ਉੱਤੇ ਇਸ ਸਮੇਂ 2 ਕਨਾਲ ਜਗ੍ਹਾਂ ਉਪਲੱਬਧ ਹੈ, ਪਰ ਪੰਜਾਬ ਸਰਕਾਰ ਦੀ ਨਵੀਂ ਤਜਵੀਜ ਵੱਜੋਂ ਦਿੱਤੇ ਗਏ ਨਕਸ਼ੇ ਅਨੁਸਾਰ ਲਗਭਗ 4 ਤੋ 5 ਕਨਾਲ ਜਗ੍ਹਾਂ ਚਾਹੀਦੀ ਹੈ। ਇਸ ਲਈ ਇਸ ਵਿੱਚ 2 ਤੋ 3 ਕਨਾਲ ਜਗ੍ਹਾਂ ਦਾ ਵਾਧਾ ਕਰਨਾ ਜਰੂਰੀ ਹੈ।	ਇਸ ਸਾਈਟ ਉੱਪਰ ਨਗਰ ਨਿਗਮ ਨੇ ਆਪਣੇ ਮਤੇ ਵਿੱਚ 2 ਕਨਾਲ ਜਗ੍ਹਾਂ ਦੇਣ ਦੀ ਤਜਵੀਜ ਮੰਜੂਰ ਕੀਤੀ ਸੀ ਸਿਵਲ ਸਰਜਨ, ਜਲੰਧਰ ਨੇ ਹੁਣ ਆਪਣੇ ਹਵਾਲੇ ਅਧੀਨ ਪੱਤਰ ਰਾਹੀਂ 4 ਤੋ 5 ਕਨਾਲ ਜਗ੍ਹਾਂ ਦੀ ਮੰਗ ਕੀਤੀ ਹੈ ਪ੍ਰੰਤੂ ਮੌਕੇ ਦੀ ਸਥਿਤੀ ਮੁਤਾਬਿਕ ਇਸ ਸਾਈਟ ਤੇ ਕੇਵਲ 3 ਕਨਾਲ ਜਗ੍ਹਾਂ ਹੀ ਦਿੱਤੀ ਜਾ ਸਕਦੀ ਹੈ।
2	ਦਾਦਾ ਕਾਲੋਨੀ ਅਰਬਨ ਪੀ.ਐਚ.ਸੀ.	ਇੰਡਸਟਰੀਅਲ ਏਰੀਆ	ਇਸ ਸਾਈਟ ਉੱਤੇ ਇਸ ਸਮੇਂ 1 ਕਨਾਲ ਜਗ੍ਹਾਂ ਉਪਲੱਬਧ ਹੈ, ਪਰ ਪੰਜਾਬ ਸਰਕਾਰ ਦੀ ਨਵੀਂ ਤਜਵੀਜ ਵੱਜੋਂ ਦਿੱਤੇ ਗਏ ਨਕਸ਼ੇ ਅਨੁਸਾਰ ਲਗਭਗ 4 ਤੋ 5 ਕਨਾਲ ਜਗ੍ਹਾਂ ਚਾਹੀਦੀ ਹੈ। ਇਸ ਲਈ ਇਸ ਵਿੱਚ 3 ਤੋ 4 ਕਨਾਲ ਜਗ੍ਹਾਂ ਦਾ ਵਾਧਾ ਕਰਨਾ ਜਰੂਰੀ ਹੈ।	ਇਸ ਸਾਈਟ ਉੱਪਰ ਨਗਰ ਨਿਗਮ ਨੇ ਆਪਣੇ ਮਤੇ ਵਿੱਚ 2 ਕਨਾਲ ਜਗ੍ਹਾਂ ਦੇਣ ਦੀ ਤਜਵੀਜ ਮੰਜੂਰ ਕੀਤੀ ਸੀ ਪਰ ਸਿਵਲ ਸਰਜਨ, ਜਲੰਧਰ ਦੀ ਹੁਣ ਮੰਗ ਮੁਤਾਬਿਕ ਇਸ ਸਾਈਟ ਉੱਤੇ 4 ਤੋ 5 ਕਨਾਲ ਜਗ੍ਹਾਂ ਦੀ ਮੰਗ ਕੀਤੀ ਹੈ ਪ੍ਰੰਤੂ ਮੌਕੇ ਤੇ 3 ਕਨਾਲ ਜਗ੍ਹਾਂ ਹੀ ਦਿੱਤੀ ਜਾ ਸਕਦੀ ਹੈ ।
3	ਖੁਰਲਾ ਕਿੰਗਰਾ ਅਰਬਨ ਪੀ.ਐਚ.ਸੀ.	ਛੱਪੜ ਵਾਲੀ ਥਾਂ ਤੇ	ਇਸ ਸਾਈਟ ਉੱਤੇ ਸਬੰਧਤ ਸਰਕਾਰੀ ਮਹਿਕਮੇ ਵੱਲੋਂ ਦਿੱਤੇ ਗਏ ਨਕਸ਼ੇ ਮੁਤਾਬਿਕ ਲਗਭਗ 4.25 ਕਨਾਲ ਜਗ੍ਹਾਂ ਬਣਦੀ ਹੈ ਜ਼ੋ ਕਿ ਸਿਹਤ ਮਹਿਕਮੇ ਨੂੰ ਦਿੱਤੀ ਜਾਵੇ।	ਇਸ ਸਾਈਟ ਉੱਪਰ ਨਗਰ ਨਿਗਮ ਨੇ ਆਪਣੇ ਮਤੇ ਵਿੱਚ ਪਹਿਲਾਂ ਹੀ 4.25 ਕਨਾਲ ਦੇਣ ਦੀ ਤਜਵੀਜ ਮੰਜੂਰ ਕੀਤੀ ਹੋਈ ਹੈ।

4.	ਪਿੰਡ ਗੜ੍ਹਾ ਅਰਬਨ ਪੀ.ਐਚ.ਸੀ	ਚੱਲਦੀ ਸਿਵਲ ਡਿਸਪੈਂਸਰੀ ਵਾਲੀ ਥਾਂ	ਇਸ ਸਾਈਟ ਉੱਤੇ ਸਬੰਧਤ ਸਰਕਾਰੀ ਮਹਿਕਮੇ ਵੱਲੋਂ ਦਿੱਤੇ ਗਏ ਨਕਸ਼ੇ ਮੁਤਾਬਿਕ ਲਗਭਗ 2 ਕਨਾਲ ਜਗ੍ਹਾਂ ਚਾਹੀਦੀ ਹੈ। ਸਬੰਧਤ ਵਿਭਾਗ ਵੱਲੋਂ ਇਸ ਜਗ੍ਹਾਂ ਦੀ ਨਿਸ਼ਾਨਦੇਹੀ ਕਰਵਾ ਕੇ ਜਗ੍ਹਾਂ ਉੱਪਲੱਬਧ ਕਰਵਾਈ ਜਾਵੇ।	ਸਿਵਲ ਸਰਜਨ, ਜਲੰਧਰ ਵੱਲੋਂ ਇਸ ਜਗ੍ਹਾਂ ਦੀ ਨਵੇ ਸਿਰੇ ਤੋ 2 ਕਨਾਲ ਜਗ੍ਹਾਂ ਦੀ ਮੰਗ ਕੀਤੀ ਹੈ ਅਤੇ ਇਸ ਸਾਈਟ ਤੇ 2 ਕਨਾਲ ਦਿੱਤੀ ਜਾ ਸਕਦੀ ਹੈ।
5.	ਪਿੰਡ ਲੱਧੇਵਾਲੀ ਅਰਬਨ ਪੀ.ਐਚ.ਸੀ	ਛੱਪੜ ਵਾਲੀ ਥਾਂ	ਇਸ ਸਾਈਟ ਉੱਤੇ ਸਬੰਧਤ ਸਰਕਾਰੀ ਮਹਿਕਮੇ ਵੱਲੋਂ ਦਿੱਤੇ ਗਏ ਨਕਸ਼ੇ ਮੁਤਾਬਿਕ ਲਗਭਗ 2 ਕਨਾਲ ਜਗ੍ਹਾਂ ਚਾਹੀਦੀ ਹੈ। ਸਬੰਧਤ ਵਿਭਾਗ ਵੱਲੋਂ ਇਸ ਜਗ੍ਹਾਂ ਦੀ ਨਿਸ਼ਾਨਦੇਹੀ ਕਰਵਾ ਕੇ ਜਗ੍ਹਾਂ ਉੱਪਲੱਬਧ ਕਰਵਾਈ ਜਾਵੇ।	ਸਿਵਲ ਸਰਜਨ, ਜਲੰਧਰ ਵੱਲੋਂ ਇਸ ਜਗ੍ਹਾਂ ਦੀ ਨਵੇ ਸਿਰੇ ਤੋ 2 ਕਨਾਲ ਜਗ੍ਹਾਂ ਦੀ ਮੰਗ ਕੀਤੀ ਹੈ ਅਤੇ ਇਸ ਸਾਈਟ ਤੇ 2 ਕਨਾਲ ਦਿੱਤੀ ਜਾ ਸਕਦੀ ਹੈ।
6.	ਪਿੰਡ ਬੜਿੰਗ/ਬਸਤੀ ਬਾਵਾ ਖੇਲ ਅਰਬਨ ਪੀ.ਐਚ.ਸੀ	ਬੜਿੰਗ ਵਿੱਚ ਛੱਪੜ ਵਾਲੀ ਜਗ੍ਹਾ/ਬਸਤੀ ਬਾਵਾ ਖੇਲ ਨਗਰ ਨਿਗਮ ਜਾਂ ਸਰਕਾਰੀ ਕੋਈ ਜਗ੍ਹਾਂ	ਇਸ ਸਾਈਟ ਉੱਤੇ ਸਬੰਧਤ ਸਰਕਾਰੀ ਮਹਿਕਮੇ ਵੱਲੋਂ ਦਿੱਤੇ ਗਏ ਨਕਸ਼ੇ ਮੁਤਾਬਿਕ ਲਗਭਗ 2 ਕਨਾਲ ਜਗ੍ਹਾਂ ਚਾਹੀਦੀ ਹੈ। ਸਬੰਧਤ ਵਿਭਾਗ ਵੱਲੋਂ ਇਸ ਜਗ੍ਹਾਂ ਦੀ ਨਿਸ਼ਾਨਦੇਹੀ ਕਰਵਾ ਕੇ ਜਗ੍ਹਾਂ ਉੱਪਲੱਬਧ ਕਰਵਾਈ ਜਾਵੇ।	ਸਿਵਲ ਸਰਜਨ, ਜਲੰਧਰ ਵੱਲੋਂ ਇਸ ਜਗ੍ਹਾਂ ਦੀ ਨਵੇ ਸਿਰੇ ਤੋ 2 ਕਨਾਲ ਜਗ੍ਹਾਂ ਦੀ ਮੰਗ ਕੀਤੀ ਹੈ, ਜ਼ੋ ਕਿ ਵਿਚਾਰ ਅਧੀਨ ਹੈ।

ਉਪਰੋਕਤ ਤਜਵੀਜ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ:5 ਮਿਤੀ 08-05-2015 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਸਬੰਧ ਵਿੱਚ ਸਿਟੀ ਅਰਬਨ ਹੈਲਥ ਸੁਸਾਇਟੀ ਜਲੰਧਰ ਦੇ ਚੇਅਰਮੈਨ ਮਾਨਯੋਗ ਮੇਅਰ ਨਗਰ ਨਿਗਮ, ਜਲੰਧਰ ਜੀ ਦੀ ਨਿਗਰਾਨੀ ਹੇਠ ਮਿਤੀ 17-9-2015 ਨੂੰ ਮੀਟਿੰਗ ਹੋਈ। ਜਿਸ ਵਿੱਚ ਇਹ ਫੈਸਲਾ ਲਿੱਤਾ ਗਿਆ ਕਿ ਉਪਰੋਕਤ ਦਰਸਾਈਆਂ ਜਗ੍ਹਾਂ ਨੂੰ 33 ਸਾਲਾਂ ਲਈ ਲੀਜ ਤੇ ਦਿੱਤਾ ਜਾਣਾ ਹੈ, ਜਿਸ ਨੂੰ ਟਾਈਮ ਟੂ ਟਾਈਮ ਜਰੂਰਤ ਅਨੁਸਾਰ ਵਧਾਇਆ ਜਾ ਸਕਦਾ ਹੈ। ਇਹ ਤਜਵੀਜ ਨਗਰ ਨਿਗਮ ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ 25.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:25

ਵਿਸ਼ਾ:- ਜਲੰਧਰ ਸ਼ਹਿਰ ਵਿਚ ਨੈਸ਼ਨਲ ਅਰਬਨ ਹੈਲਥ ਮਿਸ਼ਨ ਤਹਿਤ ਸੀ.ਐਚ.ਸੀ. ਦੀ ਉਸਾਰੀ ਲਈ ਪਿੰਡ ਬੜਿੰਗ ਵਿਖੇ 2.11 ਕਨਾਲ ਜਗ੍ਹਾਂ ਦੇਣ ਸਬੰਧੀ ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਹਾਊਸ ਵਲੋਂ ਮਤਾ ਨੰ: 5 ਮਿਤੀ 8.5.25015 ਪ੍ਰਵਾਨ ਹੋ ਗਿਆ ਸੀ। ਇਸ ਮਤੇ ਤੇ ਸਿਵਲ ਸਰਜਨ, ਜਲੰਧਰ ਵਲੋਂ ਪਿੰਡ ਬੜਿੰਗ /ਬਸਤੀ ਬਾਵਾ ਖੇਲ ਵਿਖੇ ਅਰਬਨ ਸੀ.ਐਚ.ਸੀ. ਉਸਾਰੀ ਲਈ 2 ਕਨਾਲ ਜਗ੍ਹਾਂ ਦੀ ਮੰਗ ਕੀਤੀ ਸੀ। ਨਗਰ ਨਿਗਮ ਹਾਊਸ ਵਲੋਂ ਉਪਰੋਕਤ ਦਰਸਾਈ ਜਗ੍ਹਾਂ ਦੇਣ ਲਈ ਕੇਸ ਵਿਚਾਰ ਅਧੀਨ ਰੱਖਿਆ ਸੀ। ਹੁਣ ਵਾਰਡ ਨੰ: 12 ਦੇ ਕੌਂਸਲਰ ਸ੍ਰੀਮਤੀ ਗੁਰਮੇਜ਼ ਕੌਰ ਵਲੋਂ ਆਪਣੇ ਬੇਨਤੀ ਪੱਤਰ ਮਿਤੀ 31.5.2015 ਰਾਹੀਂ ਪਿੰਡ ਬੜਿੰਗ ਵਿਚ ਨਗਰ ਨਿਗਮ ਦੀ 2.11 ਕਨਾਲ ਜਗ੍ਹਾਂ ਤੇ ਸੀ.ਐਚ.ਸੀ. ਦੀ ਉਸਾਰੀ ਕਰਨ ਦੀ ਬੇਨਤੀ ਕੀਤੀ ਹੈ। ਪਟਵਾਰੀ ਵਲੋਂ ਇਸ ਜਗ੍ਹਾਂ ਦਾ ਸਾਈਟ ਪਲਾਨ ਦਿੱਤਾ ਹੈ ਜਿਸ ਅਨੁਸਾਰ ਇਹ ਜਗ੍ਹਾਂ ਮੁਸਤਰਕਾ ਮਾਲਕੀ ਹੈ। ਇਸ ਲਈ ਵਾਰਡ ਕੌਂਸਲਰ ਦੀ ਬੇਨਤੀ ਅਨੁਸਾਰ ਵਿਸ਼ੇ ਅਧੀਨ ਜਗ੍ਹਾਂ ਲੀਜ ਤੇ ਦੇਣ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 27.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:26

ਵਿਸ਼ਾ:- Operation & Management of Citizen Facilitation Centre/ E-Governance Application in Zonal Offices and Suvidha Centre of Municipal Corporation Jalandhar ਕਰਨ ਬਾਰੇ।

ਪੜ੍ਹਿਆ ਨੋਟ ਸਿਸਟਮ ਮੈਨੇਜਰ ਮਿਤੀ: 17.07.2015 ਕਿ ਵਿਸ਼ੇ ਅਧੀਨ ਕੰਮ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸੁਪਰਡੰਟ (ਪ੍ਰਾਪਰਟੀ ਟੈਕਸ) ਦੇ ਨੋਟ ਮਿਤੀ: 03-07-2015 ਰਾਹੀਂ ਲਿਖਿਆ ਗਿਆ ਹੈ ਕਿ ਮਾਨਯੋਗ ਸੰਯੁਕਤ ਕਮਿਸ਼ਨਰ ਜੀ ਦੇ ਜੁਬਾਨੀ ਹੁਕਮਾਂ ਦੇ ਹਵਾਲੇ ਨਾਲ ਸੁਪਰਡੰਟ (ਪ੍ਰਾਪਰਟੀ ਟੈਕਸ) ਅਤੇ ਸਿਸਟਮ ਮੈਨੇਜਰ ਵੱਲੋ ਨਗਰ ਨਿਗਮ, ਲੁਧਿਆਣਾ ਵਿਖੇ ਡਾਟਾ ਫੀਡਿੰਗ ਦਾ ਸਿਸਟਮ ਦੇਖਣ ਲਈ ਗਏ ਸੀ। ਨਗਰ ਨਿਗਮ, ਲੁਧਿਆਣਾ ਵਿਖੇ ਚੱਲ ਰਹੇ 4 ਜੋਨਲ ਦਫਤਰਾਂ ਅਤੇ 16 ਸਬ-ਜੋਨਲ ਸੁਵਿਧਾ ਸੈਂਟਰ ਵਿੱਚ ਪ੍ਰਾਪਰਟੀ ਟੈਕਸ ਦੀ ਕੁਲੇਕਸ਼ਨ ਕਰਨ ਲਈ ਆਉਟ ਸੋਰਸਿੰਗ ਰਾਹੀਂ ਕੰਮਪਿਉਟਰ ਐਕਸਪ੍ਰਟ ਸਟਾਫ ਅਤੇ ਸਾਰਾ ਕੰਮਪਿਉਟਰਾਈਜੇਸ਼ਨ ਸਿਸਟਮ ਲਗਾਇਆ ਗਿਆ ਹੈ। ਜਿਸ ਅਨੁਸਾਰ ਪ੍ਰਾਪਰਟੀ ਟੈਕਸ ਰਿਟਰਨਾ ਅਤੇ ਟੈਕਸ ਦੀ ਪ੍ਰਾਪਤੀ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ:-

1. ਅਸੈਸੀ ਆਪਣੇ ਘਰ/ਦੁਕਾਨ/ਦਫਤਰ ਆਦਿ ਜਗ੍ਹਾਂ ਤੇ ਲਗੇ ਕੰਮਪਿਉਟਰ ਤੇ ਲਾਗ-ਇਨ ਕਰਕੇ ਆਪਣਾ ਆਈ.ਡੀ. ਬਨਾ ਕੇ ਪ੍ਰਾਪਰਟੀ ਟੈਕਸ ਰਿਟਰਨ ਦਾ ਡਾਟਾ ਭਰਕੇ ਪ੍ਰਾਪਰਟੀ ਟੈਕਸ ਰਿਟਕਨ ਅਤੇ ਚਲਾਨ ਦੀ ਕਾਪੀ ਦਾ ਘਰ ਬੈਠੇ ਪ੍ਰਿੰਟ ਲੈ ਸਕਦਾ ਹੈ ਅਤੇ ਉਸ ਦੇ ਬਾਅਦ ਉਹ ਪ੍ਰਾਪਰਟੀ ਟੈਕਸ ਦੀ ਅਦਾਇਗੀ ਚਲਾਨ ਦੀ ਕਾਪੀ ਦੇ ਅਧਾਰ ਤੇ ਨਿਰਧਾਰਤ ਬੈਂਕ ਜਾਂ ਜੋਨਲ ਦਫਤਰ/ਸਬ-ਜੋਨਲ ਦੇ ਸੁਵਿਧਾ ਸੈਂਟਰਾਂ ਤੇ ਕਰ ਸਕਦਾ ਹੈ।
2. ਅਸੈਸੀ ਆਨ-ਲਾਈਨ ਡੈਬਿਟ/ਕਰੇਡਿਟ ਕਾਰਡ ਤੋਂ ਇਲਾਵਾ ਨੈਟ ਬੈਂਕਿੰਗ ਰਾਹੀਂ ਵੀ ਅਦਾਇਗੀ ਕੀਤੀ ਜਾ ਸਕਦੀ ਹੈ ਅਤੇ ਅਸੈਸੀ ਰਿਪੋਟ-ਕਮ-ਰਸੀਦ ਦੀ ਕਾਪੀ ਦਾ ਪ੍ਰਿੰਟ ਲੈ ਸਕਦਾ ਹੈ।
3. ਅਸੈਸੀ ਕਿਸੇ ਵੀ ਜੋਨਲ ਦਫਤਰ/ਸਬ-ਜੋਨਲ ਦੇ ਸੁਵਿਧਾ ਸੈਂਟਰ ਤੇ ਜਾ ਕੇ ਮੇਨੁਅਲ ਪ੍ਰਾਪਰਟੀ ਟੈਕਸ ਰਿਟਰਨ ਫਾਰਮ ਭਰ ਕੇ ਟੈਕਸ ਜਮ੍ਹਾਂ ਕਰਵਾ ਸਕਦਾ ਹੈ ਅਤੇ ਜੋਨਲ ਦਫਤਰ/ਸਬ-ਜੋਨਲ ਦੇ ਸੁਵਿਧਾ ਸੈਂਟਰਾਂ ਤੇ ਫਾਰਮ ਦੀ ਡਾਟਾ ਫੀਡਿੰਗ ਕਰਕੇ ਉਸ ਕੋਲੋ ਰਕਮ ਲੈ ਕੇ ਰਿਪੋਟ-ਕਮ-ਰਸੀਦ ਦਿੱਤੀ ਜਾਂਦੀ ਹੈ।
4. ਇਸਪੈਕਟਰਾਂ ਵੱਲੋ ਫੀਲਡ ਵਿੱਚ ਜਾ ਕੇ ਜਾਂ ਕੈਪਾਂ ਰਾਹੀਂ ਜੋ ਪ੍ਰਾਪਰਟੀ ਟੈਕਸ ਰਿਟਰਨਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ਉਹ ਕੁਲ ਪ੍ਰਾਪਰਟੀ ਟੈਕਸ ਰਿਟਰਨਾਂ ਦਾ ਮੁਸ਼ਕਲ ਨਾਲ 10% ਤੱਕ ਹੀ ਹੈ ਜਿਸ ਕਾਰਨ ਇਹਨਾਂ ਦੀ ਡਾਟਾ ਫੀਡਿੰਗ ਵੀ ਰਿਬੇਟ ਪੀਰੀਅਡ ਖਤਮ ਹੋਨ ਤੇ ਪਬਲਿਕ ਦਾ ਰਸ਼ ਘੱਟ ਜਾਣ ਕਾਰਨ ਜੋਨਲ ਦਫਤਰ/ਸਬ-ਜੋਨਲ ਦੇ ਸੁਵਿਧਾ ਸੈਂਟਰ ਦੇ ਸਟਾਫ ਵੱਲੋ 10-15 ਦਿਨਾਂ ਵਿੱਚ ਹੀ ਮੁੱਕਮਲ ਕਰ ਦਿੱਤੀ ਜਾਂਦੀ ਹੈ।
5. ਅਸੈਸੀ ਨੂੰ ਰਸੀਦ ਤੋਂ ਇਲਾਵਾ ਪ੍ਰਾਪਰਟੀ ਟੈਕਸ ਰਿਟਰਨ ਭਰੇ ਗਏ ਡਾਟਾ ਦੀ ਸਾਰੀ ਰਿਪੋਰਟ ਪ੍ਰਾਪਤ ਹੋਣ ਨਾਲ ਲੋਕਾਂ ਨੂੰ ਰਿਟਰਨ ਦਾ ਪੂਰਾ ਰਿਕਾਰਡ ਉਪਲਬਧ ਹੋ ਜਾਂਦਾ ਹੈ।
6. ਜਿਵੇਂ ਕਿ ਸਰਕਾਰ ਵੱਲੋ ਸਮੇਂ-ਸਮੇਂ ਸਿਰ ਸਾਲ ਵਾਈਜ ਰਿਟਰਨਾਂ, ਰਕਮ, ਵਪਾਰਕ ਅਤੇ ਰਿਹਾਇਸ਼ੀ ਪ੍ਰਾਪਰਟੀਆਂ ਆਦਿ ਸਬੰਧੀ ਰਿਪੋਟਾਂ ਮੰਗੀਆਂ ਜਾਂਦੀਆਂ ਹਨ ਉਹ ਡਾਟਾ ਫੀਡਿੰਗ ਅਪਡੇਟ ਹੋਨ ਕਰਕੇ ਇਕ ਮਾਉਸ ਦੀ ਕਿਲਕ ਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਕੋਈ ਵੀ ਅਧਿਕਾਰੀ ਕਿਸੇ ਵੇਲੇ ਵੀ ਡਾਟਾ ਦੇਖ ਸਕਦਾ ਹੈ।
7. ਕਿਉਂਕਿ ਇਸ ਵਿੱਚ ਡਾਟਾ ਫੀਡਿੰਗ ਜਾਂ ਤਾਂ ਅਸੈਸੀਆਂ ਵਲੋਂ ਖੁਦ ਕੀਤੀ ਜਾਂਦੀ ਹੈ ਅਤੇ ਮੈਨੁਅਲ ਫਾਰਮ ਦੀ ਡਾਟਾ ਫੀਡਿੰਗ ਵੀ ਮੋਕੇ ਤੇ ਕੀਤੇ ਜਾਣ ਕਾਰਨ ਮੈਨੁਅਲ ਫਾਰਮ ਗਲਤ ਜਾਂ ਅਧੂਰੇ ਹੋਣ ਦੀ ਸੂਰਤ ਵਿੱਚ ਡਾਟਾ ਵੀ ਫੀਡਿੰਗ ਸਹੀ ਹੋ ਜਾਂਦੀ ਹੈ।

ਉਕਤ ਨੂੰ ਮੁੱਖ ਰੱਖਦੇ ਹੋਏ ਵਿਭਾਗ ਵੱਲੋ ਤਜਵੀਜ ਕੀਤਾ ਗਿਆ ਹੈ ਕਿ ਨਗਰ ਨਿਗਮ, ਜਲੰਧਰ ਵਿਖੇ ਵੀ ਨਗਰ ਨਿਗਮ, ਲੁਧਿਆਣਾ ਵੱਲੋ ਸਿਸਟਮ ਨੂੰ ਅਡਾਪਟ ਕਰ ਲਿਆ ਜਾਂਦਾ ਹੈ ਤਾਂ ਇਸ ਨਾਲ ਪ੍ਰਾਪਰਟੀਆਂ ਸਬੰਧੀ ਡਾਟਾ ਵੀ ਸਹੀ ਢੰਗ ਨਾਲ ਅਤੇ ਨਾਲ ਦੀ ਨਾਲ ਫੀਡ ਹੋ ਸਕੇਗਾ ਜਿਸ ਕਾਰਨ ਡਿਫਾਲਟਰਾਂ ਵਿਰੁੱਧ ਕਾਰਵਾਈ ਸਮੇਂ ਸਿਰ ਹੋਣ ਨਾਲ ਵਸੂਲੀ ਵਿਚ ਵਾਧਾ ਹੋਵੇਗਾ। ਲੋਕਾਂ ਨੂੰ ਵੀ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਵਿੱਚ ਸਹੂਲਤ ਹੋਵੇਗੀ ਅਤੇ ਉਹਨਾਂ ਨੂੰ ਪ੍ਰਾਪਰਟੀ ਟੈਕਸ ਰਿਟਰਨ ਦਾ ਵੇਰਵਾ ਵੀ ਪ੍ਰਾਪਤ ਹੋਵੇਗਾ ਅਤੇ ਰਿਪੋਟਿੰਗ ਵੀ ਸਹੀ ਹੋਵੇਗੀ।

ਉਪਰੋਕਤ ਦੀ ਲਗਾਤਾਰਤਾ ਵਿੱਚ ਦੱਸਣ ਯੋਗ ਹੈ ਕਿ ਨਿਗਰਾਨ ਇੰਜੀਨੀਅਰ (ਓ.ਐਡ.ਐਮ) ਜੀ ਨੇ ਆਪਣੇ ਪੱਤਰ ਮਿਤੀ 08.07.2015 ਅਨੁਸਾਰ ਵਾਟਰ ਸਪਲਾਈ ਅਤੇ ਸੀਵਰੇਜ ਦੇ ਬਿੱਲਾਂ ਦੀ ਵਸੂਲੀ ਆਨ-ਲਾਈਨ/ ਕੰਮਪਿਉਟਰਾਇਜਡ ਸਿਸਟਮ ਨੂੰ ਲਾਗੂ ਕਰਨ ਲਈ ਲਿਖਿਆ ਗਿਆ ਹੈ। ਉਹਨਾ ਨੇ ਆਪਣੇ ਨੋਟ ਵਿੱਚ ਵਾਟਰ ਅਤੇ ਸੀਵਰੇਜ ਦੀ ਵਸੂਲੀ ਆਨ-ਲਾਈਨ ਕਰਨ ਅਤੇ ਜੋਨਲ ਦਫਤਰਾਂ ਵਿਖੇ ਕੰਮਪਿਉਟਰਾਇਜਡ ਸਿਸਟਮ ਰਾਹੀਂ ਕਰਨ ਲਈ ਕਿਹਾ ਗਿਆ ਹੈ ਤਾਂ ਕਿ ਇਹ ਵਸੂਲੀ ਦਾ ਡਾਟਾ ਫੀਡਿੰਗ ਨਾਲ-ਨਾਲ ਅਤੇ ਸਹੀ ਹੋ ਸਕੇ ਅਤੇ ਲੋਕਾਂ ਨੂੰ ਵੀ ਛੋਟੀਆਂ-ਛੋਟੀਆਂ ਰਕਮਾਂ ਜਮ੍ਹਾਂ ਕਰਵਾਉਣ ਲਈ ਨਿਗਮ ਦਫਤਰ ਆਉਣ ਦੀ ਲੋੜ ਨਹੀਂ ਪਵੇਗੀ। ਇਸ ਨਾਲ ਰਿਪੋਰਟਿੰਗ ਵੀ ਸਹੀਂ ਅਤੇ ਸਮੇਂ ਸਿਰ ਹੋਵੇਗੀ। ਇਸ ਤੋਂ ਇਲਾਵਾ ਜਿਹੜਾ ਸਟਾਫ ਜੋਨਾਂ ਵਿੱਚ ਰੇਗੂਲਰ ਅਧਾਇਗੀ ਦੀਆਂ ਮੈਨੁਯਲ ਰਸਿਦਾ ਕਟ੍ਦਾ ਹੈ ਉਸ ਨੂੰ ਫੀਲਡ ਵਿੱਚ ਜਾਂ ਕੇ ਬਕਾਇਆ ਦੀ ਵਸੂਲੀ ਦੇ ਕੰਮ ਲਈ ਲਗਾਇਆ ਜਾ ਸਕਦਾ ਹੈ।ਜਿਸ ਨਾਲ ਨਗਰ ਨਿਗਮ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

ਇਸ ਤੋਂ ਇਲਾਵਾ ਮਾਨਯੋਗ ਮੇਅਰ ਅਤੇ ਕਮਿਸ਼ਨਰ ਜੀ ਨਾਲ ਮਿਤੀ 09.07.2015 ਨੂੰ ਉਕਤ ਸਿਸਟਮ ਨੂੰ ਲਾਗੂ ਕਰਨ ਲਈ ਵਿਚਾਰ-ਵਟਾਂਦਰਾਂ ਕੀਤਾ ਗਿਆ।ਮਾਨਯੋਗ ਮੇਅਰ ਜੀ ਨੇ ਕੰਮਪਲੇਂਟ ਸਿਸਟਮ ਨੂੰ ਵੀ ਇਹਨਾਂ ਜੋਨਾਂ ਵਿੱਚ ਲਾਗੂ ਕਰਨ ਦੀ ਹਦਾਇਤ ਕੀਤੀ ਗਈ ਤਾਂ ਜੋ ਇਹਨਾਂ ਜੋਨਾਂ ਵਿੱਚ ਕੰਮਪਿਉਟਰਾਇਜਡ ਆਨ-ਲਾਈਨ ਕੰਮਪਲੇਂਟ ਸਿਸਟਮ ਲਾਗੂ ਹੋ ਸਕੇ।**Operation & Management of Citizen Facilitation Centre/ E-Governance Application in Zonal Offices (Lal Rattan Zone, Dada Colony Zone, Garha Zone, Basti Sheikh Zone, Model Town Zone) and Suvidha Centre of Municipal Corporation Jalandhar.**

ਉਪਰੋਕਤ ਦਿੱਤੇ ਵੇਰਵੇ ਅਨੁਸਾਰ ਉਕਤ ਸਿਸਟਮ ਨੂੰ ਲਾਗੂ ਕਰਨ ਲਈ ਦਿੱਤੇ ਗਏ ਪ੍ਰਸਤਾਵ ਦੇ Key Points ਹੇਠ ਲਿਖੇ ਅਨੁਸਾਰ ਹੈ:-

1. MANPOWER MANAGEMENT **PER MONTH**

I. Manpower (1 Technical Assistant, 1 Co-ordinator, 8 Computer Operators & 1 Customer Care Executive)

2. INFRASTRUCTURE & HARDWARE MANAGEMENT <u>PER MONTH</u>

I. BSNL Cloud server for hosting
II. 8 Internet Connections with 8 mbps speed + 1 or 2 dongles
III. Instant SMS and Email Gateway
IV. 8 PC, UPS, 8 Printers, Cartages/Toners, (alongwith provision of standby) Stationery and its maintenance

3. APPLICATION SOFTWARE DEVLOPMENT MANAGEMENT <u>LUMPSUM</u>

I. Development of web based software for Water Supply & Sewerage charges collection and data feeding/posting.
II. Development of online complaints & IVRS (Interactive Voice Response System) Complaint redressal system to handle complaints from the public (Web + Android App).
III. Updation of Water Supply & Sewerage charges collection & Property Tax web based software for Net-Banking with payment gateway integration, well reporting panel with highly secure mode and other essential features.
IV. Development of web based software for online payment of licence fee.

4. OPERATION & MAINTENANCE <u>PER MONTH</u>

I. Maintenance and regular Updation of software from time to time according to head of the corporation and also to add the new service under the system if desired by the corporation.
II. Property Tax Collection System, data feeding of all returns, matching of data of all years and preparation of sector wise hard copies at the end of financial year preparation of all statements/MIS.
III. Software Engineering Service (any new update in modules special in Property Tax, any customized reports required for administrative purpose, Regular data backups, security etc).
IV. Audit satisfaction of online and offline payments.
V. New self-serving web portal with all module integration on .gov .in domain.
VI. Any other service to be added at CFC at later stage.
VII. The Data Entry will be running in concurrence with the MCJ data collection. Each Module in the software MUST be capable of Any Time Reporting for the convenience of the MC, Jalandhar staff.
VIII. All data entries of Property Tax, Water Supply & Sewerage and Complaints etc.
IX. Previous property tax assessment data to be imported and data cleansing process is to be done.
X. Citizen support center (to assist citizen in filing online returns/chargeback payment or MC Officials).

NOTE: The services /arrangement for Sr. No. 1, 2, 4 will be initially for the one year which can be extended upto two more years on the consent of the both parties.

ਇਥੇ ਇਹ ਜਿਕਰਯੋਗ ਹੈ ਕਿ ਉਕਤ ਕੰਮ ਲਈ ਰਕਮ 12ਵੇਂ ਵਿੱਤ ਕਮਿਸ਼ਨ ਵੱਲੋ ਗਰਾਂਟ-ਇਨ-ਏਡ ਅੰਡਰ ਸਕੀਮ ਯੂ.ਡੀ.-11 ਅਧੀਨ ਪ੍ਰਾਪਤ ਹੋਈ ਗ੍ਰਾਂਟ (ਡਾਟਾ ਬੇਸ ਕੰਮਪਿਉਟਰਾਇਜੇਸ਼ਨ) ਜਾਰੀ ਗ੍ਰਾਂਟ /ਮਿਉਂਸੀਪਲ ਫੰਡ ਵਿਚੋਂ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਉਕਤ ਦੇ ਸਬੰਧ ਵਿੱਚ ਇੱਕ DNIT ਤਿਆਰ ਕੀਤੀ ਗਈ ਹੈ, ਜ਼ੋ ਨਾਲ ਨੱਥੀ ਹੈ। ਇਹ ਕੰਮ ਈ-ਟੈਂਡਰਿੰਗ ਰਾਹੀ ਕਰਵਾਇਆ ਜਾਵੇਗਾ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਦੀਆਂ 6 ਜੋਨਾਂ ਅਤੇ 2 ਹੋਰ ਦਫਤਰਾਂ ਤੇ **Operation & Management of Citizen Facilitation Centre/ E-Governance Application in Municipal Corporation Jalandhar** ਨੂੰ ਲਾਗੂ ਕਰਨ ਲਈ ਇਹ ਮਾਮਲਾ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ । ਇਹ ਕੰਮ ਈ-ਟੈਂਡਰਿੰਗ ਰਾਹੀ ਕਰਵਾਇਆ ਜਾਵੇਗਾ।ਮਾਮਲਾ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕਾਰਜਕਾਰੀ ਇੰਜੀਨੀਅਰ ਜੀ ਨੇ ਮਿਤੀ: 21.7.2015 ਰਾਹੀਂ ਲਿਖਿਆ ਹੈ ਕਿ ਇਹ ਇੱਕ ਅਰਜੰਟ ਨੈਚਰ ਕੰਮ ਹੈ ਕਿਉ ਜੋ ਪ੍ਰਾਪਰਟੀ ਟੈਕਸ ਦੀ 10% ਰਿਬੇਟ ਦੀ ਮਿਤੀ 30.09.2015 ਤੱਕ ਹੈ। ਇਸ ਲਈ ਇਹ ਮਾਮਲਾ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 5.08.2015 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 07.08.2015 ਰਾਹੀਂ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜ਼ਵੀਜ਼ ਨਗਰ ਨਿਗਮ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 27

ਵਿਸ਼ਾ:- ਵਿਭਾਗਾਂ ਦੇ ਦਫਤਰੀ ਕੰਮ ਨੂੰ ਕੰਮਪਿਉਟਰਾਇਜਡ ਕਰਨ ਲਈ ਕੰਮਪਿਉਟਰ, ਪ੍ਰਿੰਟਰ ਆਦਿ ਦੀ ਖਰੀਦ ਕਰਨ ਸਬੰਧੀ।

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 22.1.2016 ਵੱਲੋ ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਨਗਰ ਨਗਮ ਜਲੰਧਰ ਦਾ ਸਾਰਾ ਦਫਤਰੀ ਕੰਮ ਕੰਮਪਿਉਟਰਾਇਜਡ ਕੀਤਾ ਜਾ ਰਿਹਾ ਹੈ। ਕੰਮ ਨੂੰ ਕੰਮਪਿਉਟਰਾਇਜਡ ਕਰਨ ਲਈ ਵਿਭਾਗਾਂ /ਅਧਿਕਾਰੀਆਂ ਵਲੋਂ ਕੰਮਪਿਉਟਰ ਦੀ ਮੰਗ ਕੀਤੀ ਜਾ ਰਹੀ ਹੈ। ਕਾਫੀ ਹੱਦ ਤਕ ਵਿਭਾਗਾਂ ਨੂੰ ਕੰਮਪਿਉਟਰ ਮੁਹੱਇਆ ਕਰਵਾ ਦਿੱਤੇ ਗਏ ਹਨ ਅਤੇ ਕੁੱਝ ਵਿਭਾਗਾਂ ਦੇ ਕੰਮਪਿਉਟਰ ਬਹੁਤ ਪੁਰਾਣੇ ਹੋ ਚੁੱਕੇ ਹਨ। ਉਹਨਾਂ ਵਲੋਂ ਨਵੇ ਕੰਮਪਿਉਟਰ ਦੀ ਮੰਗ ਕੀਤੀ ਜਾ ਰਹੀ ਹੈ, ਤਾਕਿ ਦਫਤਰੀ ਕੰਮ ਨੂੰ ਕੰਮਪਿਉਟਰਾਇਜਡ ਕੀਤਾ ਜਾਵੇ ਅਤੇ ਰਿਕਾਰਡ ਦੀ ਸਾਂਭ ਸੰਭਾਲ ਕੀਤੀ ਜਾ ਸਕੇ ਕਿਉਂਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਵਲੋਂ ਵੀ ਕੰਮਪਿਉਟਰਾਇਜਡ ਰਿਪੋਰਟਾਂ ਦੀ ਮੰਗ ਕੀਤੀ ਜਾਂਦੀ ਹੈ। ਉਕਤ ਸਬੰਧੀ ਹੇਠ ਲਿਖੇ ਅਨੁਸਾਰ ਵਿਭਾਗਾਂ ਵਲੋਂ ਕੰਮਪਿਉਟਰ ਆਦਿ ਦੀ ਮੰਗ ਕੀਤੀ ਗਈ ਹੈ:-

ਵਿਭਾਗ/ਸਬੰਧਤ ਅਧਿਕਾਰੀ	ਸੰਖਿਆ
ਸੁਪਰਡੰਟ ਕੰਮਪਲੈਂਟ ਸੈਲ, ਵਿਗਿਆਪਨ ਸ਼ਾਖਾ, ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ), ਲੇਖਾ ਸ਼ਾਖਾ (ਕੈਸ਼ ਬੁੱਕ ਰਾਈਟਰ), ਰੈਵਿਨਿਉ ਬਰਾਂਚ, ਅਮਲਾ ਸ਼ਾਖਾ, ਲਾਈਸੈਂਸ ਸ਼ਾਖਾ, ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ), ਜਨਮ ਅਤੇ ਮੋਤ ਸ਼ਾਖਾ, ਸਿਹਤ ਸ਼ਾਖਾ, ਅਜੰਡਾ ਸ਼ਾਖਾ ਆਦਿ।	11

ਲੋਕਲ ਮਾਰਕੀਟ ਵਿਚ ਸਰਵੇ ਕਰਨ ਤੋਂ ਬਾਅਦ ਕੰਮਪਿਉਟਰ, ਪ੍ਰਿੰਟਰ ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ ਕਿ ਉਕਤ ਸਾਮਾਨ ਭਾਰਤ ਸਰਕਾਰ ਦੁਆਰਾ ਮਾਨਤਾ ਪ੍ਰਾਪਤ DGS&D ਰੇਟਾਂ ਤੇ ਉਪਲਬੱਧ ਹੈ ਜਿਸ ਦੀ ਮਿਆਦ ਮਿਤੀ: 11.03.2016 ਤੱਕ ਹੈ। ਇਥੇ ਇਹ ਦੱਸਣਯੋਗ ਹੈ ਕਿ ਜਦੋ ਹੇਠ ਲਿਖੇ ਸਮਾਨ ਦੀ ਖਰੀਦ ਦਾ ਪਰਚੇਂਜ ਆਡਰ ਦਿੱਤਾ ਜਾਵੇਗਾ ਉਸ ਸਮੇਂ ਦੇ DGS&D ਰੇਟ ਅਨੁਸਾਰ ਹੀ ਸਮਾਨ ਦੀ ਖਰੀਦ ਕੀਤੀ ਜਾਵੇਗੀ। ਉਕਤ ਕੰਮ ਲਈ ਰਕਮ 12ਵੇਂ ਵਿੱਤ ਕਮਿਸ਼ਨ ਵੱਲੋ ਗਰਾਂਟ-ਇਨ-ਏਡ ਅੰਡਰ ਸਕੀਮ ਯੂ.ਡੀ.-11 ਅਧੀਨ ਪ੍ਰਾਪਤ ਹੋਈ ਗ੍ਰਾਂਟ (ਡਾਟਾ ਬੇਸ ਕੰਮਪਿਉਟਰਾਇਜੇਸ਼ਨ) ਵਿਚੋਂ ਵਿਸ਼ੇ ਅਧੀਨ ਮੰਤਵ ਲਈ ਖਰਚ ਕੀਤਾ ਜਾ ਸਕਦਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ	ਵੇਰਵਾ		ਸੰਖਿਆ	ਰੇਟ (ਪ੍ਰਤੀ ਸਾਮਾਨ) (ਟੈਕਸ ਵੱਖਰਾ)	ਕੁਲ ਕੀਮਤ (ਟੈਕਸ ਵੱਖਰਾ)
1.	ਕੰਮਪਿਉਟਰ	DGS&D ਰੇਟ	11	33500/-	368500
2.	ਪ੍ਰਿੰਟਰ	DGS&D ਰੇਟ	11	8644/-	95084
3.	ਯੂ.ਪੀ.ਐਸ਼	Quotation	11	3000/-	000
ਕੁਲ ਰਕਮ					496584

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਜੇਕਰ ਉਚ-ਅਧਿਕਾਰੀ ਸਹਿਮਤ ਹੋਣ ਤਾਂ ਉਕਤ ਸਮਾਨ ਦੀ ਖਰੀਦ ਕੰਪਨੀ ਦੇ ਔਥੋਰਾਇਜਡ ਡੀਲਰ/ਰੀਸੇਲਰ/ ਚੈਨਲ ਪਾਰਟਨਰ ਤੋਂ DGS&D ਰੇਟਾਂ ਆਦਿ ਤੇ ਰੁਪੈ: 4,96,584/- (ਟੈਕਸ ਵੱਖਰਾ) ਤੇ ਕਰਨ ਦਾ ਤਖਮੀਨਾ ਨਗਰ ਨਿਗਮ ਦੇ ਹਾਉਸ ਦੀ ਮੀਟਿੰਗ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਸੰਯਕੁਤ ਕਮਿਸ਼ਨਰ ਨੇ ਮਿਤੀ: 27.1.2016 ਉਪਰੋਕਤ ਅਨੁਸਾਰ ਇਹ ਕੰਮ ਨਗਰ ਨਿਗਮ ਦੀ ਹਾਉਸ ਦੀ ਮੀਟਿੰਗ ਵਿਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸ਼ਿਫਾਰਿਸ਼ ਕੀਤੀ ਹੈ। ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 27.1.2016 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਸਾਹਿਬ ਦੇ ਹੁੱਕਮ ਮਿਤੀ 27.1.2016 ਰਾਹੀਂ ਇਹ ਕੇਸ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:28

ਵਿਸ਼ਾ: ਨਗਰ ਸੁਧਾਰ ਟਰੱਸਟ ਦੀਆਂ ਕਾਰੋਬਾਰੀ ਵਿਕਾਸ ਸਕੀਮਾਂ, ਜਿਹਨਾਂ ਵਿਚ ਮੰਜੂਰਸੁਦਾ ਸਟੈਂਡਰਡ ਡਿਜਾਇਨ ਦੇ ਖਿਲਾਫ ਜ਼ੋ ਕਾਰੋਬਾਰੀਆਂ ਉਸਾਰੀਆਂ ਹੋਈਆਂ ਹਨ, ਉਹਨਾਂ ਨੂੰ ਰੈਗੂਲਰਾਇਜ ਕਰਨ ਸਬੰਧੀ ।

ਤਜਵੀਜ ਸ੍ਰੀਮਤੀ ਕਵਲਜੀਤ ਕੌਰ ਗੁਲੂ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਬਲਵੀਰ ਸਿੰਘ ਢਿਲੋਂ, ਕੌਂਸਲਰ ਅਤੇ ਸ੍ਰੀਮਤੀ ਸੁਲੇਖਾ ਭਗਤ, ਕੌਂਸਲਰ ਨੇ ਕੀਤੀ ਹੈ ਕਿ ਨਗਰ ਨਿਗਮ ਦੀ ਹਦੂਦ ਅੰਦਰ, ਨਗਰ ਸੁਧਾਰ ਟਰੱਸਟ ਦੀਆਂ ਕਾਰੋਬਾਰੀ ਵਿਕਾਸ ਸਕੀਮਾਂ ਜਿਵੇਂ ਕਿ ਗੁਜਰਾਲ ਨਗਰ, ਮੋਤਾ ਸਿਘ ਨਗਰ, ਰਮਨ ਦਾਦਾ ਮਾਰਕੀਟ, ਮਾਸਟਰ ਤਾਰਾ ਸਿੰਘ ਨਗਰ, ਨਿਊ ਜਵਾਹਰ ਨਗਰ, ਭਾਈ ਜੈਤਾਂ ਜੀ ਮਾਰਕੀਟ, ਗੁਰੂ ਤੇਗ ਬਹਾਦੁਰ ਨਗਰ ਆਦਿ ਜ਼ੋ ਕਿ ਨਗਰ ਨਿਗਮ ਨੂੰ ਨਗਰ ਸੁਧਾਰ ਟਰੱਸਟ ਵਲੋਂ ਸੌਂਪੀਆਂ ਜਾ ਚੁੱਕੀਆਂ ਹਨ। ਇਹਨਾਂ ਵਿਕਾਸ ਸਕੀਮਾਂ ਵਿਚ ਸ਼ਾਪ-ਕਮ-ਆਫਿਸ ਅਤੇ ਸ਼ਾਪ-ਕਮ-ਫਲੈਟਾਂ ਜਿਹਨਾਂ ਦੇ ਸਟੈਂਡਰਡ ਡਿਜਾਇਨ ਮੰਜੂਰ ਹਨ, ਵਿਚ ਸਕੀਮ ਦੀਆਂ ਮਿਥਿਆਵਾਂ ਦੇ ਖਿਲਾਫ ਉਸਾਰੀਆਂ ਹੋ ਚੁੱਕੀਆਂ ਹਨ ਜ਼ੋ ਕਿ ਨਾ ਤਾਂ ਨਗਰ ਨਿਗਮ ਵਲੋਂ ਗਿਰਾਈਆਂ ਗਈਆਂ ਹਨ ਅਤੇ ਨਾ ਹੀ ਅਜਿਹੀਆਂ ਸਟੈਂਡਰਡ ਡਿਜਾਇਨ ਦੇ ਖਿਲਾਫ ਕਾਰੋਬਾਰੀ ਉਸਾਰੀਆਂ ਨੂੰ ਰੈਗੂਲਰ ਕਰਨ ਸਬੰਧੀ ਕੋਈ ਕਾਰਵਾਈ ਕੀਤੀ ਗਈ ਹੈ।ਇਸ ਲਈ ਤਜਵੀਜ ਕੀਤਾ ਜਾਂਦਾ ਹੈ ਕਿ ਨਗਰ ਸੁਧਾਰ ਟਰੱਸਟ ਦੀਆਂ ਕਾਰੋਬਾਰੀ ਵਿਕਾਸ ਸਕੀਮਾਂ, ਜਿਹਨਾਂ ਵਿਚ ਮੰਜੂਰਸੁਦਾ ਸਟੈਂਡਰਡ ਡਿਜਾਇਨ ਦੇ ਖਿਲਾਫ ਜ਼ੋ ਕਾਰੋਬਾਰੀਆਂ ਉਸਾਰੀਆਂ ਹੋਈਆਂ ਹਨ, ਉਹਨਾਂ ਨੂੰ ਰੈਗੂਲਰਾਇਜ ਕਰ ਦਿੱਤਾ ਜਾਵੇ, ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ। ਕਿਉਂਕਿ ਅਜਿਹੀਆਂ ਸਟੈਂਡਰਡ ਡਿਜਾਇਨ ਦੇ ਖਿਲਾਫ ਹੋਈਆਂ ਅਣ-ਅਧਿਕਾਰਤ ਉਸਾਰੀਆਂ ਨੂੰ ਗਿਰਾਉਣਾ ਪਬਲਿਕ ਹਿੱਤ ਲਈ ਉਚਿਤ ਨਹੀਂ ਹੋਵੇਗਾ।ਉਪਰੋਕਤ ਅਨੁਸਾਰ ਤਜਵੀਜ ਹਾਊਸ ਦੀ ਪ੍ਰਵਾਨਗੀ ਲਈ ਮੀਟਿੰਗ ਵਿਚ ਰੱਖਣ ਦੀ ਸਿ਼ਫਾਰਸ਼ ਕੀਤੀ ਜਾਂਦੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.8.2015 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਇਸ ਮੱਦ ਵਿੱਚ ਟੀ.ਪੀ. ਸਕੀਮਾਂ ਅਤੇ ਰਿਹੈਬਲੀਟੇਸ਼ਨ ਸਕੀਮਾਂ ਵੀ ਸ਼ਾਮਲ ਕੀਤੀਆਂ ਜਾਂਦੀਆਂ ਹਨ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:29

ਵਿਸ਼ਾ: ਅਪਾਹਜ ਆਸ਼ਰਮ ਨੂੰ ਹਰੇਕ ਮਹੀਨੇ 1.00 ਲੱਖ ਰੁਪਏ ਗ੍ਰਾਂਟ ਵਜੋਂ ਦੇਣ ਅਤੇ ਡਿਸਪੈਂਸਰੀ ਲਈ ਦਵਾਈਆਂ ਵੀ ਦੇਣ ਸਬੰਧੀ ਪ੍ਰਵਾਨਗੀ ਦੇਣ ।

ਤਜਵੀਜ ਸ੍ਰੀ ਪ੍ਰੀਤਮ ਸਿੰਘ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀਮਤੀ ਕੰਚਨ ਸ਼ਰਮਾ ਅਤੇ ਸ੍ਰੀ ਹਰਸਿਮਰਨਜੀਤ ਬੰਟੀ, ਕੌਂਸਲਰ ਨੇ ਕੀਤੀ ਹੈ ਕਿ ਅਪਾਹਜ ਸਹਾਇਕ ਸਭਾ (ਰਜਿ.), ਜਲੰਧਰ ਵਲੋਂ ਆਪਣੇ ਪੱਤਰ ਨੰ: ਏ.ਏ./2015-16/406 ਮਿਤੀ 10.12.2015 ਰਾਹੀਂ ਲਿਖਿਆ ਹੈ ਕਿ ਅਪਾਹਜ ਆਸ਼ਰਮ ਜੋ ਕਿ ਅਪਾਹਜ ਸਹਾਇਕ ਸਭਾ (ਰਜਿ.), ਜਲੰਧਰ, ਦੀ ਦੇਖਰੇਖ ਵਿੱਚ ਚਲ ਰਿਹਾ ਹੈ, ਵਿਖੇ ਦੀਵਾਲੀ ਦੇ ਮੌਕੇ ਤੇ ਮਾਨਯੋਗ ਮੇਅਰ ਜੀ ਮਿਤੀ 13.11.2015 ਨੂੰ ਬਤੌਰ ਮੁੱਖ ਮਹਿਮਾਨ ਵਜੋਂ ਸ਼ਰੀਕ ਹੋਏ ਸਨ ਅਤੇ ਅਪਾਹਜ ਆਸ਼ਰਮ ਅਤੇ ਡਿਸਪੈਂਸਰੀ ਲਈ ਦਵਾਈਆਂ ਵਾਸਤੇ 1.00 ਲੱਖ ਰੁਪਏ ਬਤੌਰ ਗ੍ਰਾਂਟ ਦੇਣ ਹਿੱਤ ਘੋਸ਼ਣਾ ਕਰਕੇ ਆਏ ਸਨ । ਉਹ ਬੇਨਤੀ ਕਰਦੇ ਹਨ ਕਿ ਅਪਾਹਜ ਆਸ਼ਰਮ ਨੂੰ ਹਰੇਕ ਮਹੀਨੇ 1.00 ਲੱਖ ਰੁਪਏ ਗ੍ਰਾਂਟ ਵਜੋਂ ਦੇਣ ਅਤੇ ਡਿਸਪੈਂਸਰੀ ਲਈ ਦਵਾਈਆਂ ਵੀ ਦੇਣ ਸਬੰਧੀ ਪ੍ਰਵਾਨਗੀ ਦੇਣ।

ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 11-12-2015 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਅਪਾਹਜ ਆਸ਼ਰਮ ਵਿਖੇ ਸਿਰਫ ਕੈਂਸਰ ਦੀ ਦਵਾਈ ਦਾ ਖ਼ਰਚਾ ਨਗਰ ਨਿਗਮ ਅਦਾ ਕਰੇਗੀ।ਇਸ ਬਾਬਤ ਪੀ.ਐਮ.ਸੀ. ਐਕਟ, 1976 ਦੀ ਧਾਰਾ 82(3) ਤਹਿਤ ਸਰਕਾਰ ਤੋਂ ਮੰਜੂਰੀ ਪ੍ਰਾਪਤ ਕੀਤੀ ਜਾਵੇ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:30

ਵਿਸ਼ਾ: ਦੇਸੀ ਗਾਂਵਾਂ ਦੇ ਰੱਖ-ਰਖਾਓ ਲਈ ''ਗਊ ਗਰਾਮ ਸੇਵਾ ਸਮਿਤੀ, ਡਾ: ਸ਼ਿਆਮਾ ਪ੍ਰਸਾਦ ਮੁਖਰਜੀ ਹਸਪਤਾਲ, ਗੋਪਾਲ ਨਗਰ, ਜਲੰਧਰ'' ਨੂੰ ਜਗ੍ਹਾ ਅਲਾਟ ਕਰਨ ਬਾਰੇ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਕ ਬਿਨੈ ਪੱਤਰ ''ਗਊ ਗਰਾਮ ਸੇਵਾ ਸਮਿਤੀ, ਡਾ: ਸ਼ਿਆਮਾ ਪ੍ਰਸਾਦ ਮੁਖਰਜੀ ਹਸਪਤਾਲ, ਗੋਪਾਲ ਨਗਰ, ਜਲੰਧਰ'' ਜ਼ੋ ਕਿ ਇੱਕ ਰਜਿਸਟਰਡ ਸੋਸਾਇਟੀ ਹੈ ਵਲੋਂ ਮੇਅਰ ਜੀ ਨੂੰ ਮਿਤੀ 20.7.2015 ਨੂੰ ਦਿੱਤਾ ਗਿਆ। ਜਿਸ ਦੀ ਤਾਈਦ ਸ੍ਰੀਮਤੀ ਸੁਮਨ ਸਹਿਗਲ, ਕੌਂਸਲਰ, ਵਾਰਡ ਨੰ: 18, ਸ੍ਰੀ ਬਲਬੀਰ ਸਿੰਘ ਢਿਲੋਂ, ਕੌਂਸਲਰ ਵਾਰਡ ਨੰ: 11 ਅਤੇ ਸ੍ਰੀ ਅਰਜੁਨ ਸਿੰਘ ਪੱਪੀ, ਕੌਂਸਲਰ ਵਾਰਡ ਨੰ: 16 ਨੇ ਕੀਤੀ ਹੈ।ਸੰਸਥਾ ਵਲੋਂ ਆਪਣੇ ਬਿਨੈ ਪੱਤਰ ਵਿਚ ਲਿਖਿਆ ਹੈ ਕਿ ਇਹ ਸੋਸਾਇਟੀ ਦੇਸੀ ਗਊਆਂ ਖ਼ਾਸ ਕਰਕੇ 'ਸਾਹੀਵਾਲ' ਨਸਲ ਦੀਆਂ ਗਊਆਂ ਅਤੇ ਹੋਰ ਦੇਸੀ ਗਊਆਂ ਦੇ ਰਖ-ਰਖਾਵ ਲਈ ਕੰਮ ਕਰਦੀ ਹੈ।ਭਾਰਤੀ ਇਤਿਹਾਸ ਵਿੱਚ ਗਊ ਨੂੰ ਮਾਂ ਦਾ ਦਰਜਾ ਪ੍ਰਾਪਤ ਹੈ । ਇਸ ਵਿੱਚ 33 ਕਰੋੜ ਦੇਵੀ-ਦੇਵਤਿਆਂ ਦਾ ਵਾਸ ਹੁੰਦਾ ਹੈ। ਗਊ ਦੇ ਦੁੱਧ, ਘਿਓ, ਮੱਖਣ, ਮੂਤਰ ਅਤੇ ਗੋਬਰ ਤੋਂ ਕਈ ਤਰ੍ਹਾਂ ਦੀਆਂ ਦੇਸੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਕਿ ਕਈ ਤਰ੍ਹਾਂ ਦੀਆਂ ਬਿਮਾਰੀਆਂ ਲਈ ਲਾਹੇਵੰਦ ਹੁੰਦੀਆਂ ਹਨ। ਇਹ ਸੰਸਥਾ ਜਿੱਥੇ ਅਜਿਹੀਆਂ ਗਊਆਂ ਦੀ ਸਾਂਭ-ਸੰਭਾਲ ਲਈ ਯਤਨਸ਼ੀਲ ਹੈ, ਉਥੇ ਆਮ ਲੋਕਾਂ ਵਿੱਚ ਵੀ ਗਊਆਂ ਪ੍ਰਤੀ ਆਸਥਾ ਰੱਖਣ ਹਿੱਤ ਜਾਣੂ ਕਰਵਾਉਣ ਵਿੱਚ ਵੀ ਵੱਡਮੁੱਲਾ ਯੋਗਦਾਨ ਦੇ ਰਹੀ ਹੈ ।ਇਹ ਸੰਸਥਾ ਅਜਿਹੇ ਇੱਕ ਵੱਡੇ ਉਪਰਾਲੇ ਵੱਲ ਵੱਧਣ ਦਾ ਜ਼ਜ਼ਬਾ ਰੱਖਦੀ ਹੈ ਕਿ ਇਹਨਾਂ ਦੇਸੀ ਗਊਆਂ ਦੀ ਨਸਲ ਵਿੱਚ ਹੋਰ ਸੁਧਾਰ ਲਿਆਇਆ ਜਾਵੇ ਅਤੇ ਬਿਮਾਰ ਗਊਆਂ ਦੀ ਉਚੇਚੇ ਢੰਗ ਨਾਲ ਸਾਂਭ-ਸੰਭਾਲ ਕੀਤੀ ਜਾਵੇ । ਇਸ ਮੰਤਵ ਲਈ ਸੰਸਥਾ ਬੇਨਤੀ ਕਰਦੀ ਹੈ ਕਿ ਸ਼ਹਿਰ ਅੰਦਰ ਕੋਈ ਢੁੱਕਵੀਂ ਥਾਂ ਜਿਸਦਾ ਰਕਬਾ 2 ਤੋਂ 5 ਏਕੜ ਹੋਵੇ, ਗਊਸ਼ਾਲਾ ਬਨਾਉਣ ਲਈ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜ਼ੋ ਜਿਥੇ ਅਜਿਹੀਆਂ ਗਊਆਂ ਦੀ ਸਾਂਭ-ਸੰਭਾਲ ਹੋ ਸਕੇ, ਉਥੇ ਸ਼ਹਿਰ ਅੰਦਰ ਵਿਚਰਦੀਆਂ ਬਿਮਾਰ ਤੇ ਲਾਚਾਰ ਗਊਆਂ ਨੂੰ ਵੀ ਉਸ ਗਊਸ਼ਾਲਾ ਵਿੱਚ ਰੱਖਿਆ ਜਾ ਸਕੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 20.7.2015 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਤਜ਼ਵੀਜ਼ ਸਬੰਧੀ ਫੈਸਲਾ ਲੈਣ ਦਾ ਅਧਿਕਾਰ ਰੈਵੇਨਿਯੂ ਐਡਹਾਕ ਕਮੇਟੀ ਨੂੰ ਦਿੱਤਾ ਜਾਂਦਾ ਹੈ ਜ਼ੋ ਪਿੰਡ ਸਲੇਮਪੁਰ ਮੁਸਲਮਾਨਾ ਜਾਂ ਗੋਦਾਈਪੁਰ ਦੀਆਂ ਜ਼ਮੀਨਾਂ ਵਿੱਚੋਂ ਢੁੱਕਵੀਂ ਅਤੇ ਕਿੰਨੀ ਜ਼ਮੀਨ ਕਿੰਨੇ ਸਮੇਂ ਲਈ ਦੇਣੀ ਹੈ ਆਦਿ ਬਾਰੇ ਸ਼ਰਤਾਂ ਤਿਆਰ ਕਰਨ ਬਾਰੇ ਫੈਸਲਾ ਕਰੇਗੀ ਜ਼ੋ ਬਾਅਦ ਵਿੱਚ ਹਾਊਸ ਨੂੰ ਜਾਣਕਾਰੀ ਹਿੱਤ ਭੇਜ਼ ਦਿੱਤੀ ਜਾਵੇ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:31

ਵਿਸ਼ਾ: ਸ਼ਹਿਰ ਅੰਦਰ ਹਰ ਤਰ੍ਹਾ ਦੇ ਪਲਾਸਟਿਕ ਦੇ ਲਿਫਾਫ਼ਿਆਂ (ਪਾਲੀਥੀਣ ਬੈਗਜ਼), ਡਿਸਪੋਜੇਬਲ ਪਲੇਟਾਂ ਤੇ ਗਲਾਸਾਂ ਤੇ ਪੂਰਣ ਤੌਰ ਤੇ ਬੈਨ ਲਗਾਉਣ ਸਬੰਧੀ ।

ਤਜਵੀਜ ਸ੍ਰੀ ਰਾਮ ਗੋਪਾਲ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਬਲਬੀਰ ਸਿੰਘ ਢਿਲੋਂ, ਕੌਂਸਲਰ ਨੇ ਕੀਤੀ ਹੈ ਕਿ ਸ਼ਹਿਰ ਅੰਦਰ ਜਦੋਂ ਧਾਰਮਿਕ ਸੰਸਥਾਂਵਾਂ ਜਾਂ ਕੋਈ ਹੋਰ ਵਿੱਅਕਤੀ ਲੰਗਰ ਲਗਾਉਦੇ ਹਨ ਤਾਂ ਡਿਸਪੋਜ਼ਲ ਪਲੇਟਾਂ ਅਤੇ ਗਲਾਸਾਂ ਦਾ ਪ੍ਰਯੋਗ ਕਰਦੇ ਹਨ। ਇਹ ਡਿਸਪੋਜ਼ਲ ਪਲੈਟਾਂ ਅਤੇ ਗਲਾਸ ਆਉਂਦੇ ਤਾਂ ਬੰਦ ਪੇਟੀਆਂ ਵਿੱਚ ਹਨ, ਪਰ ਬਾਅਦ ਵਿੱਚ ਟਰੱਕਾਂ ਵਿੱਚ ਭਰ ਕੇ ਸੁੱਟੇ ਜਾਂਦੇ ਹਨ ਜਾਂ ਜਲਾ ਦਿੱਤੇ ਜਾਂਦੇ ਹਨ ਜਿਸ ਨਾਲ ਪ੍ਰਦੂਸ਼ਨ ਫੈਲਦਾ ਹੈ ਅਤੇ ਇਸ ਵਿੱਚੋਂ ਜ਼ਹਿਰਲੀਆਂ ਗੈਸਾਂ ਨਿਕਲਦੀਆਂ ਹਨ ਜ਼ੋ ਕਿ ਆਮ ਲੋਕਾਂ ਦੀਆਂ ਸੇਹਤਾਂ ਤੇ ਮਾੜਾ ਅਸਰ ਪਾਉਂਦੀਆਂ ਹਨ । ਸਾਨੂੰ ਇਹ ਡਿਸਪੋਜ਼ਲ ਪਲੇਟਾਂ ਅਤੇ ਹਰ ਤਰ੍ਹਾਂ ਦੇ ਪਲਾਸਟਿਕ ਦੇ ਗਿਲਾਸ ਬੈਨ ਕਰਨ ਵਾਸਤੇ ਸਰਕਾਰ ਨੂੰ ਲਿਖ਼ਣਾ ਚਾਹੀਦਾ ਹੈ ।ਸਮੂਹ ਹਾਊਸ ਵਲੋਂ ਸਰਵਸੰਮਤੀ ਨਾਲ ਸ਼ਹਿਰ ਅੰਦਰ ਹਰ ਤਰ੍ਹਾ ਦੇ ਪਲਾਸਟਿਕ ਦੇ ਲਿਫਾਫ਼ਿਆਂ (ਪਾਲੀਥੀਣ ਬੈਗਜ਼), ਡਿਸਪੋਜੇਬਲ ਪਲੇਟਾਂ ਤੇ ਗਲਾਸਾਂ ਤੇ ਪੂਰਣ ਤੌਰ ਤੇ ਬੈਨ ਲਗਾਉਣ ਬਾਰੇ ਪ੍ਰਵਾਨਗੀ ਦਿੱਤੀ ਜਾਵੇ।

ਮਾਨਯੋਗ ਮੇਅਰ ਜੀ ਦੇ ਆਦੇਸ਼ ਰਾਹੀਂ ਤਜਵੀਜ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਸ਼ਹਿਰ ਵਿੱਚ ਵਿਕਣ ਵਾਲੀ ਚਾਈਨਾਂ ਡੋਰ ਤੇ ਵੀ ਪੂਰਨ ਤੌਰ ਤੇ ਬੈਨ ਲਗਾਇਆ ਜਾਂਦਾ ਹੈ। ਇਸ ਬਾਬਤ ਸਰਕਾਰ ਪਾਸੋਂ ਰੂਲਾਂ ਤਹਿਤ ਨੋਟੀਫਿਕੇਸ਼ਨ ਕਰਵਾਉਣ ਦੀ ਕਾਰਵਾਈ ਕੀਤੀ ਜਾਵੇ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:32

ਵਿਸ਼ਾ:- ਮਹਾਤਮਾ ਅਤੇ ਤਪਸਵੀਆਂ ਦੀਆਂ ਦੇਹਾਂ ਨੂੰ ਦਫਨਾਉਣ ਲਈ ਜਗ੍ਹਾ ਅਲਾਟ ਕਰਨ ਬਾਰੇ।

ਪੜ੍ਹਿਆ ਨੋਟ ਅਸਟੇਟ ਅਫਸਰ ਕਿ ਨਗਰ ਨਿਗਮ ਦੇ ਮਤਾ ਨੰ: 83 ਮਿਤੀ 09-07-2013 ਰਾਹੀਂ ਵਾਰਡ ਨੰ: 11 ਦਕੋਹਾ ਵਿਖੇ ਉਕਤ ਵਿਸ਼ੇ ਸਬੰਧੀ ਸ਼ਿਵਪੁਰੀ ਸ਼ਮਸ਼ਾਨਘਾਟ ਵਿੱਚ ਖਾਲੀ ਪਈ ਜਗ੍ਹਾ ਨੂੰ ਅਲਾਟ ਕਰਨ ਸਬੰਧੀ ਪ੍ਰਵਾਨ ਕੀਤਾ ਗਿਆ ਹੈ। ਇਸ ਵਿੱਚ ਅਲਾਟ ਕੀਤੀ ਜਾਣ ਵਾਲੀ ਜਗ੍ਹਾ ਦੀ ਪਮਾਇਸ਼ ਬਾਰੇ ਕੋਈ ਜਿਕਰ ਨਹੀਂ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਦਕੋਹਾ ਸ਼ਮਸ਼ਾਨਘਾਟ ਲਾਗੇ 4 ਕਨਾਲ 1 ਮਰਲਾ ਜਗ੍ਹਾ ਪਈ ਹੈ। ਵਾਰਡ ਨੰ: 11 ਦੇ ਕੌਂਸਲਰ ਸ਼੍ਰੀ ਬਲਬੀਰ ਸਿੰਘ ਢਿਲੋ (ਬਿਟੂ) ਜੀ ਵਲੋਂ ਮਿਤੀ 20-03-2015 ਰਾਹੀਂ ਪੱਤਰ ਲਿਖੇ ਕੇ ਬੇਨਤੀ ਕੀਤੀ ਸੀ ਕਿ ਇਹ ਜਗ੍ਹਾ ਉਪਰੋਕਤ ਮੰਤਵ ਲਈ ਦਿੱਤੀ ਜਾਵੇ। ਇਸ ਤੋਂ ਬਾਅਦ ਵਾਰਡ ਕੌਂਸਲਰ ਵਲੋਂ ਦੁਬਾਰਾ ਬੇਨਤੀ ਪੱਤਰ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਵਲੋਂ ਮੰਗ ਕੀਤੀ ਗਈ ਸੀ ਕਿ ਪਹਿਲੇ ਮਤੇ ਅਨੁਸਾਰ ਪ੍ਰਵਾਨ ਹੋਈ ਅਲਾਟ ਕੀਤੀ ਜਾਣ ਵਾਲੀ ਜਗ੍ਹਾ ਜਿਸ ਵਿੱਚ ਆਲੇ ਦੁਆਲੇ ਦੇ ਇਲਾਕਿਆਂ ਦਾ ਸੀਵਰ ਦਾ ਪਾਣੀ ਪੰਪ ਕਰਕੇ ਸੁਟਿਆ ਜਾ ਰਿਹਾ ਹੈ, ਜਿਸ ਕਾਰਨ ਇਹ ਜਗ੍ਹਾ ਉਪਰੋਕਤ ਮੰਤਵ ਲਈ ਢੁਕਵੀਂ ਨਹੀਂ ਹੈ। ਇਸ ਲਈ ਇਸ ਜਗ੍ਹਾ ਤੋਂ ਕੁੱਝ ਹਟਵੀਂ ਨਗਰ ਨਿਗਮ ਦੀ ਜਗ੍ਹਾ ਜੋ ਕਿ ਖਾਲੀ ਪਈ ਹੈ, ਵਿਚੋਂ ਤਕਰੀਬਨ 2.5 ਕਨਾਲ ਜਗ੍ਹਾ ਉਪਰੋਕਤ ਮੰਤਵ ਲਈ ਪਹਿਲਾਂ ਅਲਾਟ ਕੀਤੀ ਗਈ ਜਗ੍ਹਾ ਦੀ ਥਾਂ ਤੇ (ਸਾਇਟ ਚੇਂਜ) ਮ੍ਰਿਤਕ ਦੇਹਾਂ ਨੂੰ ਦਫਨਾਉਣ ਵਾਸਤੇ ਅਲਾਟ ਕੀਤੀ ਜਾਵੇ। ਇਸ ਉਪਰੰਤ ਪਟਵਾਰੀ ਵਲੋਂ ਰਿਪੋਰਟ ਕੀਤੀ ਗਈ ਹੈ ਕਿ ਦਕੋਹਾ ਸ਼ਮਸ਼ਾਨਘਾਟ ਲਾਗੇ ਨਗਰ ਨਿਗਮ ਦੀਆਂ ਤਿੰਨ ਜਗ੍ਹਾ ਪਈਆਂ ਹਨ, ਜਿਨ੍ਹਾਂ ਦਾ ਰਕਬਾ 8 ਕਨਾਲ 12 ਮਰਲੇ, 3 ਕਨਾਲ ਅਤੇ 4 ਕਨਾਲ 1 ਮਰਲਾ ਹੈ।

ਵਾਰਡ ਕੌਂਸਲਰ ਜੀ ਦੀ ਮੰਗ ਨੂੰ ਮੁਖ ਰੱਖਦੇ ਹੋਏ ਇਨ੍ਹਾਂ ਤਿੰਨਾਂ ਜਗ੍ਹਾ ਵਿਚੋਂ ਕਿਹੜੀ ਜਗ੍ਹਾ ਉਪਰੋਕਤ ਮੰਤਵ ਲਈ ਅਤੇ ਕਿੰਨੀ ਜਗ੍ਹਾ ਦੇਣੀ ਹੈ, ਬਾਰੇ ਮਾਨਯੋਗ ਮੇਅਰ ਸਾਹਿਬ ਜੀ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮਾਨਯੋਗ ਮੇਅਰ ਸਾਹਿਬ ਜੀ ਵਲੋਂ ਕਿਹਾ ਗਿਆ ਹੈ ਕਿ ਉਪਰੋਕਤ ਮੰਤਵ ਵਾਸਤੇ ਦਕੋਹਾ ਸ਼ਮਸ਼ਾਨਘਾਟ ਮੇਨ ਰੋਡ ਤੇ ਨਗਰ ਨਿਗਮ ਦੀ ਜਗ੍ਹਾ ਜਿਸ ਦਾ ਕੁੱਲ ਰਕਬਾ 8 ਕਨਾਲ 12 ਮਰਲੇ ਹੈ, ਵਿਚੋਂ 60'-0" x 190'-0" ਜਿਸ ਦਾ ਕੁੱਲ ਰਕਬਾ 2 ਕਨਾਲ 15 ਮਰਲੇ ਜਗ੍ਹਾ ਪਹਿਲਾਂ ਪ੍ਰਵਾਨ ਮਤੇ ਦੇ ਬਦਲੇ ਦਿੱਤੀ ਜਾਵੇ, ਦਿੱਤੀ ਜਾਣ ਵਾਲੀ ਜਗ੍ਹਾ ਸ਼੍ਰੀ ਕ੍ਰਿਸ਼ਨਾ ਗੀਤਾ ਗਿਆਨ ਸਭਾ ਜਲੰਧਰ (ਰਜਿ.), ਐਨ.ਐਫ. 24, ਕਿਲਾ ਮੁਹੱਲਾ, ਜਲੰਧਰ ਸੰਸਥਾਂ ਦੇ ਨਾਮ ਤੇ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਇਸ ਲਈ ਉਪਰੋਕਤ ਜਗ੍ਹਾ ਪਹਿਲਾਂ ਪ੍ਰਵਾਨ ਹੋਏ ਮਤੇ ਦੇ ਬਦਲੇ ਦੇਣ ਲਈ ਕੇਸ ਨਗਰ ਨਿਗਮ ਹਾਊਸ ਵਿੱਚ ਰਖਣ ਦੀ ਮੰਜੂਰੀ ਦਿੱਤੀ ਜਾਵੇ । ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 14.01.2016 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 27.1.16 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮਾਂ ਰਾਹੀਂ ਇਹ ਕੇਸ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:33

ਵਿਸ਼ਾ:- ਪੁਰਾਣੀ ਜੀ.ਟੀ. ਰੋਡ ਉਪਰ ਪੈਂਦੇ ਪ੍ਰਭਾਕਰ ਪੈਲੇਸ ਤੋਂ ਲੈ ਕੇ ਡੀ.ਏ.ਵੀ. ਕਾਲੇਜ਼ ਡਿਸਪੈਂਸਰੀ ਤੱਕ (ਸੜਕ ਦਾ ਸੱਜਾ ਪਾਸ) ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ।

ਤਜਵੀਜ ਸ੍ਰੀ ਰਾਮ ਗੋਪਾਲ ਗੁਪਤਾ, ਕੌਂਸਲਰ ਦੀ ਪੁਸ਼ਟੀ ਸ੍ਰੀਮਤੀ ਸੁਲੇਖਾ ਭਗਤ, ਕੌਂਸਲਰ ਨੇ ਕੀਤੀ ਹੈ ਕਿ ਲੋਕਾਂ ਦੀ ਪੁਰਜੋਰ ਮੰਗ ਨੂੰ ਮੁੱਖ ਰੱਖਦੇ ਹੋਏ ਪੁਰਾਣੀ ਜੀ.ਟੀ. ਰੋਡ ਉਪਰ ਪੈਂਦੇ ਪ੍ਰਭਾਕਰ ਪੈਲੇਸ ਤੋਂ ਲੈ ਕੇ ਡੀ.ਏ.ਵੀ. ਕਾਲੇਜ਼ ਡਿਸਪੈਂਸਰੀ ਤੱਕ (ਸੜਕ ਦਾ ਸੱਜਾ ਪਾਸਾ) ਨੂੰ ਕਾਰੋਬਾਰੀ ਏਰੀਆ ਘੋਸ਼ਿਤ ਕੀਤਾ ਜਾਵੇ ਕਿਉਂਕਿ ਉਸ ਏਰੀਆ ਵਿਚ ਪਹਿਲਾਂ ਕਾਰੋਬਾਰੀ ਉਸਾਰੀਆਂ ਹੋਈਆਂ ਹਨ ਅਤੇ ਨਗਰ ਸੁਧਾਰ ਟਰੱਸਟ ਦੀਆਂ ਦੁਕਾਨਾਂ ਵੀ ਹਨ। ਇਸ ਨਾਲ ਨਗਰ ਨਿਗਮ ਦੀ ਆਮਦਨ ਵਿਚ ਵੀ ਵਾਧਾ ਹੋਵੇਗਾ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:34

ਵਿਸ਼ਾ:- ਅਪਾਹਜ ਸਹਾਇਕ ਸਭਾ (ਰਜਿ.) ਨੂੰ ਡਿਸਪੈਂਸਰੀ ਖੋਲਣ ਲਈ ਜਗ੍ਹਾਂ ਦੇਣ ਬਾਰੇ ।

ਤਜਵੀਜ ਸ੍ਰੀ ਰਾਮ ਗੋਪਾਲ ਗੁਪਤਾ, ਕੌਂਸਲਰ ਦੀ ਪੁਸ਼ਟੀ ਸ੍ਰੀਮਤੀ ਸੁਲੇਖਾ ਭਗਤ, ਕੌਂਸਲਰ ਨੇ ਕੀਤੀ ਹੈ ਕਿ ਨਗਰ ਨਿਗਮ ਦੀ ਇਕ ਜਗ੍ਹਾਂ ਪ੍ਰਕਾਸ਼ ਆਈਸ ਕਰੀਮ ਦੇ ਨੇੜੇ ਗੋਪਾਲ ਨਗਰ ਵਿਖੇ ਜੰਝਘਰ ਵਾਲੀ ਜਗ੍ਹਾਂ ਖਾਲੀ ਪਈ ਹੈ। ਅਪਾਹਜ ਸਹਾਇਕ ਸਭਾ (ਰਜਿ.) ਨੇੜੇ ਐਚ.ਐਮ.ਵੀ. ਕਾਲੇਜ਼, ਜਲੰਧਰ ਇਸ ਥਾਂ ਤੇ ਡਿਸਪੈਂਸਰੀ ਖੋਲਣ ਲਈ ਤਿਆਰ ਹਨ। ਇਲਾਕੇ ਵਿਚ ਲੋਕਾਂ ਲਈ ਇਹ ਡਿਸਪੈਂਸਰੀ ਕਾਫੀ ਲਾਹੇਵੰਦ ਸਾਬਿਤ ਹੋਵੇਗੀ। ਸੰਸਥਾ ਇਸ ਡਿਸਪੈਂਸਰੀ ਨੂੰ ਮੇਨਟੇਨ ਕਰਨ ਅਤੇ ਹੋਰ ਦਵਾਈ ਆਦਿ ਅਤੇ ਡਾਕਟਰ ਆਦਿ ਆਪਣੇ ਪੱਧਰ ਤੇ ਕਰਨ ਲਈ ਤਿਆਰ ਹੈ। ਇਸ ਲਈ ਇਹ ਥਾਂ ਅਪਾਹਜ ਸਹਾਇਕ ਸਭਾ (ਰਜਿ.) ਨੇੜੇ ਐਚ.ਐਮ.ਵੀ. ਕਾਲੇਜ਼, ਜਲੰਧਰ ਨੂੰ 30 ਸਾਲਾਂ ਲਈ ਰੁਪਏ 1/- (ਇਕ ਰੁਪਏ ਸਾਲਾਨਾ) ਲੀਜ ਮਨੀ ਤੇ ਦੇਣ ਦੀ ਤਜਵੀਜ ਕੀਤੀ ਜਾਂਦੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:35

ਵਿਸ਼ਾ:- ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 42 ਤਹਿਤ ਕਮੇਟੀਆਂ ਬਨਾਉਣ ਬਾਬਤ।

ਹਵਾਲਾ: ਮਾਨਯੋਗ ਮੇਅਰ ਜੀ ਦੇ ਦਫਤਰ ਦੇ ਪੱਤਰ ਨੰ: ਡੀ./351 ਮੇਅਰ, ਮਿਤੀ 5.5.2015 ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ: 3, ਮਿਤੀ 17-12-2012 ਰਾਹੀਂ ਨਗਰ ਨਿਗਮ ਦੀਆ ਐਡਹਾਕ ਕਮੇਟੀਆ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 42 ਤਹਿਤ ਬਨਾਉਣ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਗਿਆ ਸੀ। ਹਵਾਲੇ ਅਧੀਨ ਪੱਤਰ ਰਾਹੀਂ ਮਾਨਯੋਗ ਮੇਅਰ ਜੀ ਵਲੋਂ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਗਠਤ ਕੀਤੀਆਂ ਗਈਆਂ ਕਮੇਟੀਆਂ ਜਿਨ੍ਹਾਂ ਦਾ ਵੇਰਵਾ ਹੇਠ ਅਨੁਸਾਰ ਹੈ :

1	PERSONNEL ADHOC COMMITTEE
	Mayor Commissioner Smt. Suman Sehgal, Councillor
2	TRANSPORT ADHOC COMMITTEE
	Sh. Kasturi Lal, Councillor Sh. Darshan Lal Bhagat (Ward No. 59), Councillor Smt. Kanwaljit Kaur , Councillor Sh. Mandeep Jassal, Councillor
3	STREET LIGHT ADHOC COMMITTEE
	Sh. Kanwaljit Singh Bedi, Councillor Sh. Ashwani Bhandari, Councillor Smt. Manjit Kaur, Councillor S. Harsimranjit Singh Bunty, Councillor Smt. Kanwaljit Kaur , Councillor
4	BUILDING AND ROADS ADHOC COMMITTEE
	Sh. Manjinder Singh Chatha, Councillor Sh. Bhagwant Prabhakar, Councillor Sh. Kasturi Lal, Councillor Smt. Sudesh Rani, Councillor Sh. Bal Kishan Bali, Councillor
5	ADVERTISEMENT ADHOC COMMITTEE
	Sh. Ashwani Bhandari, Councillor Sh. Darshan Bhagat (Ward No. 41) , Councillor Sh. Sushil Kumar Rinku, Councillor
6	WORKSHOP ADHOC COMMITTEE
	Sh. Joginder Singh Tony, Councillor Smt. Satya Bhagat, Councillor Sh. Balraj Thakur, Councillor
7	FIRE BRIGADE ADHOC COMMITTEE
	Sh. Arjan Singh Pappi, Councillor Smt. Satya Bhagat, Councillor Smt. Raminder Kaur Dhindsa, Councillor
8	EMPLOYEES WELFARE ADHOC COMMITTEE
	Smt. Kanchan Sharma, Councillor Smt. Sulekha Bhagat, Councillor Smt. Amarjit Kaur Major, Councillor
9	SAFAI MAZDOOR WELFARE ADHOC COMMITTEE
	Sh. Ram Gopal Gupta, Councillor Sh. Varinder Sharma, Councillor Sh. Gurwinder Pal Bunty Neelkanth, Councillor
10	PUBLIC REALATIONS WELFARE ADHOC COMMITTEE
	Sh. Varinder Sharma, Councillor Sh. Ravi Mahendru, Councillor

11	COUNCILLOR's WELFARE ADHOC COMMITTEE
	Smt. Prem Lata, Councillor Smt. Sudesh Rani, Councillor Smt. Manjit Kaur, Councillor Smt. Kamlesh Grover, Councillor
12	CORDINATION ADHOC COMMITTEE
	Smt. Sulekha Bhagat, Councillor Sh. Krishan Lal Kochhar, Councillor Smt. Aruna Arora, Councillor

The term of these Adhoc Committees except Co-ordination Committee will be the same as contained in Resolution No. 801 dated 25.11.1991 and the preview of the Co-ordination Adhoc Committee will be as contained in Resolution No. 271 dated 23.12.1998 passed by the Municipal Corporation, Jalandhar.

The respective Heads of Departments shall be Ex-officio Secretary for each Committee/Adhoc Committees.

The proceedings of these Committees will take effect after these are approved by the Mayor.

Sd/-
(Sunil Jyoti)
Mayor

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.7.2015 ਅਨੁਸਾਰ ਉਕਤ ਕਮੇਟੀਆਂ ਹਾਊਸ ਦੀ ਜਾਣਕਾਰੀ ਹਿਤ ਪੇਸ਼ ਹਨ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:36

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਦੀ ਜਾਣਕਾਰੀ ਦੇਣ ਸਬੰਧੀ ।

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਹੇਠ ਅਨੁਸਾਰ ਵੱਖ-ਵੱਖ ਮਿਤੀਆਂ ਨੂੰ ਮੀਟਿੰਗਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਦੀ ਕਾਰਵਾਈ ਨਗਰ ਨਿਗਮ ਜਲੰਧਰ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਹੈ, ਹਾਊਸ ਵਿੱਚ ਜਾਣਕਾਰੀ ਹਿੱਤ ਪੇਸ਼ ਹਨ:

ਲੜੀ ਨੰ:	ਮੀਟਿੰਗ ਦੀ ਮਿਤੀ	ਮੀਟਿੰਗ ਵਿੱਚ ਵਿਚਾਰੇ ਗਏ ਮਤਾ ਨੰ:
1	24.3.2015	1 ਤੋਂ 132
2	9.5.2015	133 ਤੋਂ 225
3	15.6.2015	226 ਤੋ 298
4	27.11.2015	299 ਤੋਂ 547

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:37

ਵਿਸ਼ਾ: ਮੇਲਾ ਸ੍ਰੀ ਸਿੱਧ ਬਾਬਾ ਸੋਡਲ ਦੌਰਾਨ ਤਹਿਬਜ਼ਾਰੀ ਫੀਸ ਦੀ ਉਗਰਾਹੀ ਸਬੰਧੀ ਵਿਚਾਰ ਕਰਨ ਹਿੱਤ ।

ਪੜਿਆ ਨੋਟ ਸੁਪਰਡੰਟ ਤਹਿਬਜ਼ਾਰੀ ਕਿ ਹਰ ਸਾਲ ਸ੍ਰੀ ਸਿੱਧ ਬਾਬਾ ਸੋਡਲ ਜੀ ਦੇ ਮੇਲੇ ਦੌਰਾਨ ਨਗਰ ਨਿਗਮ ਦੀ ਤਹਿਬਜ਼ਾਰੀ ਸ਼ਾਖਾ ਵਲੋਂ ਮੇਲੇ ਦੌਰਾਨ ਲੱਗਣ ਵਾਲੀਆਂ ਰੇਹੜੀਆਂ, ਫੜੀਆਂ ਆਦਿ ਤੋਂ ਤਹਿਬਜ਼ਾਰੀ ਆਧਾਰ ਤੇ ਫੀਸ ਮਿੱਥ ਕੇ ਉਗਰਾਹੀ ਕੀਤੀ ਜਾਂਦੀ ਹੈ । ਸਾਲ 2014 ਦੌਰਾਨ ਮੇਲੇ ਦੇ ਦਿਨਾਂ ਵਿੱਚ ਜਦ ਤਹਿਬਜ਼ਾਰੀ ਸ਼ਾਖਾ ਦਾ ਸਟਾਫ ਉਗਰਾਹੀ ਵਾਸਤੇ ਗਿਆ ਤਾਂ ਕਾਫੀ ਬਾਰਸ਼ ਹੋਈ ਸੀ । ਫੀਸ ਦੀ ਵਸੂਲੀ ਸਬੰਧੀ ਕੌਂਸਲਰ ਸਾਹਿਬਾਨ ਵਲੋਂ ਮਾਨਯੋਗ ਮੇਅਰ ਜੀ ਨਾਲ ਮੀਟਿੰਗ ਕਰਕੇ ਬੇਨਤੀ ਕੀਤੀ ਗਈ ਸੀ ਕਿ ਮੇਲੇ ਦੌਰਾਨ ਰੇਹੜੀਆਂ/ਫੜੀਆਂ ਆਦਿ ਲਗਾਉਣ ਵਾਲੇ ਲੋਕ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਹੁੰਦੇ ਹਨ ਜ਼ੋ ਕਿ ਰੋਜ਼ਾਨਾ ਕਮਾ ਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਦੇ ਹਨ ।ਖਰਾਬ ਮੌਸਮ ਅਤੇ ਭਾਰੀ ਬਾਰਸ਼ਾਂ ਨੂੰ ਮੁੱਖ ਰਖ਼ਦੇ ਹੋਏ ਮੇਲੇ ਵਿੱਚ ਰੇਹੜੀਆਂ/ਫੜੀਆਂ ਆਦਿ ਤੋਂ ਤਹਿਬਜ਼ਾਰੀ ਆਧਾਰ ਤੇ ਜ਼ੋ ਫੀਸ ਮੁੱਕਰਰ ਕੀਤੀ ਗਈ ਹੈ, ਉਸਨੂੰ ਮੁਆਫ ਕੀਤਾ ਜਾਵੇ । ਇਸ ਉਪਰੰਤ ਮਾਨਯੋਗ ਮੇਅਰ ਜੀ ਵਲੋਂ ਕਮਿਸ਼ਨਰ ਨਗਰ ਨਿਗਮ ਜੀ ਨਾਲ ਵਿਸ਼ੇ ਅਧੀਨ ਲਈ ਜਾਣ ਵਾਲੀ ਫੀਸ ਸਬੰਧੀ ਮੀਟਿੰਗ ਕਰਕੇ ਵਸੂਲੀ ਨੂੰ ਰੱਦ ਕਰਣ ਦਾ ਫੈਸਲਾ ਲਿਆ ਗਿਆ । ਇਸ ਤਰ੍ਹਾਂ ਸਾਲ 2014 ਵਿੱਚ ਵਿਸ਼ੇ ਅਧੀਨ ਮੇਲੇ ਦੌਰਾਨ ਕੋਈ ਤਹਿਬਜ਼ਾਰੀ ਫੀਸ ਦੀ ਉਗਰਾਹੀ ਨਹੀਂ ਕੀਤੀ ਗਈ ।

ਸਾਲ 2015 ਨੂੰ ਇਸ ਮੇਲੇ ਦੌਰਾਨ ਤਹਿਬਜ਼ਾਰੀ ਫੀਸ ਦੀ ਉਗਰਾਹੀ ਕਰਨ ਸਬੰਧੀ ਮਾਨਯੋਗ ਮੇਅਰ ਜੀ ਵਲੋਂ ਗੱਲਬਾਤ ਕਰਨ ਦੌਰਾਨ ਹੁਕਮ ਕੀਤੇ ਕਿ ਜਿਸ ਤਰ੍ਹਾਂ ਸਾਲ 2014 ਵਿੱਚ ਇਸ ਮੇਲੇ ਦੌਰਾਨ ਕੋਈ ਤਹਿਬਜ਼ਾਰੀ ਫੀਸ ਨਹੀਂ ਉਗਰਾਹੀ ਗਈ ਸੀ, ਉਸ ਤਰ੍ਹਾਂ ਸਾਲ 2015 ਵਿੱਚ ਵੀ ਕੋਈ ਉਗਰਾਹੀ ਨਾ ਕੀਤੀ ਜਾਵੇ । ਮਾਨਯੋਗ ਮੇਅਰ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਸ ਸਬੰਧੀ ਪ੍ਰਸ਼ਾਸਨਿਕ ਤੋਰ ਤੇ ਫੈਸਲਾ ਲੈਣ ਹਿੱਤ ਮਿਸਲ ਕਮਿਸ਼ਨਰ ਜੀ ਨੂੰ ਭੇਜੀ ਗਈ । ਕਮਿਸ਼ਨਰ ਜੀ ਵਲੋਂ ਮਿਤੀ 12.9.2015 ਰਾਹੀਂ ਮਾਨਯੋਗ ਮੇਅਰ ਜੀ ਨੂੰ ਲਿਖਿਆ ਕਿ ਮੇਲੇ ਦੌਰਾਨ ਜੇਕਰ ਨਾਮੀਨਲ ਵਸੂਲੀ ਕੀਤੀ ਜਾਂਦੀ ਹੈ ਤਾਂ ਇਸ ਵਿੱਚ ਕੋਈ ਹਰਜ਼ਾ ਨਹੀਂ ਹੋਣਾ ਚਾਹੀਦਾ।ਮਾਨਯੋਗ ਮੇਅਰ ਜੀ ਵਲੋਂ ਦਫ਼ਤਰ ਨੂੰ ਪੁੱਛਿਆ ਗਿਆ ਕਿ ਪਿਛਲੇ ਸਾਲ ਇਸ ਦੀ ਵਸੂਲੀ ਕੀਤੀ ਗਈ ਹੈ ਜਾਂ ਨਹੀਂ? ਜਿਸ ਤੇ ਦਫ਼ਤਰ ਵਲੋਂ ਰਿਪੋਰਟ ਕੀਤੀ ਗਈ ਕਿ ਪਿਛਲੇ ਸਾਲ ਯਾਨਿ ਕਿ ਸਾਲ 2014 ਦੌਰਾਨ ਖ਼ਰਾਬ ਮੌਸਮ ਅਤੇ ਬਾਰਸ਼ਾ ਕਾਰਣ ਉਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਵਸੂਲੀ ਰੱਦ ਕਰ ਦਿੱਤੀ ਗਈ ਸੀ । ਕਮਿਸ਼ਨਰ ਜੀ ਵਲੋਂ ਆਪਣੇ ਨੋਟ ਮਿਤੀ 24.10.2015 ਰਾਹੀਂ ਪੁੱਛਿਆ ਗਿਆ ਕਿ ਪਹਿਲਾਂ ਜਦ ਵਸੂਲੀ ਕੀਤੀ ਜਾਂਦੀ ਸੀ ਤਾਂ ਕਿੰਨਾਂ ਮਾਲੀਆ ਇੱਕਠਾ ਹੁੰਦਾ ਸੀ । ਕੀ ਇਸ ਛੋਟ ਦੀ ਪੁਸ਼ਟੀ ਹਾਊਸ ਵਲੋਂ ਕੀਤੀ ਹੈ।

ਮਾਨਯੋਗ ਕਮਿਸ਼ਨਰ ਜੀ ਵਲੋਂ ਪੁੱਛੇ ਅਨੁਸਾਰ ਦਫ਼ਤਰ ਵਲੋਂ ਰਿਪੋਰਟ ਕੀਤੀ ਗਈ ਕਿ ਸਾਲ 2009 ਦੌਰਾਨ ਮੇਲੇ ਤੋਂ ਰੁ. 3,50,305/-, ਸਾਲ 2010 ਦੌਰਾਨ ਰੁ. 3,01,600/-, ਸਾਲ 2011 ਦੌਰਾਨ ਰੁ. 3,12,000/-, ਸਾਲ 2012 ਦੌਰਾਨ ਰੁ. 3,05,000/- ਅਤੇ ਸਾਲ 2013 ਦੌਰਾਨ ਰੁ. 2,31,500/- ਦੀ ਵਸੂਲੀ ਕੀਤੀ ਗਈ ਸੀ । ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਖ਼ਰਾਬ ਮੌਸਮ ਅਤੇ ਬਾਰਸ਼ਾਂ ਕਾਰਨ ਉਚ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਵਸੂਲੀ ਨਹੀਂ ਕੀਤੀ ਗਈ ਸੀ ।

ਕਮਿਸ਼ਨਰ ਜੀ ਨੇ ਆਪਣੇ ਨੋਟ ਮਿਤੀ 12.12.2015 ਰਾਹੀਂ ਲਿਖਿਆ ਹੈ ਕਿ ਜੇਕਰ ਪਹਿਲਾਂ ਹਰ ਸਾਲ ਵਸੂਲੀ ਹੁੰਦੀ ਰਹੀ ਹੈ ਤਾਂ ਇਸ ਪ੍ਰਥਾ ਨੂੰ ਜਾਰੀ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਕਾਰਪੋਰੇਸ਼ਨ ਨੂੰ ਮਾਲੀਆ ਆਉਂਦਾ ਹੈ । ਜੇਕਰ ਇਸ ਵਿੱਚ ਕੋਈ ਛੋਟ ਦੇਣੀ ਹੈ ਤਾਂ ਉਸ ਦਾ ਸਪਸ਼ਟ ਕਾਰਨ ਅਤੇ ਇਸ ਸਬੰਧੀ ਫੈਸਲਾ ਹਾਊਸ ਤੋਂ ਕਰਵਾਉਣਾ ਚਾਹੀਦਾ ਹੈ । ਉਹਨਾਂ ਇਹ ਵੀ ਲਿਖਿਆ ਹੈ ਕਿ ਉਹਨਾਂ ਦੇ ਵਿਚਾਰ ਅਨੁਸਾਰ ਪੁਰਾਣੀ ਪ੍ਰਥਾ ਚਾਲੂ ਰੱਖੀ ਜਾਵੇ ।

ਮਾਨਯੋਗ ਮੇਅਰ ਜੀ ਵਲੋਂ ਆਪਣੇ ਹੁਕਮ ਮਿਤੀ 14.12.2015 ਰਾਹੀਂ ਮਾਮਲਾ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਰੱਖਣ ਦੇ ਆਦੇਸ਼ ਦਿੱਤੇ ਹਨ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਮੇਲੇ ਦੌਰਾਨ ਤਹਿਬਜ਼ਾਰੀ ਫੀਸ ਦੀ ਉਗਰਾਹੀ ਤੋਂ ਛੋਟ ਦਿੱਤੀ ਜਾਂਦੀ ਹੈ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:38

ਵਿਸ਼ਾ:- ਪੰਜਾਬ ਮਿਉਂਸਪਲ ਵਾਟਰ ਮੀਟਰ ਪਾਲਿਸੀ।

ਹਵਾਲਾ:- ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ (ਸਥਾਨਕ ਸਰਕਾਰ 4 ਸ਼ਾਖਾ) ਦੀ ਅਧਿਸੂਚਨ ਨੰ: 5/50/2015-5ਸਸ4/656170/1.- ਮਿਤੀ 31 ਦਸੰਬਰ,2015 ਉਪਰੋਕਤ ਵਿਸ਼ੇ ਦੇ ਸਬੰਧ ਵਿਚ ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਜਿਸ ਨਾਲ ਨਿਗਰਾਨ ਇੰਜੀਨੀਅਰ (ਓ ਐਂਡ ਐਮ) ਨੇ ਮਿਤੀ 8.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਸਥਾਨਕ ਸਰਕਾਰ ਵਲੋਂ ਇਕ ਅਧਿਸੂਚਨਾ (ਹੇਠ ਲਿਖੇ ਅਨੁਸਾਰ) ਜਾਰੀ ਕੀਤੀ ਗਈ ਹੈ ਜਿਸ ਦੇ ਮੁਤਾਬਕ ਅਰਬਨ ਲੋਕਲ ਬਾਡੀਜ ਅਤੇ ਪੀ.ਐਸ.ਪੀ.ਸੀ.ਐਲ ਵਲੋਂ ਮੁੱਢਲੀ ਤਿਆਰੀ ਕੁਲ ਦੋ ਮਹੀਨਿਆ ਵਿਚ ਮੁਕੰਮਲ ਕਰਕੇ ਪਾਣੀ/ ਸੀਵਰੇਜ਼ ਦੇ ਬਿਲਾਂ ਨੂੰ ਬਿਜਲੀ ਦੇ ਬਿਲਾਂ ਨਾਲ ਮੀਟਰ ਪਾਲਿਸੀ ਲਾਗੂ ਕੀਤੀ ਜਾਣੀ ਹੈ। ਸਥਾਨਕ ਸਰਕਾਰ ਵਲੋਂ ਹਦਾਇਤ ਕੀਤੀ ਗਈ ਹੈ ਕਿ ਇਸ ਪਾਲਿਸੀ ਨੂੰ ਮਤੇ ਦੇ ਰੂਪ ਵਿਚ ਅਡਾਪਟ ਕਰਨ ਦੀ ਕਾਰਵਾਈ ਮੁਹਿੰਮ ਚਲਾ ਕੇ 15 ਦਿਨਾਂ ਵਿਚ ਮੁਕੰਮਲ ਕੀਤੀ ਜਾਵੇ ਤਾਂ ਜ਼ੋ ਸਾਰੇ ਰਾਜ ਵਿਚ ਪਾਲਿਸੀ ਇਕੱਠੀ ਲਾਗੂ ਹੋ ਸਕੇ।

ਪੰਜਾਬ ਮਿਊਂਸਪਲ ਵਾਟਰ ਮੀਟਰ ਪਾਲਿਸੀ

1. ਵਾਟਰ ਮੀਟਰ ਲਾਉਣਾ

(ੳ) ਹਰੇਕ ਖਪਤਕਾਰ ਵਲੋਂ *digital tamper-proof* ਆਈ.ਐਸ.ਆਈ. ਮਾਰਕਾ *[IS-779 Class "B", Multijet, Inferential Type, Magnetically Coupled, Brass/Bronze body, Two year guarantee/warranty (preferably IP-68) accompanied by copy of test certificate meeting out the above specification shall be essential part of packing of water meter]* ਵਾਟਰ-ਮੀਟਰ ਲਗਾਇਆ ਜਾਵੇਗਾ।

(ਅ) ਮੀਟਰ ਲਗਵਾਉਣ ਤੋਂ ਪਹਿਲਾਂ ਸਬੰਧਤ ਮੀਟਰ ਨੂੰ ਸਬੰਧਤ ਸੰਸਥਾ ਕੋਲੋਂ ਟੈਸਟ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਲਈ 50 ਰੁਪਏ ਦੀ ਫੀਸ ਲਿਤੀ ਜਾਵੇਗੀ। ਇਹ ਮੀਟਰ ਖਪਤਕਾਰ ਵਲੋਂ ਆਪਣੇ ਖਰਚੇ ਤੇ ਸਬੰਧਤ ਸੰਸਥਾ ਦੇ ਅਧਿਕਾਰਤ ਪਲੰਬਰ ਰਾਹੀਂ (ਨਿਰਧਾਰਤ ਫੀਸ ਦੇ ਕੇ) ਪਾਣੀ ਲਾਈਨ ਦੀ ਸੇਧ ਦੀ ਸਥਿਤੀ (horizontal) ਵਿੱਚ ਲਗਵਾਇਆ ਜਾਵੇਗਾ ਅਤੇ ਪਾਣੀ ਦੇ ਕੁਨੈਕਸ਼ਨ ਜੋੜਣ ਲਈ ਸਾਰਾ ਜ਼ਰੂਰੀ ਸ਼ਾਜੋ-ਸਮਾਨ (ਪਾਈਪ ਆਦਿ) ਅਤੇ ਸੜਕ ਦੀ ਖੁਦਾਈ (ਰੋਡ ਕਟਿੰਗ) ਆਦਿ ਦਾ ਖਰਚਾ ਖਪਤਕਾਰ ਵਲੋਂ ਕੀਤਾ ਜਾਵੇਗਾ।

(ੲ) ਇਸ ਕੰਮ ਨੂੰ ਨੇਪਰੇ ਚਾੜ੍ਹਣ ਲਈ ਖਪਤਕਾਰਾਂ ਨੂੰ ਹੇਠ ਅਨੁਸਾਰ ਸਮਾਂ ਦਿੱਤਾ ਜਾਵੇਗਾ -

ਲੜੀ ਨੰ:	ਖਪਤਕਾਰ ਦੀ ਕੈਟਾਗਰੀ	ਮੀਟਰ ਲਗਵਾਉਣ ਦੀ ਅੰਤਮ ਮਿਤੀ
1	**ਉਦਯੋਗਿਕ ਯੂਨਿਟ, ਜਿਸ ਵਿੱਚ ਪੀ.ਐਸ.ਪੀ.ਸੀ.ਐਲ. ਦੀਆਂ Large industrial supply (LS), Medium Industrial Supply (MS), Small Industrial Supply (SP), ਕੈਟਾਗਰੀਆਂ ਵੀ ਸ਼ਾਮਲ ਹਨ**	**31 ਮਾਰਚ 2016**
2	**ਸਪੈਸ਼ਲ ਕੈਟਾਗਰੀ** **(i) ਹੋਟਲ/ਮੋਟਲ/ਰੈਸਟੋਰੈਂਟ** **(ii) ਸਿਨਮਾ/ਮਲਟੀਪਲੈਕਸ** **(iii) ਮਾਲਜ਼** **(iv) ਨਿਜੀ ਹਸਪਤਾਲ/ਨਰਸਿੰਗ ਹੋਮ** **(v) ਪਰਾਈਵੇਟ, ਗੈਰ-ਸਹਾਇਤਾ ਪ੍ਰਾਪਤ ਸੰਸਥਾਵਾਂ (ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਸਮੇਤ)** **(vi) ਮੈਰਿਜ ਪੈਲੇਸ** **(vii) ਕਲੱਬ, ਸਪਾਜ਼**	**31 ਮਾਰਚ 2017**
3	**ਰਿਹਾਇਸ਼ੀ Domestic Supply (DS) ਅਤੇ ਖਪਤਕਾਰਾਂ ਦੀਆਂ ਉਹ ਕੈਟਾਗਰੀਆਂ ਜੋ ਉਕਤ ਵਿੱਚ ਸ਼ਾਮਲ ਨਹੀਂ ਹਨ**	**31 ਮਾਰਚ 2017**

(ਸ) ਜਿਹੜੇ ਖਪਤਕਾਰ ਵਲੋਂ ਪਾਣੀ ਦੀ ਸਪਲਾਈ ਲਈ ਆਪਣਾ ਵੱਖਰਾ ਪ੍ਰਬੰਧ ਕੀਤਾ ਹੋਇਆ ਹੈ ਪਰ ਸੀਵਰੇਜ਼/ਪਾਣੀ ਡਿਸਪੋਜ਼ਲ ਕੀਤੀ ਜਾਂਦੀ ਹੈ, ਉਸ ਵਲੋਂ ਡਿਸਪੋਜ਼ਲ ਤੇ ਨਿਰਧਾਰਤ ਮੀਟਰ ਲਾਉਣ ਲਈ 31 ਮਾਰਚ 2016 ਤੱਕ ਦਾ ਸਮਾਂ ਦਿੱਤਾ ਜਾਵੇਗਾ।

(ਹ) ਮੀਟਰ ਨੂੰ ਠੀਕ ਹਾਲਤ ਵਿੱਚ ਰੱਖਣਾ ਸਬੰਧਤ ਖਪਤਕਾਰ ਦੀ ਜ਼ਿੰਮੇਵਾਰੀ ਹੋਵੇਗੀ ਅਤੇ ਮੀਟਰ ਖਰਾਬ ਹੋਣ ਤੇ ਉਸ ਵਲੋਂ ਤੁਰੰਤ ਨਵਾਂ ਮੀਟਰ ਉਕਤ ਵਿਧੀ ਅਨੁਸਾਰ ਲਗਵਾਇਆ ਜਾਵੇਗਾ। ਮੀਟਰ ਬਦਲਣ ਵਿੱਚ ਦੇਰੀ ਹੋਣ ਤੇ ਹੇਠ ਅਨੁਸਾਰ ਕਾਰਵਾਈ ਕੀਤੀ ਜਾਵੇਗੀ -

(1) **ਉਦਯੋਗਿਕ ਯੂਨਿਟ (ਜਿਨ੍ਹਾਂ ਦਾ ਜ਼ਿਕਰ ਉਕਤ ਸਬ ਪੈਰ੍ਹਾ (ਏ) ਦੇ ਥੱਲੇ ਦਿੱਤੇ ਟੇਬਲ ਦੇ ਲੜੀ ਨੰ: 1 ਤੇ ਹੈ)** - ਜਿਸ ਸਮੇਂ ਦੌਰਾਨ ਮੀਟਰ ਖਰਾਬ ਰਹੇਗਾ ਉਸ ਦਾ ਖਰਚਾ ਪਿਛਲੇ ਤਿੰਨ ਬਿਲਾਂ ਦੀ ਔਸਤ ਅਨੁਸਾਰ ਲਿਆ ਜਾਵੇਗਾ। ਜੇਕਰ ਮੀਟਰ ਦੀ ਤਬਦੀਲੀ ਜਾਂ ਮੁਰੰਮਤ ਤਿੰਨ ਮਹੀਨੇ ਦੇ ਸਮੇਂ ਅੰਦਰ ਨਹੀਂ ਕਰਵਾਈ ਜਾਂਦੀ ਤਦ ਪਿਛਲੇ ਤਿੰਨ ਬਿਲਾਂ ਦੀ ਔਸਤ ਦਾ ਤਿੰਨ ਗੁਣਾ ਅਗਲੇ ਇੱਕ ਮਹੀਨੇ ਲਈ ਵਸੂਲਿਆ ਜਾਵੇਗਾ। ਜੇਕਰ ਫਿਰ ਵੀ ਖਪਤਕਾਰ ਵੱਲੋਂ ਮੀਟਰ ਤਬਦੀਲ ਜਾਂ ਸਹੀ ਨਹੀ ਕਰਵਾਇਆ ਜਾਂਦਾ ਤਾਂ ਪਾਣੀ ਦਾ ਕੁਨੈਕਸ਼ਨ ਬਿਨਾਂ ਕਿਸੇ ਹੋਰ ਨੋਟਿਸ ਦੇ ਸਬੰਧਤ ਸੰਸਥਾ ਵਲੋਂ ਕੱਟ ਦਿੱਤਾ ਜਾਵੇਗਾ। ਮੀਟਰ ਕੱਟੇ ਜਾਣ ਦੀ ਸੂਰਤ ਵਿੱਚ ਖਪਤਕਾਰ ਵਲੋਂ ਮੀਟਰ ਲਗਵਾਉਣ ਲਈ ਨਵਾਂ ਮੀਟਰ ਲਗਵਾਉਣ ਵਾਲੀ ਵਿਧੀ ਅਪਣਾਉਣੀ ਪਵੇਗੀ।

(2) **ਬਾਕੀ ਕੈਟਾਗਰੀਆਂ (ਜਿਨ੍ਹਾਂ ਦਾ ਜ਼ਿਕਰ ਉਕਤ ਸਬ ਪੈਰ੍ਹਾ (ਏ) ਦੇ ਥੱਲੇ ਦਿੱਤੇ ਟੇਬਲ ਦੇ ਲੜੀ ਨੰ: 2 ਅਤੇ 3 ਤੇ ਹੈ)** - ਪਹਿਲੇ ਮਹੀਨੇ ਲਈ 100 ਰੁਪਏ, ਦੂਸਰੇ ਮਹੀਨੇ ਲਈ 200 ਰੁਪਏ ਅਤੇ ਤੀਸਰੇ ਮਹੀਨੇ ਲਈ 400 ਰੁਪਏ ਵਿਸ਼ੇਸ ਪਨੈਲਿਟੀ ਸਬੰਧਤ ਸੰਸਥਾ ਨੂੰ ਦੇਣੀ ਹੋਵੇਗੀ। ਇਸ ਤਿੰਨ ਮਹੀਨੇ ਦੇ ਸਮੇਂ ਵਿੱਚ ਵੀ ਮੀਟਰ ਠੀਕ ਕਰਵਾ ਕੇ ਨਾ ਲਾਉਣ ਦੀ ਸੂਰਤ ਵਿੱਚ ਸਬੰਧਤ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਮੀਟਰ ਕੱਟੇ

ਜਾਣ ਦੀ ਸੂਰਤ ਵਿੱਚ ਖਪਤਕਾਰ ਵਲੋਂ ਮੀਟਰ ਲਗਵਾਉਣ ਲਈ ਨਵਾਂ ਮੀਟਰ ਲਗਵਾਉਣ ਵਾਲੀ ਵਿਧੀ ਅਪਣਾਉਣੀ ਪਵੇਗੀ।

2. **ਵਾਟਰ ਮੀਟਰ ਲਗਾਉਣ ਤੱਕ ਲਏ ਜਾਣ ਵਾਲੇ ਯੂਜ਼ਰ ਚਾਰਜ਼ਿਜ**

(ੳ) ਉਕਤ ਪੈਰ੍ਹਾ 1 ਵਿੱਚ ਜਿਹੜੀਆਂ ਕੈਟਾਗਰੀਆਂ ਨੂੰ 31 ਮਾਰਚ 2016 ਤੱਕ ਮੀਟਰ ਲਗਵਾਉਣ ਦਾ ਸਮਾਂ ਦਿੱਤਾ ਗਿਆ ਹੈ (*ਜਿਨ੍ਹਾਂ ਦਾ ਜ਼ਿਕਰ ਪੈਰ੍ਹਾ 1 ਦੇ ਸਬ ਪੈਰ੍ਹਾ (ੲ) ਅਧੀਨ ਟੇਬਲ ਵਿੱਚ ਲੜੀ ਨੰ: 1 ਤੇ ਕੀਤਾ ਗਿਆ ਹੈ*), ਉਨ੍ਹਾਂ ਵਿਚੋਂ ਬਹੁਤਿਆਂ ਕੋਲ ਪਹਿਲਾਂ ਹੀ ਮੀਟਰਡ ਸਪਲਾਈ ਹੈ ਅਤੇ ਉਸ ਮੁਤਾਬਕ ਵਸੂਲੀ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚੋਂ ਜਿਨ੍ਹਾਂ ਵਲੋਂ ਅਜੇ ਮੀਟਰ ਲਾਉਣੇ ਰਹਿੰਦੇ ਹਨ, ਉਨ੍ਹਾਂ ਤੋਂ 31 ਮਾਰਚ 2016 ਤੱਕ ਮੌਜੂਦਾ ਪ੍ਰਬੰਧਾਂ ਅਨੁਸਾਰ ਹੀ ਸਬੰਧਤ ਸੰਸਥਾ ਵਲੋਂ ਯੂਜ਼ਰ ਚਾਰਜ਼ਿਜ ਵਸੂਲੇ ਜਾਂਦੇ ਰਹਿਣਗੇ। ਜਿਨ੍ਹਾਂ ਖਪਤਕਾਰਾਂ ਵਲੋਂ 31 ਮਾਰਚ 2016 ਤੱਕ ਮੀਟਰ ਨਹੀਂ ਲਗਾਏ ਜਾਣਗੇ, ਉਨ੍ਹਾਂ ਤੋਂ ਅਪਰੈਲ 2016 ਦੇ ਮਹੀਨੇ ਤੋਂ ਮਾਰਚ 2016 ਦੇ ਬਿਲ ਤੋਂ ਦੁੱਗਣੀ ਰਕਮ ਦੀ ਵਸੂਲੀ ਕੀਤੀ ਜਾਵੇਗੀ, ਪਰ ਜੇਕਰ ਉਹ ਅਗਲੇ ਤਿੰਨ ਮਹੀਨੇ ਵਿੱਚ ਵੀ ਮੀਟਰ ਨਹੀਂ ਲਗਵਾਉਣਗੇ ਤਦ ਉਨ੍ਹਾਂ ਦੇ ਕੁਨੈਕਸ਼ਨ ਕੱਟ ਦਿੱਤੇ ਜਾਣਗੇ। ਮੀਟਰ ਲੱਗਣ ਉਪਰੰਤ ਮੌਜੂਦਾ ਦਰਾਂ ਦੇ ਆਧਾਰ ਤੇ ਹੀ ਯੂਜ਼ਰ ਚਾਰਜ਼ਿਜ ਵਸੂਲੇ ਜਾਣਗੇ।

(ਅ) ਬਾਕੀ ਕੈਟਾਗਰੀਆਂ ਦੇ ਖਪਤਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿਸ ਕਰਕੇ ਸਾਰੇ ਰਾਜ ਵਿੱਚ ਮੀਟਰ ਲੱਗਣ ਵਿੱਚ ਸਮਾਂ ਲੱਗਣਾ ਹੈ। ਹਾਲ ਦੀ ਘੜੀ stop gap ਪ੍ਰਬੰਧ ਵਜੋਂ ਇਨ੍ਹਾਂ ਕੈਟਾਗਰੀਆਂ ਦੇ ਖਪਤਕਾਰਾਂ ਤੋਂ ਬਿਜਲੀ ਦੇ ਬਿਲਾਂ ਨਾਲ ਪਾਣੀ, ਸੀਵਰੇਜ਼ ਆਦਿ ਦੇ ਯੂਜ਼ਰ ਚਾਰਜ਼ਿਜ ਦੀ ਵਸੂਲੀ ਕੀਤੀ ਜਾਵੇਗੀ ਜਿਸ ਦਾ ਵੇਰਵਾ ਥੱਲੇ ਦਿੱਤਾ ਜਾ ਰਿਹਾ ਹੈ

(1) **ਰਿਹਾਇਸ਼ੀ ਕੈਟਾਗਰੀ** (*ਜੋ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ Domestic Supply ਕੈਟਾਗਰੀ ਹੈ*) ਦੇ ਖਪਤਕਾਰਾਂ ਤੋਂ ਹੇਠ ਅਨੁਸਾਰ ਯੂਜ਼ਰ ਚਾਰਜ਼ਿਜ ਬਿਜਲੀ ਦੇ ਬਿਲਾਂ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਰਾਹੀਂ ਲਏ ਜਾਣਗੇ –

	ਬਿਜਲੀ ਦੀ ਖਪਤ ਦੀ ਕੀਮਤ (excluding any other levies or duties) ਪ੍ਰਤੀ ਮਹੀਨਾ	ਰਕਮ ਪ੍ਰਤੀ ਮਹੀਨਾ
1	**200 ਰੁਪਏ ਤੱਕ**	**25 ਰੁਪਏ**
2	**200 ਰੁਪਏ ਤੋਂ ਵੱਧ ਅਤੇ 500 ਰੁਪਏ ਤੱਕ**	**50 ਰੁਪਏ**
3	**500 ਰੁਪਏ ਤੋਂ ਵੱਧ ਅਤੇ 1000 ਰੁਪਏ ਤੱਕ**	**100 ਰੁਪਏ**
4	**1000 ਰੁਪਏ ਤੋਂ ਵੱਧ ਅਤੇ 2000 ਰੁਪਏ ਤੱਕ**	**200 ਰੁਪਏ**
5	**2000 ਰੁਪਏ ਤੋਂ ਵੱਧ ਅਤੇ 5000 ਰੁਪਏ ਤੱਕ**	**300 ਰੁਪਏ**
6	**5000 ਰੁਪਏ ਤੋਂ ਵੱਧ ਅਤੇ 10000 ਰੁਪਏ ਤੱਕ**	**400 ਰੁਪਏ**
7	**10000 ਰੁਪਏ ਤੋਂ ਵੱਧ**	**500 ਰੁਪਏ**

(2) **ਗੈਰ-ਰਿਹਾਇਸ਼ੀ ਕੈਟਾਗਰੀ** (ਪੀ.ਐਸ.ਪੀ.ਸੀ.ਐਲ. ਦੀ non Residential supply ਕੈਟਾਗਰੀ) ਦੇ ਖਪਤਕਾਰਾਂ *(ਜਿਨ੍ਹਾਂ ਵਿੱਚ ਉਹ ਕੈਟਾਗਰੀਆਂ ਸ਼ਾਮਲ ਨਹੀਂ ਹਨ, ਜਿਨ੍ਹਾਂ ਦਾ ਜ਼ਿਕਰ ਪੈਰ੍ਹਾ 1 ਦੇ ਸਬ ਪੈਰ੍ਹਾ (ੲ) ਅਧੀਨ ਟੇਬਲ ਦੇ ਲੜੀ ਨੰ: 2 ਤੇ ਕੀਤਾ ਗਿਆ ਹੈ)* ਤੋਂ ਹੇਠ ਅਨੁਸਾਰ ਯੂਜ਼ਰ ਚਾਰਜ਼ਿਜ ਬਿਜਲੀ ਦੇ ਬਿਲਾਂ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਰਾਹੀਂ ਲਏ ਜਾਣਗੇ –

	ਬਿਜਲੀ ਦੀ ਖਪਤ ਦੀ ਕੀਮਤ (excluding any other levies or duties) ਪ੍ਰਤੀ ਮਹੀਨਾ	ਰਕਮ ਪ੍ਰਤੀ ਮਹੀਨਾ
1	**200 ਰੁਪਏ ਤੱਕ**	**25 ਰੁਪਏ**
2	**200 ਰੁਪਏ ਤੋਂ ਵੱਧ ਅਤੇ 1000 ਰੁਪਏ ਤੱਕ**	**50 ਰੁਪਏ**
3	**1000 ਰੁਪਏ ਤੋਂ ਵੱਧ ਅਤੇ 5000 ਰੁਪਏ ਤੱਕ**	**150 ਰੁਪਏ**
4	**5000 ਰੁਪਏ ਤੋਂ ਵੱਧ**	**300 ਰੁਪਏ**

(3) **ਸਪੈਸ਼ਲ ਕੈਟਾਗਰੀ** ਦੇ ਖਪਤਕਾਰਾਂ (*ਜਿਨ੍ਹਾਂ ਦਾ ਜ਼ਿਕਰ ਪੈਰ੍ਹਾ 1 ਦੇ ਸਬ ਪੈਰ੍ਹਾ (ੲ) ਅਧੀਨ ਟੇਬਲ ਦੇ ਲੜੀ ਨੰ: 2 ਤੇ ਕੀਤਾ ਗਿਆ ਹੈ*) ਤੋਂ ਪ੍ਰਤੀ ਮਹੀਨਾ ਬਿਜਲੀ ਦੀ ਖਪਤ ਦੀ ਕੀਮਤ (*excluding any other levies or duties*) ਦਾ 2 (ਦੋ) ਪ੍ਰਤੀਸ਼ਤ ਯੂਜ਼ਰ ਚਾਰਜ਼ਿਜ ਬਿਜਲੀ ਦੇ ਬਿਲਾਂ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਰਾਹੀਂ ਲਏ ਜਾਣਗੇ ।

(4) ਆਪਣੇ source ਤੋਂ ਪਾਣੀ ਦੀ ਸਪਲਾਈ ਵਾਲੇ ਖਪਤਕਾਰਾਂ ਤੋਂ ਸੀਵਰੇਜ਼/ਡਿਸਪੋਜ਼ਲ ਤੇ ਮੀਟਰ ਲਗਵਾਉਣ ਤੱਕ ਮੌਜੂਦਾ ਪ੍ਰਬੰਧ ਅਨੁਸਾਰ ਵਸੂਲੀ ਜਾਰੀ ਰਹੇਗੀ।

(5) ਉਕਤ ਸਬ ਪੈਰ੍ਹਾ (3) ਅਨੁਸਾਰ ਪੀ.ਐਸ.ਪੀ.ਸੀ.ਐਲ. ਦੀ non Residential supply ਕੈਟਾਗਰੀ ਦੇ ਖਪਤਕਾਰਾਂ ਵਿੱਚੋਂ ਅਜਿਹੇ ਖਪਤਕਾਰਾਂ, ਜਿਨ੍ਹਾਂ ਤੋਂ ਯੂਜ਼ਰ ਚਾਰਜ਼ਿਜ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਲਏ ਜਾਣੇ ਹਨ, ਦੀ ਪਹਿਚਾਣ ਸਬੰਧਤ ਅਰਬਨ ਲੋਕਲ ਬਾਡੀਜ਼ ਦੇ ਕਮਿਸ਼ਨਰ/ ਕਾਰਜਸਾਧਕ ਅਫਸਰ ਵਲੋਂ ਆਪਣੇ ਸਟਾਫ ਰਾਹੀਂ ਇੱਕ ਮਹੀਨੇ ਦੇ ਸਮੇਂ ਅੰਦਰ ਕਰਵਾ ਕੇ ਪੀ.ਐਸ.ਪੀ.ਸੀ.ਐਲ. ਦੇ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕਰੇਗਾ। ਇਸ ਉਪਰੰਤ ਉਕਤ ਮੁਤਾਬਕ ਯੂਜ਼ਰਜ ਚਾਰਜ਼ਿਜ ਦੀ ਵਸੂਲੀ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਮੰਤਵ ਲਈ ਪੀ.ਐਸ.ਪੀ.ਸੀ.ਐਲ. ਵਲੋਂ ਹਰੇਕ ਅਰਬਨ ਲੋਕਲ ਬਾਡੀਜ਼ ਲਈ ਨੋਡਲ ਅਫਸਰ ਨਾਮਜ਼ਦ ਕੀਤੇ ਜਾਣਗੇ। ਨਗਰ ਨਿਗਮਾਂ ਲਈ ਨੋਡਲ ਅਫਸਰ ਘੱਟ ਤੋਂ ਘੱਟ ਨਿਗਰਾਨ ਇੰਜਨੀਅਰ ਰੈਂਕ ਦਾ ਹੋਵੇਗਾ। ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ ਨੋਡਲ ਅਫਸਰ ਦਾ ਰੈਂਕ ਆਮ ਤੌਰ ਤੇ ਕਾਰਜਕਾਰੀ ਇੰਜਨੀਅਰ ਹੋਵੇਗਾ ਪਰ ਜਿੱਥੇ ਕਿਤੇ ਅਜਿਹੇ ਅਫਸਰ ਤੈਨਾਤ ਨਹੀਂ ਹਨ ਉਥੇ ਨੋਡਲ ਅਫਸਰ ਦਾ ਰੈਂਕ ਉਪ ਮੰਡਲ ਇੰਜਨੀਅਰ ਤੋਂ ਘੱਟ ਨਹੀਂ ਹੋਵੇਗਾ।

(6) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਉਕਤ ਸਬ ਪੈਰ੍ਹਿਆਂ ਅਨੁਸਾਰ ਵਸੂਲ ਕੀਤੇ ਜਾਣ ਵਾਲੇ ਯੂਜ਼ਰ ਚਾਰਜ਼ਿਜ ਸਥਾਨਕ ਸਰਕਾਰ ਵਿਭਾਗ ਵਲੋਂ ਦਰਸਾਏ ਬੈਂਕ ਅਕਾਊਂਟ/ਅਕਾਊਂਟਾਂ ਵਿੱਚ ਹਰ ਦੂਸਰੇ ਮਹੀਨੇ (bi-monthly) ਜਮ੍ਹਾ ਕਰਵਾਏ ਜਾਣਗੇ। ਪੀ.ਐਸ.ਪੀ.ਸੀ.ਐਲ. ਵਲੋਂ ਸ਼ਹਿਰ ਵਾਰ/ ਇਲਾਕੇ-ਵਾਰ ਖਪਤਕਾਰਾਂ ਅਤੇ ਉਨ੍ਹਾਂ ਤੋਂ ਕੀਤੀ ਵਸੂਲੀ ਦੀ ਸੂਚੀ ਵੀ ਦਿੱਤੀ ਜਾਵੇਗੀ।

(7) ਪੀ.ਐਸ.ਪੀ.ਸੀ.ਐਲ. ਨੂੰ ਬਿਲਿੰਗ ਸੌਫਟਵੇਅਰ ਵਿੱਚ ਸੋਧ ਕਰਨ ਲਈ ਆਉਣ ਵਾਲਾ ਖਰਚਾ, ਸਟੇਸ਼ਨਰੀ ਅਤੇ ਹੋਰ ਜੁੜਵੇਂ ਖਰਚੇ ਦੇਣ ਸਬੰਧੀ ਸਥਾਨਕ ਸਰਕਾਰ ਵਿਭਾਗ ਅਤੇ ਊਰਜਾ ਵਿਭਾਗ ਵਲੋਂ ਆਪਸੀ ਵਿਚਾਰ-ਵਟਾਂਦਰੇ ਨਾਲ ਫੈਸਲਾ ਕੀਤਾ ਜਾਵੇਗਾ, ਜਿਨ੍ਹਾਂ ਨੂੰ ਅੰਤਿਮ ਤੌਰ ਤੇ ਪਰਵਾਨ ਕਰਨ ਦੇ ਅਧਿਕਾਰ ਮਾਨਯੋਗ ਮੁੱਖ ਮੰਤਰੀ ਜੀ ਨੂੰ ਹੋਣਗੇ।

(8) ਪੀ.ਐਸ.ਪੀ.ਸੀ.ਐਲ. ਰਾਹੀਂ ਪ੍ਰਾਪਤ ਯੂਜਰ ਚਾਰਜ਼ਿਜ ਦੀ ਅੱਗੇ ਵਰਤੋਂ/ਵੰਡ ਕਰਨ ਦਾ ਕੰਮ ਸਥਾਨਕ ਸਰਕਾਰ ਵਿਭਾਗ ਵਲੋਂ ਕੀਤਾ ਜਾਵੇਗਾ।

3. **ਵਾਟਰ ਮੀਟਰ ਲੱਗਣ ਉਪਰੰਤ ਯੂਜ਼ਰ ਚਾਰਜ਼ਿਜ**

(ੳ) **ਰਿਹਾਇਸ਼ੀ ਕੈਟਾਗਰੀ ਅਤੇ ਗੈਰ ਰਿਹਾਇਸ਼ੀ ਕੈਟਾਗਰੀ** (*ਜਿਨ੍ਹਾਂ ਦਾ ਜ਼ਿਕਰ ਪੈਰ੍ਹਾ 2 ਦੇ ਸਬ ਪੈਰ੍ਹਾ (ਅ) ਦੇ ਲੜੀ ਨੰ: (1) ਅਤੇ (2) ਤੇ ਹੈ*) ਦੇ ਮੁਕੰਮਲ ਮੀਟਰ ਲੱਗ ਜਾਣ ਉਪਰੰਤ ਪਾਣੀ ਦੀ ਖਪਤ ਨੂੰ ਸੀਮਤ ਕਰਨ ਹਿੱਤ ਸਬੰਧਤ ਸੰਸਥਾ ਵਲੋਂ ਇਨ੍ਹਾਂ ਖਪਤਕਾਰਾਂ ਦੇ ਮੀਟਰਾਂ ਦੀ ਰੀਡਿੰਗ ਤੋਂ ਵੇਖਿਆ ਜਾਵੇਗਾ ਕਿ ਇੱਕ ਮਹੀਨੇ ਦੀ ਖਪਤ 20 ਕਿਲੋਲੀਟਰ ਤੱਕ ਹੀ ਸੀਮਤ ਹੋਵੇ। ਖਪਤਕਾਰਾਂ ਕੋਲੋਂ 20 ਕਿਲੋਲੀਟਰ ਤੱਕ ਪਾਣੀ ਦੀ ਵਰਤੋਂ ਲਈ ਕੋਈ ਯੂਜ਼ਰ ਚਾਰਜ਼ਿਜ ਨਹੀਂ ਲਏ ਜਾਣਗੇ। ਜਿਹੜੇ ਖਪਤਕਾਰਾਂ ਵਲੋਂ ਇੱਕ ਮਹੀਨੇ ਵਿੱਚ ਪਾਣੀ ਦੀ 20 ਕਿਲੋਲੀਟਰ ਤੋਂ ਵੱਧ ਵਰਤੋਂ ਕੀਤੀ ਜਾਵੇਗੀ, ਉਨ੍ਹਾਂ ਤੋਂ 20 ਕਿਲੋਲੀਟਰ ਪਾਣੀ ਪ੍ਰਤੀ ਮਹੀਨਾ ਤੋਂ ਵੱਧ ਕੀਤੀ ਵਰਤੋਂ ਤੇ 7.60 ਰੁਪਏ (3.80 ਰੁਪਏ ਪਾਣੀ ਲਈ ਅਤੇ 3.80 ਰੁਪਏ ਸੀਵਰੇਜ਼ ਲਈ) ਪ੍ਰਤੀ ਕਿਲੋਲੀਟਰ ਦੇ ਹਿਸਾਬ ਨਾਲ ਪਾਣੀ ਅਤੇ ਸੀਵਰੇਜ਼ ਯੂਜ਼ਰ ਚਾਰਜ਼ਿਜ ਸਬੰਧਤ ਸੰਸਥਾ ਵਲੋਂ ਆਪਣੇ ਆਪ ਵਸੂਲ ਕੀਤੇ ਜਾਣਗੇ।

(ਅ) **ਸਪੈਸ਼ਲ ਕੈਟਾਗਰੀ** ਦੇ ਖਪਤਕਾਰਾਂ ਦੇ ਮੁਕੰਮਲ ਮੀਟਰ ਲੱਗ ਜਾਣ ਤੇ ਬਿਜਲੀ ਦੇ ਬਿਲਾਂ ਰਾਹੀਂ ਕੀਤੀ ਜਾਂਦੀ 2 (ਦੋ) ਪ੍ਰਤੀਸ਼ਤ ਕੁਲੈਕਸ਼ਨ ਬੰਦ ਕਰ ਦਿੱਤੀ ਜਾਵੇਗੀ ਅਤੇ ਖਪਤਕਾਰਾਂ ਦੇ ਮੀਟਰਾਂ ਦੀ ਰੀਡਿੰਗ ਦੇ ਹਿਸਾਬ ਨਾਲ ਖਪਤ ਤੇ 15.20 ਰੁਪਏ (7.60 ਰੁਪਏ ਪਾਣੀ ਲਈ ਅਤੇ 7.60 ਰੁਪਏ ਸੀਵਰੇਜ਼ ਲਈ) ਪ੍ਰਤੀ ਕਿਲੋਲੀਟਰ ਦੇ ਹਿਸਾਬ ਨਾਲ ਪਾਣੀ ਅਤੇ ਸੀਵਰੇਜ਼ ਯੂਜ਼ਰ ਚਾਰਜ਼ਿਜ ਸਬੰਧਤ ਸੰਸਥਾ ਵਲੋਂ ਵਸੂਲ ਕੀਤੇ ਜਾਣਗੇ।

(ੲ) ਇਸੇ ਤਰ੍ਹਾਂ ਆਪਣੇ source ਤੋਂ ਪਾਣੀ ਦੀ ਵਰਤੋਂ ਕਰਨ ਵਾਲੇ ਖਪਤਕਾਰਾਂ ਤੋਂ ਡਿਸਪੋਜ਼ਲ ਮੀਟਰ ਲੱਗ ਜਾਣ ਤੇ 7.60 ਰੁਪਏ ਪ੍ਰਤੀ ਕਿਲੋਲੀਟਰ ਨਾਲ ਯੂਜ਼ਰ ਚਾਰਜ਼ਿਜ ਸਬੰਧਤ ਸੰਸਥਾ ਵਲੋਂ ਵਸੂਲ ਕੀਤੇ ਜਾਣਗੇ।

4. **ਵਾਟਰ ਮੀਟਰ ਨੀਤੀ ਲਾਗੂ ਕਰਨ ਦੀ ਕਾਰਵਾਈ ਦੇ ਕਦਮ**

(1) ਇਸ ਨੀਤੀ ਦੇ ਅਧਿਸੂਚਿਤ ਹੋਣ ਉਪਰੰਤ ਅਰਬਨ ਲੋਕਲ ਬਾਡੀਜ਼ ਅਤੇ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਵਲੋਂ ਮੁੱਢਲੀ ਤਿਆਰੀ ਕੁੱਲ 2 ਮਹੀਨੇ ਵਿੱਚ ਮੁਕੰਮਲ ਕਰਨ ਉਪਰੰਤ ਬਿਜਲੀ ਦੇ ਬਿਲ ਭੇਜਣ ਦੇ ਅਗਲੇ ਸਾਈਕਲ ਤੋਂ, ਜੋ ਸਾਰੇ ਰਾਜ ਵਿੱਚ ਵੱਖ - ਵੱਖ ਹਨ, ਲਾਗੂ ਕੀਤਾ ਜਾਵੇਗਾ। ਜਿਸ ਮਿਤੀ ਤੋਂ ਉਪਰੋਕਤ ਅਨੁਸਾਰ ਖਪਤਕਾਰਾਂ ਤੋਂ ਯੂਜ਼ਰ ਚਾਰਜ਼ਿਜ ਦੀ ਵਸੂਲੀ ਚਾਲੂ ਹੋ ਜਾਵੇਗੀ, ਉਸ ਮਿਤੀ ਤੋਂ ਸਬੰਧਤ ਸੰਸਥਾਵਾਂ ਵਲੋਂ ਨਿਰਧਾਰਤ ਖਪਤਕਾਰਾਂ ਤੋਂ ਪਾਣੀ / ਸੀਵਰੇਜ਼ ਆਦਿ ਬਾਰੇ ਮੌਜੂਦਾ ਵਿਧੀ ਅਨੁਸਾਰ ਕੀਤੀ ਜਾ ਰਹੀ ਵਸੂਲੀ ਬੰਦ ਹੋ ਜਾਵੇਗੀ ਅਤੇ ਇਸ ਪਾਲਿਸੀ ਅਨੁਸਾਰ ਹੀ ਕਾਰਵਾਈ ਕੀਤੀ ਜਾਵੇਗੀ।

ਨੋਟ - ਉਕਤ ਪਾਲਿਸੀ ਵਿੱਚ ਵਰਤੇ ਗਏ ਸ਼ਬਦ "ਸਬੰਧਤ ਸੰਸਥਾ" ਦਾ ਭਾਵ ਉਹ ਅਦਾਰਾ ਹੈ ਜਿਸ ਵਲੋਂ ਸਬੰਧਤ ਥਾਂ ਤੇ ਵਾਟਰ ਸਪਲਾਈ ਤੇ ਸੀਵਰੇਜ਼ ਦੇ ਕੰਮ ਦੀ ਦੇਖ-ਰੇਖ ਕੀਤੀ ਜਾ ਰਹੀ ਹੈ (ਜਿਵੇਂ ਨਗਰਨਿਗਮ / ਨਗਰ ਕੌਂਸਲ / ਨਗਰ ਪੰਚਾਇਤ / ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ / ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਜਾਂ ਗਮਾਡਾ ਆਦਿ)।

ਮਿਤੀ ਚੰਡੀਗੜ੍ਹ,
31 ਦਸੰਬਰ, 2015

ਵਿਕਾਸ ਪ੍ਰਤਾਪ, ਆਈ.ਏ.ਐਸ.
ਸਕੱਤਰ ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ।

ਸਮੂਹ ਨਗਰਨਿਗਮਾਂ ਦੇ ਕਮਿਸ਼ਨਰਾਂ ਅਤੇ ਸਮੂਹ ਰੀਜਨਲ ਡਿਪਟੀ ਡਾਇਰੈਕਟਰਾਂ ਲਈ

ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਾਲਿਸੀ ਨੂੰ ਸਮੂਹ ਨਗਰਨਿਗਮਾਂ, ਲਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਮਤੇ ਦੇ ਰੂਪ ਵਿੱਚ ਅਡਾਪਟ ਕਰਨ ਦੀ ਕਾਰਵਾਈ ਮੁਹਿੰਮ ਚਲਾ ਕੇ 15 ਦਿਨਾਂ ਵਿੱਚ ਮੁਕੰਮਲ ਕੀਤੀ ਜਾਵੇ, ਤਾਂ ਜੋ ਸਾਰੇ ਰਾਜ ਇਹ ਪਾਲਿਸੀ ਇਕੱਠੀ ਲਾਗੂ ਹੋ ਸਕੇ।

ਵਿਸ਼ੇਸ ਸਕੱਤਰ ਸਥਾਨਕ ਸਰਕਾਰ।

ਕਮਿਸ਼ਨਰ ਜੀ ਨੇ ਮਿਤੀ 8.1.2016 ਰਾਹੀਂ ਸਰਕਾਰ ਦੀ ਉਕਤ ਮੀਟਰ ਪਾਲਿਸੀ ਨਗਰ ਨਿਗਮ ਹਾਊਸ ਵਿੱਚ ਅਡਾਪਟ ਕਰਨ ਲਈ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਅਨੁਸਾਰ ਉਕਤ ਮੀਟਰ ਪਾਲਿਸੀ ਨਗਰ ਨਿਗਮ ਹਾਊਸ ਵਿੱਚ ਅਡਾਪਟ ਕਰਨ ਲਈ ਪੇਸ਼ ਕਰਨ ਲਈ ਮੰਜ਼ੂਰੀ ਦਿੱਤੀ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 39

ਵਿਸ਼ਾ:- ਅਣ-ਅਧਿਕਾਰਤ ਗਊਆਂ/ਪਸ਼ੂਆਂ ਦੀ ਸਾਂਭ-ਸੰਭਾਲ ਲਈ ਅਤੇ ਕੈਂਟਲ ਪਾਊਡ ਤਿਆਰ ਕਰਨ ਲਈ ਆਉਣ ਵਾਲੇ ਖਰਚੇ ਦੇ ਪ੍ਰਬੰਧ ਲਈ ਫੀਸ ਮੁਕਰੱਰ ਕਰਨ ਬਾਰੇ।

ਪੜਿਆ ਨੋਟ ਸਹਾਇਕ ਸਿਹਤ ਅਫ਼ਸਰ ਜਿਸ ਨਾਲ ਸਯੁੰਕਤ ਕਮਿਸ਼ਨਰ ਜੀ ਨੇ ਸਹਿਮਤੀ ਹਸ਼ਾਖਤਰ ਕੀਤੇ ਹਨ ਕਿ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ (ਸ.ਸ.1 ਸ਼ਾਖਾ), ਚੰਡੀਗੜ੍ਹ ਵਲੋਂ ਆਪਣੇ ਪੱਤਰ ਨੰ: 14/188/2014- 5ਸਸ1/475153/1 ਮਿਤੀ 4.5.2015 ਰਾਹੀਂ ਸਮੂਹ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਕਾਓ ਸੈਸ ਲਗਾਉਣ ਸਬੰਧੀ ਲੋੜੀਂਦੀ ਕਾਰਜਵਿਧੀ ਪੂਰੀ ਕਰਦੇ ਹੋਏ ਨਿਯਮਾਂ ਅਨੁਸਾਰ ਮੁਕੰਮਲ ਤਜ਼ਵੀਜ਼ਾਂ ਸਰਕਾਰ ਨੂੰ ਭੇਜੀਆਂ ਜਾਣ ਤਾਂ ਜ਼ੋ ਸਮੂਹ ਰਾਜ ਦੀਆਂ ਸੰਸਥਾਵਾਂ ਵਿੱਚ ਕਾਓ ਸੈਸ ਲਗਾਉਣ ਵਾਸਤੇ ਲੋੜੀਂਦੀਆਂ ਨੋਟੀਫਿਕੇਸ਼ਨਾਂ ਸਰਕਾਰ ਦੀ ਪੱਧਰ ਤੇ ਜਾਰੀ ਕੀਤੀਆਂ ਜਾ ਸਕਣ।

ਇਸ ਉਪਰੰਤ ਨਗਰ ਨਿਗਮ ਜਲੰਧਰ ਵਿਖੇ ਕਾਓ ਸੈਸ ਲਗਾਉਣ ਸਬੰਧੀ ਮਤਾ ਨੰ:10 ਮਿਤੀ 8.5.2015 ਰਾਹੀਂ ਤਜ਼ਵੀਜ਼ ਰੱਖੀ ਗਈ ਸੀ ਜਿਸ ਵਿੱਚ ਹੇਠ ਅਨੁਸਾਰ ਤਜ਼ਵੀਜ਼ ਕੀਤਾ ਗਿਆ ਸੀ:

ਨਗਰ ਨਿਗਮ ਜਲੰਧਰ ਦੀ ਹੱਦ ਅੰਦਰ ਦੋ ਗਊਸ਼ਾਲਾਵਾ, ਗਊਸ਼ਾਲਾ ਪਿੰਜਰਾਪੋਲ ਟਾਂਡਾ ਰੋਡ ਤੇ ਗਊਸ਼ਾਲਾ ਬੁਲੰਦਪੁਰ ਨੂੰ ਨਗਰ ਨਿਗਮ ਵੱਲੋ 1 ਲੱਖ ਰੁਪਏ ਪ੍ਰਤੀ ਮਹੀਨਾ ਦੀ ਗ੍ਰਾਂਟ ਦਿੱਤੀ ਜਾਂਦੀ ਹੈ ਤਾਂ ਜੋ ਸ਼ਹਿਰ ਦੀ ਹੱਦ ਅੰਦਰ ਫਿਰ ਰਹੇ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਕੀਤੀ ਜਾ ਸਕੇ, ਪ੍ਰੰਤੂ ਇਹਨਾਂ ਦੋਵੇਂ ਗਊਸ਼ਾਲਾਵਾਂ ਵੱਲੋਂ ਅਵਾਰਾ ਪਸ਼ੂਆਂ ਨੂੰ ਲੈਣ ਤੋਂ ਅਸਮੱਰਥਾ ਪ੍ਰਗਟਾਈ ਜਾਂਦੀ ਹੈ ਕਿ ਗਊਸ਼ਾਲਾਵਾ ਵਿੱਚ ਪਹਿਲਾ ਤੋਂ ਹੀ ਪਸ਼ੂ ਲੋੜ ਤੋਂ ਜਿਆਦਾ ਹਨ।

ਇਸ ਸਬੰਧ ਵਿੱਚ ਤਜਵੀਜ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਬਠਿੰਡਾ ਦੀ ਤਰਜ ਤੇ ਨਗਰ ਨਿਗਮ ਜਲੰਧਰ ਦੀ ਹੱਦ ਅੰਦਰ ਅਣ-ਅਧਿਕਾਰਤ ਪਸ਼ੂਆਂ ਦੀ ਸਾਂਭ-ਸੰਭਾਲ ਲਈ ਅਤੇ ਨਵੇਂ ਕੈਟਲ ਪਾਊਂਡ ਸਥਾਪਿਤ ਕਰਨ ਲਈ ਇੱਕ ਮਿਉਸੀਪਲ ਫੰਡ ਕਾਇਮ ਕੀਤਾ ਜਾਣਾ ਚਾਹੀਦਾ ਹੈ।

ਗਊਆਂ ਦੀ ਸਾਂਭ-ਸੰਭਾਲ ਦੇ ਖਰਚੇ ਦੀ ਪ੍ਰਤੀ ਪੂਰਤੀ ਲਈ The Punjab Prohibition of Cow Slaughter Act-1955 (15 of 1956) ਦੀ ਧਾਰਾ 7 ਵਿੱਚ ਹੇਠ ਲਿਖੇ ਅਨੁਸਾਰ ਵਰਣਨ ਕੀਤਾ ਹੈ:-

Section-7" Levy of Charges of Fees:- The State Government or the Local authority if authorized may levy fees as may be prescribed for care and maintenance of uneconomic cows in the institiution:-

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਅਨੁਸਾਰ ਗਊਆਂ ਦੀ ਸਾਂਭ-ਸੰਭਾਲ ਲਈ ਧਾਰਾ 7 ਅਨੁਸਾਰ ਫੀਸ ਲਗਾਈ ਗਈ ਹੈ।

ਲੜੀ ਨੰ:	ਆਈਟਮ ਦਾ ਨਾਮ	ਸੈਸ	ਕੁਲੈਕਸ਼ਨ ਲਈ ਨੋਡਲ ਅਫਸਰ
1	ਤੇਲ ਟੈਂਕਰ ਪ੍ਰਤੀ ਚੱਕਰ	100/- ਪ੍ਰਤੀ	ਤੇਲ ਕੰਪਨੀਆਂ ਦੇ ਮੈਨੇਜਰ
2	ਸ਼ਰਾਬ ਅੰਗਰੇਜੀ ਪ੍ਰਤੀ ਬੋਤਲ	10/- ਪ੍ਰਤੀ	ਏ.ਈ.ਟੀ.ਸੀ.
3	ਸ਼ਰਾਬ ਦੇਸੀ ਅਤੇ ਬੀਅਰ ਪ੍ਰਤੀ ਬੋਤਲ	5/- ਪ੍ਰਤੀ	ਏ.ਟੀ.ਟੀ.ਸੀ
4	ਸੀਮਿੰਟ ਪ੍ਰਤੀ ਬੈਗ	1/- ਪ੍ਰਤੀ	ਜੀ.ਐਮ.ਇੰਡਸਟਰੀਜ਼
5	ਬਿਜਲੀ ਪ੍ਰਤੀ ਯੂਨਿਟ	2 ਪੈਸੇ	ਐਸ.ਪੀ./ਪੀ.ਐਸ./ਪੀ.ਸੀ.ਐਸ.ਐਲ
6	ਮੈਰਿਜ ਪੈਲੇਸ ਏ.ਸੀ.ਪ੍ਰਤੀ ਫੰਕਸ਼ਨ	1000/- ਰੁਪਏ	ਜੀ.ਐਮ.ਇੰਡਸਟਰੀਜ਼
7	ਮੈਰਿਜ ਪੈਲੇਸ ਨਾਨ ਏ.ਸੀ. ਪ੍ਰਤੀ ਫੰਕਸ਼ਨ	500/- ਰੁਪਏ	ਜੀ.ਐਮ.ਇੰਡਸਟਰੀਜ
8	ਫੋਰ ਵੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੋਂ	1000/- ਰੁਪਏ	ਡੀ.ਟੀ.ਓ
9	ਦੋ ਵੀਲਰ ਪ੍ਰਤੀ ਵਹੀਕਲ ਦੀ ਵਿਕਰੀ ਤੋਂ	200/- ਰੁਪਏ	ਡੀ.ਟੀ.ਓ

ਨਗਰ ਨਿਗਮ ਜਲੰਧਰ ਵੀ ਨਗਰ ਨਿਗਮ ਬਠਿੰਡਾ ਦੀ ਤਰਜ ਤੇ ਗਊਆਂ ਦੀ ਸਾਂਭ-ਸੰਭਾਲ ਲਈ ਉਪਰੋਕਤ ਐਕਟ ਦੀ ਧਾਰਾ 7 ਅਨੁਸਾਰ ਫੀਸ ਲਗਾਉਣ ਲਈ ਤਜਵੀਜ਼ ਹੇਠ ਅਨੁਸਾਰ ਹਾਊਸ ਦੀ ਬੈਠਕ ਵਿਚ ਪ੍ਰਵਾਨਗੀ ਹਿੱਤ ਪੇਸ਼ ਕੀਤੀ ਜਾਂਦੀ ਹੈ ਇਸ ਉਪਰੰਤ ਨਗਰ ਨਿਗਮ ਬਠਿੰਡਾ ਦੀ ਤਰ੍ਹਾਂ ਜਨਰਲ ਪਬਲਿਕ ਤੋਂ ਦੋ ਅਖਬਾਰਾਂ ਵਿਚ ਨੋਟਿਸ ਦੇ ਕੇ ਇਤਰਾਜ ਮੰਗੇ ਜਾਣਗੇ ਅਤੇ ਉਹਨਾਂ ਤੋਂ ਬਾਅਦ ਸਥਿਤੀ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੂੰ ਸਰਕਾਰੀ ਗਜ਼ਟ ਵਿਚ ਅਧਿ ਸੂਚਨਾਂ ਜਾਰੀ ਕਰਨ ਲਈ ਲਿਖਿਆ ਜਾਵੇਗਾ।

ਗਊਆਂ ਦੀ ਸਾਂਭ-ਸੰਭਾਲ ਲਈ ਹੇਠ ਲਿਖਿਆ ਆਈਟਮਾਂ ਤੇ ਫੀਸ ਲਗਵਾਉਣ ਦੀ ਤਜਵੀਜ਼ ਹੈ

ਲੜੀ ਨੰ:	**ਆਈਟਮ ਦਾ ਨਾਮ**	**ਸੈਸ**	**ਕੁਲੈਕਸ਼ਨ ਲਈ ਨੋਡਲ ਅਫਸਰ**
1	ਤੇਲ ਟੈਂਕਰ ਪ੍ਰਤੀ ਚੱਕਰ	100/- ਰੁਪਏ ਪ੍ਰਤੀ ਟੈਂਕਰ	ਤੇਲ ਕੰਪਨੀਆਂ ਦੇ ਮੈਨੇਜਰ
2	ਸ਼ਰਾਬ ਅੰਗਰੇਜੀ ਪ੍ਰਤੀ ਬੋਤਲ	2/- ਰੁਪਏ ਪ੍ਰਤੀ ਬੋਤਲ	ਏ.ਈ.ਟੀ.ਸੀ.
3	ਬਿਜਲੀ ਪ੍ਰਤੀ ਯੂਨਿਟ	2 ਪੈਸੇ ਪ੍ਰਤੀ ਯੂਨਿਟ	ਐਸ.ਪੀ./ਪੀ.ਐਸ./ਪੀ.ਸੀ.ਐਸ.ਐਲ
4	ਫੋਰ ਵੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੋਂ	1000/- ਰੁਪਏ ਪ੍ਰਤੀ ਵਹੀਕਲ	ਡੀ.ਟੀ.ਓ

ਉਪਰੋਕਤ ਤੋਂ ਨਗਰ ਨਿਗਮ ਜਲੰਧਰ ਨੂੰ ਤਕਰੀਬਨ 5.00 ਕਰੋੜ ਰੁਪਏ ਪ੍ਰਤੀ ਸਾਲ ਆਮਦਨ ਹੋਣ ਦਾ ਅਨੁਮਾਨ ਹੈ ਇਹ ਆਮਦਨ ਸਿਰਫ ਤੇ ਸਿਰਫ ਅਣ-ਅਧਿਕਾਰਤ ਗਊਆਂ ਦੀ ਦੇਖ ਭਾਲ ਲਈ ਵਰਤੀ ਜਾਵੇਗੀ ਨਾਂ ਕਿ ਕਿਸੇ ਹੋਰ ਨਗਰ ਨਿਗਮ ਦੇ ਕਾਰਜ ਲਈ।ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 5.5.2015 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮ ਅਨੁਸਾਰ ਕੇਸ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਨਗਰ ਨਿਗਮ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਹਾਊਸ ਵਲੋਂ ਇਸ ਮਤੇ ਨੂੰ ਵਿਚਾਰਣ ਉਪਰੰਤ ਲੰਬਿਤ ਰੱਖਿਆ ਗਿਆ ਸੀ ।

ਸ਼ਹਿਰ ਵਾਸੀਆਂ ਵਲੋਂ ਸੜਕ ਤੇ ਫਿਰ ਰਹੇ ਆਵਾਰਾ ਪਸ਼ੂਆਂ ਕਾਰਣ ਜ਼ੋ ਐਕਸੀਡੈਂਟ ਆਦਿ ਹੁੰਦੇ ਹਨ, ਉਹਨਾਂ ਨੂੰ ਮੁੱਖ ਰਖ਼ਦੇ ਹੋਏ ਨਗਰ ਨਿਗਮ ਤੇ ਵਾਰ ਵਾਰ ਇਹਨਾਂ ਪਸ਼ੂਆਂ ਨੂੰ ਸੰਭਾਲਣ ਲਈ ਜ਼ੋਰ ਪਾਇਆ ਜਾ ਰਿਹਾ ਹੈ ਅਤੇ ਸਰਕਾਰ ਵਲੋਂ ਵੀ ਆਵਾਰਾ ਪਸ਼ੂਆਂ ਨੂੰ ਸਹੀ ਢੰਗ ਨਾਲ ਸੰਭਾਲਣ ਲਈ ਕਾਓ ਸੈਸ ਲਗਾਉਣ ਲਈ ਨਗਰ ਨਿਗਮ ਤੋਂ ਮਤਾ ਪਾਸ ਕਰਨ ਉਪਰੰਤ ਸਰਕਾਰ ਵਲੋਂ ਅਧਿਸੂਚਨਾ ਜਾਰੀ ਕਰਵਾਉਣ ਲਈ ਕਿਹਾ ਜਾ ਰਿਹਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਜ਼ੋ ਨਗਰ ਨਿਗਮ ਵਿੱਚ ਮਤਾ ਨੰ: 10 ਮਿਤੀ 8.5.2015 ਪੇਸ਼ ਕੀਤਾ ਗਿਆ ਸੀ, ਉਸ ਤੇ ਫੈਸਲਾ ਕੀਤਾ ਜਾਵੇ । ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਜ਼ੋ ਕਾਓ ਸੈਸ ਦੀ ਉਗਰਾਹੀ ਕੀਤੀ ਜਾਵੇਗੀ, ਉਸ ਵਿੱਚੋਂ ਨਗਰ ਨਿਗਮ ਜਲੰਧਰ ਵਲੋਂ ਪਹਿਲੇ ਸਥਾਪਤ ਕੀਤੀਆਂ ਗਈਆਂ ਗਊਸ਼ਾਲਾਵਾਂ ਨੂੰ ਵੀ ਅਦਾਇਗੀ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਨਗਰ ਨਿਗਮ ਵਲੋਂ ਇੱਕ ਵੱਡਾ ਕੈਟਲ ਪਾਊਂਡ ਜ਼ੋ ਕਿ ਤਕਰੀਬ਼ਨ 8 ਏਕੜ ਰਕਬੇ ਵਿੱਚ ਹੋਵੇਗਾ, ਤਿਆਰ ਕੀਤਾ ਜਾਵੇਗਾ ਜਿਸ ਦੀ ਸਾਂਭ ਸੰਭਾਲ ਅਤੇ ਪਸ਼ੂਆਂ ਦੀ ਰੋਜ਼ਾਨਾ ਫੀਡ ਬਾਰੇ ਨਗਰ ਨਿਗਮ ਵਲੋਂ ਹੀ ਖ਼ਰਚਾ ਕੀਤਾ ਜਾਵੇਗਾ ।

ਗਊਆਂ/ਪਸ਼ੂਆਂ ਦੀ ਸਾਂਭ ਸੰਭਾਲ ਲਈ ਹੇਠ ਲਿਖੀਆਂ ਆਈਟਮਾਂ ਤੇ ਕਾਓ ਸੈਸ ਲਗਾਉਣ ਦੀ ਤਜ਼ਵੀਜ਼ ਕੀਤੀ ਜਾਂਦੀ ਹੈ:

ਲੜੀ ਨੰ:	ਆਈਟਮ ਦਾ ਨਾਮ	ਸੈਸ	ਅਨੁਮਾਨਤ ਸਾਲਾਨਾ ਪ੍ਰਾਪਤ ਹੋਣ ਵਾਲੀ ਰਾਸ਼ੀ	ਕੁਲੈਕਸ਼ਨ ਲਈ ਨੋਡਲ ਅਫਸਰ
1	ਸ਼ਰਾਬ ਅੰਗਰੇਜੀ ਪ੍ਰਤੀ ਬੋਤਲ	5/- ਰੁਪਏ ਪ੍ਰਤੀ ਬੋਤਲ	2,30,00,000/-	ਏ.ਈ.ਟੀ.ਸੀ.
2	ਸ਼ਰਾਬ ਦੇਸੀ ਪ੍ਰਤੀ ਬੋਤਲ	2/- ਰੁਪਏ ਪ੍ਰਤੀ ਬੋਤਲ	1,15,00,000/-	ਏ.ਈ.ਟੀ.ਸੀ.
3	ਤੇਲ ਟੈਂਕਰ ਪ੍ਰਤੀ ਚੱਕਰ	100/- ਰੁਪਏ ਪ੍ਰਤੀ ਟੈਂਕਰ	21,00,000/-	ਤੇਲ ਕੰਪਨੀਆਂ ਦੇ ਮੈਨੇਜਰ
4	ਫੋਰ ਵੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੋਂ	1000/- ਰੁਪਏ ਪ੍ਰਤੀ ਵਹੀਕਲ	1,85,00,000/-	ਡੀ.ਟੀ.ਓ
5	ਬਿਜਲੀ ਪ੍ਰਤੀ ਯੂਨਿਟ	1 ਪੈਸੇ	1,20,00,000/-	ਐਸ.ਈ./ਪੀ.ਐਸ.ਪੀ.ਸੀ.ਐਲ

ਉਪਰੋਕਤ ਤੋਂ ਤਕਰੀਬਨ 6.70 ਕਰੋੜ ਰੁਪਏ ਸਾਲਾਨਾ ਆਮਦਨ ਹੋਣ ਦੀ ਸੰਭਾਵਨਾ ਹੈ ।ਜਿਸ ਵਿੱਚੋਂ ਨਗਰ ਨਿਗਮ ਜਲੰਧਰ ਵਲੋਂ ਨਵੇਂ ਕੈਟਲ ਪਾਉਂਡ ਨੂੰ ਬਨਾਉਣ ਤੇ ਖ਼ਰਚਾ ਹੋਵੇਗਾ ਜਿਸ ਵਿੱਚ ਜ਼ਮੀਨ ਨੂੰ ਲੈਣਾ, ਬਾਉਂਡਰੀ ਵਾਲ ਅਤੇ ਹੋਰ ਸ਼ੈਡ ਅਤੇ ਚਾਰੇ ਵਾਸਤੇ ਸਟੋਰ ਆਦਿ ਸ਼ਾਮਲ ਹੋਣਗੇ । ਇਸ ਤੋਂ ਇਲਾਵਾ ਪ੍ਰਤੀ ਦਿਨ ਚਾਰੇ ਦਾ ਖ਼ਰਚਾ, ਬਿਜਲੀ ਪਾਣੀ ਦਾ ਖ਼ਰਚਾ, ਪਸ਼ੂਆਂ ਦੀ ਦੇਖਭਾਲ ਲਈ ਡਾਕਟਰੀ ਸਹਾਇਤਾ ਅਤੇ ਹੋਰ ਅਮਲੇ ਆਦਿ ਦੇ ਖ਼ਰਚੇ ਹੋਣਗੇ ।

ਨਗਰ ਨਿਗਮ ਜਲੰਧਰ ਗਊਆਂ ਦੀ ਸਾਂਭ-ਸੰਭਾਲ ਲਈ ਉਪਰੋਕਤ ਐਕਟ ਦੀ ਧਾਰਾ 7 ਅਨੁਸਾਰ ਫੀਸ ਲਗਾਉਣ ਲਈ ਉਪਰੋਕਤ ਤਜਵੀਜ਼ ਹਾਊਸ ਦੀ ਬੈਠਕ ਵਿਚ ਪ੍ਰਵਾਨਗੀ ਹਿੱਤ ਪੇਸ਼ ਕੀਤੀ ਜਾਂਦੀ ਹੈ ।ਇਸ ਉਪਰੰਤ ਜਨਰਲ ਪਬਲਿਕ ਤੋਂ ਦੋ ਅਖਬਾਰਾਂ ਵਿਚ ਨੋਟਿਸ ਦੇ ਕੇ ਇਤਰਾਜ ਮੰਗੇ ਜਾਣਗੇ ਅਤੇ ਉਹਨਾਂ ਤੋਂ ਬਾਅਦ ਸਥਿਤੀ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੂੰ ਸਰਕਾਰੀ ਗਜ਼ਟ ਵਿਚ ਅਧਿਸੂਚਨਾਂ ਜਾਰੀ ਕਰਨ ਲਈ ਲਿਖਿਆ ਜਾਵੇਗਾ।ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ । ਕਮਿਸ਼ਨਰ ਜੀ ਨੇ ਮਿਤੀ 25.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਆਮਦਨ ਵਿੱਚੋਂ 5% ਰਾਸ਼ੀ ਆਵਾਰਾ ਕੁੱਤਿਆਂ ਦੀ ਨਸਬੰਦੀ ਲਈ ਰਾਖ਼ਵੀਂ ਰੱਖੀ ਜਾਵੇਗੀ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 40

ਵਿਸ਼ਾ:- ਸੜਕਾਂ ਸਾਫ ਕਰਵਾਉਣ ਲਈ ਰੋਡ ਸਵੀਪਿੰਗ ਮਸ਼ੀਨ ਹਾਇਰ ਕਰਕੇ ਕੰਮ ਕਰਵਾਉਣ ਸਬੰਧੀ।

ਪੜ੍ਹਿਆ ਦਫਤਰੀ ਨੋਟ ਇੰਸਪੈਕਟਰ ਵਰਕਸ਼ਾਪ ਜਿਸ ਨਾਲ ਮੈਨੇਜਰ ਸਿਟੀ ਬੱਸ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਵਿਸ਼ੇ ਦੇ ਸਬੰਧ ਵਿਚ ਮੱਤਾ ਨੰ:83 ਮਿਤੀ 8.5.2015 ਰਾਂਹੀ ਨਵੀਂ ਰੋਡ ਸਵੀਪਿੰਗ ਮਸ਼ੀਨ ਖਰੀਦ ਕੇ ਸੜਕਾਂ ਸਾਫ ਕਰਵਾਉਣ ਦੀ ਤਜਵੀਜ਼ ਸੀ। ਜਿਸ ਦੇ ਵਿਚ ਨਗਰ ਨਿਗਮ ਵੱਲੋਂ ਨਵੀਂ ਮਸ਼ੀਨ ਖਰੀਦ ਕਰਕੇ ਉਸ ਦੀ ਉਪਰੇਸ਼ਨ ਅਤੇ ਮੈਨੀਟੀਨੈਂਸ ਵੀ ਉਸੇ ਹੀ ਫਰਮ ਤੋਂ ਤਿੰਨ ਸਾਲ ਲਈ ਕਰਵਾਈ ਜਾਣੀ ਸੀ ਜਿਸ ਦਾ ਤਖਮੀਨਾ 2,81,62,982/-ਰੁਪਏ ਨਗਰ ਨਿਗਮ ਹਾਊਸ ਵੱਲੋਂ ਉਪਰੋਕਤ ਮੱਤੇ ਰਾਂਹੀ ਪ੍ਰਵਾਨ ਕੀਤਾ ਹੈ। ਮਾਨਯੋਗ ਮੇਅਰ ਜੀ ਅਤੇ ਕਮਿਸ਼ਨਰ ਜੀ ਦੀ ਉਪ ਮੁੱਖ ਮੰਤਰੀ ਪੰਜਾਬ ਨਾਲ ਹੋਈ ਗਲਬਾਤ ਅਤੇ ਵਿਚਾਰ ਵਟਾਦਰੇ ਦੇ ਮੱਦੇ ਨਜਰ ਉਪ ਮੱਖ ਮੰਤਰੀ ਜੀ ਨੇ ਆਦੇਸ਼ ਦਿੱਤੇ ਕਿ ਜਲੰਧਰ ਵਿਖੇ ਵੀ ਸੜਕਾਂ ਦੀ ਸਫਾਈ ਵੀ ਨਗਰ ਨਿਗਮ ਮੋਹਾਲੀ, ਲੁਧਿਆਣਾ ਅਤੇ ਅਮ੍ਰਿਤਸਰ ਦੇ ਪੈਟਰਨ ਉਪਰ ਰੋਡ ਸਵੀਪਿੰਗ ਮਸ਼ੀਨ ਹਾਇਰ ਕਰਕੇ ਕਰਵਾਈ ਜਾਵੇ ਅਤੇ ਸੜਕਾਂ ਦੀ ਸਫਾਈ ਵਾਸਤੇ ਨਗਰ ਨਿਗਮ ਆਪਣੀ ਮਸ਼ੀਨ ਖਰੀਦ ਨਾ ਕਰੇ। ਉਪ ਮੁੱਖ ਮੰਤਰੀ ਜੀ ਨੇ ਇਹ ਵੀ ਦੱਸਿਆ ਕਿ ਮੋਹਾਲੀ ਪੈਟਰਨ ਉਪਰ ਜੋ ਮਸ਼ੀਨ ਠੇਕੇਦਾਰ ਵੱਲੋਂ ਚਲਾਈ ਜਾ ਰਹੀ ਹੈ ਉਹ ਮਸ਼ੀਨ ਦੀ ਪ੍ਰੋਫਾਰਮੈਸ ਬਹੁਤ ਹੀ ਚੰਗੀ ਹੈ। ਇਸ ਲਈ ਇਹ ਵੀ ਦਸਣ ਯੋਗ ਹੈ ਕਿ ਇਸ ਮਸ਼ੀਨ ਨਾਲ ਰੋਡ ਦੀ ਸਫਾਈ ਦੇ ਨਾਲ-ਨਾਲ ਸੈਂਟਰਲ ਵਰਜ਼ ਅਤੇ ਸੜਕਾਂ ਦੀਆਂ ਸਾਈਡਾਂ ਤੇ ਬਣੇ ਫੁਟਪਾਥ ਵੀ ਸਾਫ ਕੀਤੇ ਜਾਣੇ ਹਨ ਪਰ ਨਗਰ ਨਿਗਮ ਜਲੰਧਰ ਵੱਲੋਂ ਇਸ ਕੰਮ ਵਿਚ ਹੋਰ ਅਡੀਸ਼ਨ ਕੀਤੀ ਹੈ ਜਿਸ ਵਿਚ ਸੜਕ ਤੇ ਬਣੀਆਂ ਰੋਡ ਗਲੀਆਂ ਦੇ ਚੈਂਬਰਾਂ ਦੀ ਸਫਾਈ ਦਾ ਕੰਮ ਵੀ ਸਕੋਪ ਆਫ ਵਰਕ ਵਿਚ ਜ਼ੋੜਿਆ ਹੈ। ਇਸ ਦੇ ਸਬੰਧ ਨਗਰ ਨਿਗਮ ਮੋਹਲੀ ਵੱਲੋਂ ਜੋ ਇਸ ਕੰਮ ਲਈ ਟੈਂਡਰ ਲਗਵਾਏ ਗਏ ਸੀ ਉਹ ਡਾਕੂਮੈਂਟ ਮੋਹਾਲੀ ਤੋਂ ਮੰਗਵਾਏ ਗਏ ਹਨ ਅਤੇ ਇਹ ਸਾਰੇ ਡਾਕੂਮੈਂਟ ਸਟਡੀ ਕੀਤੇ ਗਏ ਹਨ। ਇਸ ਮਸ਼ੀਨ ਨਾਲ ਸੜਕਾਂ ਸਾਫ ਕਰਵਾਉਣ ਤੇ ਤਕਰੀਬਨ 97,000/- ਰੁਪਏ ਪ੍ਰਤੀ ਕਿਲੋਮੀਟਰ(4 ਲੈਨ) ਪ੍ਰਤੀ ਮਹੀਨਾ ਖਰਚ ਆਉਂਦਾ ਹੈ। ਇਸ ਵਿਚ ਕੰਪਨੀ ਵੱਲੋਂ ਸਾਰੇ ਖਰਚੇ ਜਿਵੇਂ ਕਿ ਮਸ਼ੀਨ ਲਈ ਡੀਜ਼ਲ,ਮਸ਼ੀਨ ਨਾਲ ਮੈਨੁਅਲ ਲੇਬਰ, ਉਪਰੇਸ਼ਨ ਐਂਡ ਮੈਨਟੀਨੈਸ ਆਦਿ ਖੁਦ ਹੀ ਸਹਿਣ ਕੀਤੇ ਜਾਣਗੇ। ਇਥੇ ਇਹ ਵੀ ਦੱਸਣਯੋਗ ਹੈ ਕਿ ਜੇਕਰ ਇਸ ਮਸ਼ੀਨ ਦੇ ਉੱਤੇ ਇਸ਼ਤਿਹਾਰ ਲਗਾਉਣ ਦੀ ਕੋਈ ਤਜਵੀਜ ਭਵਿੱਖ ਵਿੱਚ ਬਣਦੀ ਹੈ ਤਾਂ ਉਸ ਦਾ ਅਧਿਕਾਰ ਨਗਰ ਨਿਗਮ ਜਲੰਧਰ ਕੋਲ ਹੋਵੇਗਾ। ਇਥੇ ਸ਼ਹਿਰ ਦੀ ਸਫਾਈ ਲਈ ਦੋ ਮਸ਼ੀਨਾਂ ਦੀ ਜਰੂਰਤ ਪਵੇਗੀ ਜਿਸ ਨਾਲ ਤਕਰੀਬਨ 50 ਕਿਲੋਮੀਟਰ ਸੜਕਾਂ ਦੀ ਸਫਾਈ ਰੋਜਾਨਾ ਕੀਤੀ ਜਾਵੇਗੀ। ਇਸ ਅਨੁਸਾਰ ਜੇਕਰ 50 ਕਿਲੋਮੀਟਰ ਸੜਕਾਂ ਰੋਜਾਨਾ ਸਾਫ ਕੀਤੀਆਂ ਜਾਂਦੀਆਂ ਹਨ ਤਾਂ ਮਹੀਨੇ ਦਾ ਖਰਚਾ 48,50,000/- ਅਤੇ ਸਾਲ ਦਾ ਖਰਚਾ 5,82,00,000/-ਰੁਪਏ ਆਵੇਗਾ।

ਇਥੇ ਇਹ ਵੀ ਦਸਣਯੋਗ ਹੈ ਕਿ ਇਹ ਮਸ਼ੀਨਾਂ ਨਵੀਨੀਕਰਣ ਢੰਗ ਦੀਆਂ ਹਨ ਜਿਨ੍ਹਾਂ ਦਾ ਨਗਰ ਨਿਗਮ, ਜਲੰਧਰ ਵੱਲੋਂ ਅਤੇ ਲੋਕਲ ਮਾਰਕੀਟ ਵਿੱਚੋਂ ਰੱਖ-ਰਖਾਵ ਕਰਨਾ ਸਭੰਵ ਨਹੀਂ ਹੈ। ਇਹ ਮਸ਼ੀਨਾਂ ਨਵੀਂ ਤਕਨੀਕ ਵਾਲੀਆਂ ਹੁੰਦੀਆਂ ਹਨ ਜਿਹਨਾਂ ਦਾ ਨਗਰ ਨਿਗਮ ਕੋਲ ਰੱਖ-ਰੱਖਾਵ ਆਪਣੇ ਕੋਲੋ ਜਾ ਲੋਕਲ ਮਾਰਕੀਟ ਵਿਚੋਂ ਨਹੀਂ ਹੋ ਸਕਦਾ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਅਨੁਸਾਰ ਸੜਕਾਂ ਦੀ ਸਫਾਈ ਮੋਹਾਲੀ, ਲੁਧਿਆਣਾ ਅਤੇ ਅੰਮ੍ਰਿਤਸਰ ਦੀ ਤਰਾਂ ਇਹ ਮਸ਼ੀਨ ਹਾਇਰ ਕਰਕੇ ਕੰਮ ਕਰਵਾਉਣ ਦਾ ਟੈਂਡਰ ਡਾਕੂਮੈਂਟ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਇਸ ਨਾਲ ਹੀ ਟੈਂਡਰ ਲਗਾਉਣ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਤਜ਼ਵੀਜ਼ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਦੀ ਸਿਫਾਰਸ਼ ਕੀਤੀ ਹੈ ।ਕਮਿਸ਼ਨਰ ਜੀ ਨੇ ਮਿਤੀ 8.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 11.1.2016 ਰਾਹੀਂ ਉਪਰੋਕਤ ਤਜ਼ਵੀਜ਼ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 41

ਵਿਸ਼ਾ:- ਹੈਵੀ ਅਰਥ ਮੂਵਿੰਗ ਵਹੀਕਲ/ (ਡੋਜਰ ਮਸ਼ੀਨਰੀ) ਵਰਿਆਣਾ ਡੰਪ ਲਈ ਕਰਾਏ ਤੇ ਲੈਣ ਬਾਰੇ।

ਪੜ੍ਹਿਆ ਦਫਤਰੀ ਨੋਟ ਵਰਕਸ਼ਾਪ ਸ਼ਾਖਾ ਮਿਤੀ 11.9.2015 ਜਿਸ ਨਾਲ ਮੈਨੇਜਰ ਵਰਕਸ਼ਾਪ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਦੀ ਸਿਹਤ ਅਤੇ ਸੈਨੀਟੇਸ਼ਨ ਸ਼ਾਖਾ ਵੱਲੋ ਵਰਿਆਣਾ ਡੰਪ ਤੇ ਰਸਤਾ ਬਣਾਉਣ ਅਤੇ ਕੂੜਾ-ਕਰਕਟ ਨੂੰ ਠੀਕ ਤਰਾਂ ਨਾਲ ਡੰਪ ਉਤੇ ਵਿਛਾਉਣ ਵਿੱਚ ਦਿੱਕਤ ਆਉਣ ਕਰਕੇ ਹੈਵੀ ਅਰਥ ਮੂਵਿੰਗ ਵਹੀਕਲ/ (ਡੋਜਰ ਮਸ਼ੀਨਰੀ) ਦੀ ਜ਼ਰੂਰਤ ਸੀ। ਇਸ ਕੰਮ ਦਾ ਤਖਮੀਨਾ ਰੁਪਏ 30,40,000/- ਦਾ ਵਰਕਸ਼ਾਪ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ।ਜਿਸ ਦੀ ਮੰਜੂਰੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 12.9.2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 12-9-2015 ਰਾਹੀਂ ਰੁਪਏ 30,40,000/- ਦੇ ਤਖਮੀਨੇ ਦੀ ਨਗਰ ਨਿਗਮ ਜਲੰਧਰ ਦੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਇਸ ਕੰਮ ਦਾ ਵਰਕ ਆਡਰ ਮਿਤੀ 10.11.2015 ਨੂੰ ਜਾਰੀ ਕਰ ਦਿੱਤਾ ਗਿਆ ਸੀ ਅਤੇ ਕੰਪਨੀ ਨੇ ਆਪਣਾ ਕੰਮ ਮਿਤੀ 12.11.2015 ਤੋਂ ਮੌਕੇ ਤੇ ਸ਼ੁਰੂ ਕਰ ਦਿੱਤਾ ਗਿਆ ਸੀ। ਜਿਸ ਦੀ ਮਿਆਦ ਮਾਰਚ,2016 ਨੂੰ ਖਤਮ ਹੋ ਰਹੀ ਹੈ।

ਕੇਸ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:42

ਵਿਸ਼ਾ:- ਨਗਰ ਨਿਗਮ ਲਈ ਨਵੀਂ ਮਸ਼ੀਨਰੀ ਦੀ ਖਰੀਦ ਕਰਨ ਬਾਰੇ।

ਵਿਸ਼ੇ ਅਧੀਨ ਹੈਲਥ ਅਫਸਰ ਵਲੋਂ ਲਿਖਤੀ ਰੂਪ ਵਿੱਚ ਦਿੱਤਾ ਹੈ ਕਿ ਸ਼ਹਿਰ ਵਿੱਚ ਜਿਹੜੀਆਂ ਗੱਡੀਆਂ ਕੂੜਾ/ ਮਲਬਾ/ ਗਾਰਬੇਜ਼ ਚੁੱਕਦੀਆਂ ਹਨ, ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੈ ਅਤੇ ਇਹ ਗੱਡੀਆਂ ਜਿਆਦਾਤਰ ਖਰਾਬ ਹੀ ਰਹਿੰਦੀਆਂ ਹਨ, ਜਿਸ ਕਾਰਨ ਕਈ ਬਾਰ ਸ਼ਹਿਰ ਦਾ ਕੂੜਾ ਨਹੀਂ ਚੁਕਿਆ ਜਾਂਦਾ ਹੈ। ਸ਼ਹਿਰ ਵਾਸੀਆਂ ਵਲੋਂ ਇਸ ਸਬੰਧੀ ਬਹੁਤ ਸ਼ਕਾਇਤਾਂ ਆਉਂਦੀਆਂ ਹਨ ਕਿ ਸ਼ਹਿਰ ਦਾ ਕੂੜਾ ਨਹੀਂ ਚੁਕਿਆ ਜਾ ਰਿਹਾ ਹੈ। ਆਮ ਤੋਰ ਤੇ ਅਖਬਾਰਾਂ ਵਿੱਚ ਵੀ ਖਬਰਾਂ ਲਗਦੀਆਂ ਰਹਿੰਦੀਆਂ ਹਨ, ਜਿਸ ਨਾਲ ਨਗਰ ਨਿਗਮ ਦਾ ਅਕਸ ਖਰਾਬ ਹੁੰਦ ਹੈ। ਇਥੇ ਇਹ ਵੀ ਦਸਣ ਯੋਗ ਹੈ ਕਿ ਪਿਛਲੇ 7-8 ਸਾਲਾਂ ਤੋਂ ਨਗਰ ਨਿਗਮ ਵਲੋਂ ਨਵੀਂ ਮਸ਼ੀਨਰੀ ਦੀ ਕੋਈ ਖਰੀਦ ਨਹੀਂ ਕੀਤੀ ਗਈ। ਗੱਡੀਆਂ ਜਿਆਦਾ ਪੁਰਾਣੀਆਂ ਹੋਣ ਕਰਕੇ ਰਿਪੇਅਰ ਦਾ ਖਰਚਾ ਬਹੁਤ ਆ ਰਿਹਾ ਹੈ। ਇਸ ਉਪਰੰਤ ਨਗਰ ਨਿਗਮ ਹਾਊਸ ਦੇ ਮਤਾ ਨੰ: 85 ਮਿਤੀ 08.05.2015 ਰਾਹੀਂ ਜੋ ਨਵੀਂ ਮਸ਼ੀਨਰੀ ਖਰੀਦ ਕੀਤੀ ਜਾਣੀ ਸੀ, ਉਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਗੱਡੀ ਦੀ ਕਿਸਮ	ਗਿਣਤੀ	ਗੱਡੀ ਦੀ ਕੀਮਤ	ਕੁੱਲ ਰਕਮ
1	JS – 205	01	50,00,000/-	50,00,000/-
2	JCB	05	30,00,000/-	1,50,00,000/-
3	Tipper	10	19,00,000/-	1,90,00,000/-
4	D.P	04	15,00,000/-	60,00,000/-
5	Ashok Leyland (Mini Dumper)	30	7,00,000/-	2,10,00,000/-
6	D.P (Big Bin)	2	20,00,000/-	40,00,000/-
	Total Amount			**7,00,00,000/-**

ਇਸ ਉਪਰੰਤ ਸ਼ਹਿਰ ਵਿਚੋਂ ਕੂੜੇ ਦੀ ਲਿਫਟਿੰਗ ਲਈ ਨਵੀਂ ਮਸ਼ੀਨਰੀ ਖਰੀਦ ਕਰਨ ਵਾਸਤੇ ਮਾਨਯੋਗ ਮੇਅਰ ਜੀ, ਕਮਿਸ਼ਨਰ ਜੀ, ਨਿਗਰਾਨ ਇੰਜੀਨੀਅਰ, ਵਰਕਸ਼ਾਪ ਅਤੇ ਹੈਲਥ ਅਫਸਰ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ JS 205, Ashok Leyland, Mini Dump ਅਤੇ Big Bin ਦੀ ਫਿਲਹਾਲ ਅਜੇ ਜਰੂਰਤ ਨਹੀਂ ਹੈ, ਇਹ ਨਾ ਖਰੀਦੀ ਜਾਵੇ। ਇਸ ਦੀ ਜਗ੍ਹਾ ਜਿਸ ਮਸ਼ੀਨਰੀ ਦੀ ਗੱਲੀਆਂ-ਮੁੱਹਲਿਆਂ ਅਤੇ ਡੰਪ ਤੇ ਜਰੂਰਤ ਹੈ, ਉਸ ਅਨੁਸਾਰ ਹੀ ਮਸ਼ੀਨਰੀ ਖਰੀਦੀ ਜਾਵੇ। ਮੀਟਿੰਗ ਵਿੱਚ ਹੇਠ ਲਿਖੀ ਮਸ਼ੀਨਰੀ ਖਰੀਦਨ ਦਾ ਫੈਸਲਾ ਹੋਇਆ:-

ਲੜੀ ਨੰ:	ਗੱਡੀ ਦੀ ਕਿਸਮ	ਗਿਣਤੀ	ਗੱਡੀ ਦੀ ਕੀਮਤ	ਕੁੱਲ ਰਕਮ
1	JCB	2	23,50,000/-	47,00,000/-
2	Tipper (8.5 cum)	4	20,10,237/-	80,40,948/-
3	D.P (Tata 404 Chassis) only	2	10,30,534/-	20,61,068/-
4	Tata Ace (1.8 cum) Hooper Tipper	40	4,47,164/-	1,78,86,560/-
5	Tractor (Mahindera 265 DI)	10	4,18,599/-	41,85,990/-
6	Tractor for Lodder Mahindera Arjun 555	3	6,24,438/-	18,73,314/-
7	Fabrication & Installation of Lodder	3	4,00,000/-	12,00,000/-
8	Trolley	10	2,50,000/-	25,00,000/-
9	Fabrication & Installation of D.P on Chassis	2	4,50,000/-	9,00,000/-
10	Hath Rehda	100		
11	Rickshaw	100		
12	Rickshaw With Bin	30		
	Total Amount			**4,33,47,880/-**

ਇਸ ਮਸ਼ੀਨਰੀ ਵਿਚੋਂ ਲੜੀ ਨੰ: 1 ਅਨੁਸਾਰ ਜੇ.ਸੀ.ਬੀ, ਲੜੀ ਨੰਬਰ 7 ਅਨੁਸਾਰ ਲੋਡਰ ਦਾ ਢਾਂਚਾ, ਲੜੀ ਨੰ: 8 ਅਨੁਸਾਰ ਟਰਾਲੀਆਂ ਅਤੇ ਲੜੀ ਨੰ: 9 ਅਨੁਸਾਰ D.P ਦਾ ਢਾਂਚਾ ਚੈਸੀ ਉਪਰ ਲਗਾਉਣ ਦੇ ਰੇਟ DGS&D ਰੇਟਾਂ ਤੇ ਉਪਲਬੱਧ ਨਹੀਂ ਹਨ। ਇਸ ਕਰਕੇ ਇਨ੍ਹਾਂ ਨੂੰ ਸਿਧੇ ਤੋਰ ਤੇ ਖਰੀਦਿਆ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਲੜੀ ਨੰ: 2 ਤੋਂ ਲੜੀ ਨੰ: 6 ਜਿਵੇਂ ਕਿ Tipper, D. Placer, Tata Ace, Tractor ਅਤੇ Tractor with Lodder ਦੇ ਰੇਟ DGS&D ਰੇਟਾਂ ਤੇ ਮੋਜੂਦ ਹਨ, ਇਨ੍ਹਾਂ ਨੂੰ ਸਿਧੇ ਤੋਰ ਤੇ ਖਰੀਦਿਆ ਜਾ ਸਕਦਾ ਹੈ। ਲੜੀ ਨੰ: 10 ਤੋਂ 12 ਦੀ ਤਜਵੀਜ ਬਣਾਈ ਜਾਵੇਗੀ।

ਲੜੀ ਨੰ: 3 ਅਤੇ ਲੜੀ ਨੰ: 6 ਤੇ ਕੇਵਲ ਚੈਸੀ ਅਤੇ ਟਰੈਕਟਰ DGS&D ਰੇਟਾਂ ਤੇ ਉਪਲਬੱਧ ਹਨ, ਇਨ੍ਹਾਂ ਉਪਰ ਡੰਪਰ ਪਲੇਸਰ ਅਤੇ ਲੋਡਰ ਦਾ ਢਾਂਚਾ ਵਖਰੇ ਤੋਰ ਤੇ ਫੈਬਰੀਕੇਟ ਕਰਾਉਣਾ ਪਵੇਗਾ, ਜਿਸ ਦਾ ਕਿ ਅਲਗ ਖਰਚਾ ਆਵੇਗਾ। ਇਸ ਲਈ ਜੋ ਮਸ਼ੀਨਰੀ DGS&D ਰੇਟਾਂ ਤੇ ਉਪਲਬੱਧ ਹੈ, ਉਸ ਨੂੰ ਸਿਧੇ ਤੋਰ ਤੇ ਖਰੀਦ ਕਰਨ ਦੀ ਮੰਜੂਰੀ ਦਿੱਤੀ ਜਾਵੇ ਅਤੇ ਜੋ ਮਸ਼ੀਨਰੀ DGS&D ਰੇਟਾਂ ਤੇ ਉਪਲਬੱਧ ਨਹੀਂ ਹੈ, ਇਸ ਲਈ ਉਪਰੋਕਤ ਅਨੁਸਾਰ ਤਖਮੀਨਾਂ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 27.1.16 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਨਾਲ ਤਜਵੀਜ ਹਾਊਸ ਵਿਚ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਦੋ ਛੋਟੀਆਂ ਜੈਟਿੰਗ ਮਸ਼ੀਨਾਂ ਫੈਬਰੀਕੇਟ ਕਰਵਾਉਣ ਉਪਰੰਤ ਉਨਾਂ ਤੇ ਆਉਣ ਵਾਲਾ ਖ਼ਰਚਾ ਵੀ ਮੰਜੂਰ ਕੀਤਾ ਜਾਂਦਾ ਹੈ । ਇਸ ਤੋਂ ਇਲਾਵਾ ਦੋ ਛੋਟੀਆਂ ਹਾਈਡਰੋਲਿਕ ਲਿਫਟਾਂ ਸਟਰੀਟ ਲਾਈਟ ਸ਼ਾਖਾ ਅਤੇ ਬਾਗਬਾਨੀ ਸ਼ਾਖਾ ਲਈ ਵੀ ਖ਼ਰੀਦ ਕਰਨ ਤੇ ਆਉਣ ਵਾਲੇ ਖ਼ਰਚੇ ਦੀ ਮੰਜੂਰੀ ਦਿੱਤੀ ਜਾਂਦੀ ਹੈ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 43

ਵਿਸ਼ਾ:- ਨਗਰ ਨਿਗਮ ਲਈ ਡੈਸਟਬਿਨ(ਡੀ.ਪੀ.ਬਿਨ) ਖਰੀਦ ਕਰਨ ਬਾਰੇ ।

ਪੜ੍ਹਿਆ ਦਫਤਰੀ ਨੋਟ ਇੰਸਪੈਕਟਰ ਵਰਕਸ਼ਾਪ ਸ਼ਾਖਾ ਜਿਸ ਨਾਲ ਮੈਨੇਜਰ ਵਰਕਸ਼ਾਪ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਦੇ ਹੈਲਥ ਅਫਸਰ (ਸ਼੍ਰੀ ਐਸ.ਕੇ ਸ਼ਰਮਾ) ਵਲੋ ਲਿਖਤੀ ਰੂਪ ਵਿੱਚ ਦਿੱਤਾ ਹੈ ਕਿ ਸ਼ਹਿਰ ਵਿੱਚ ਜਿਹੜੀਆਂ ਗੱਡੀਆਂ (ਡੰਪਰ ਪਲੇਸਰ) ਕੂੜਾ ਕਰਕਟ ਆਦਿ ਚੁੱਕਦੀਆ ਹਨ ।ਉਹਨਾਂ ਦੇ ਬਿਨ ਟੁੱਟ ਗਏ ਹਨ।ਜਿਸ ਨਾਲ ਸ਼ਹਿਰ ਵਿੱਚੋ ਕੂੜਾ ਕਰਕਟ ਚੁੱਕਣ ਵਿੱਚ ਬਹੁਤ ਮੁਸ਼ਕਲ ਆਉਦੀ ਹੈ।ਸ਼ਹਿਰ ਦੀ ਸਫਾਈ ਨੂੰ ਮੁੱਖ ਰੱਖਦੇ ਹੋਏ ਚਾਰ ਬਿਨ ਖਰੀਦਣੇ ਜਰੂਰੀ ਹਨ।ਲੋਕਲ ਮਾਰਕਿਟ ਵਿੱਚੋ ਕੋਟੇਸ਼ਨ ਪ੍ਰਾਪਤ ਕੀਤੀ ਗਈ। ਕੋਟੇਸ਼ਨ ਦੇ ਅਧਾਰ ਤੇ ਐਸਟੀਮੇਟ ਤਿਆਰ ਕੀਤਾ ਗਿਆ ਜ਼ੋ ਕਿ ਇਕ ਬਿਨ ਤੇ ਲਗਭਗ 41760/- ਖਰਚ ਆਉਣ ਦੀ ਸੰਭਾਵਨਾਂ ਹੈ।ਇਸ ਵਿੱਚ ਬਿਨ ਦਾ ਰੰਗ ਅਤੇ ਨਗਰ ਨਿਗਮ ਦੀ ਛਪਾਈ ਵੀ ਸ਼ਾਮਲ ਹੈ ।

ਲੜੀ ਨੰ	ਇਕ ਬਿਨ ਦੀ ਕੀਮਤ	ਸਾਈਜ	ਗਿਣਤੀ	ਕੁਲ ਰਕਮ
1.	41760/-	87"x 54"	4	1,67,040/-

ਉਪਰੋਕਤ ਅਨੁਸਾਰ ਇਹਨਾਂ ਬਿਨਾਂ ਦੀ ਖਰੀਦ ਕਰਨ ਲਈ ਟੈਡਰ ਲਗਾ ਕੇ ਕੀਤੀ ਜਾਵੇਗੀ ।ਇਸ ਲਈ ਡਸਟਬਿਨ ਦੀ ਖਰੀਦ ਕਰਨ ਲਈ ਰੁਪਏ 1,67,040/- ਦੀ ਮੰਨਜੂਰੀ ਹਾਊਸ ਤੋਂ ਲੋੜੀਂਦੀ ਹੈ।ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 12/12/2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ 14/12/2015 ਰਾਹੀਂ ਡਬਟਬਿਨ ਦੀ ਖਰੀਦ ਕਰਨ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਕੇਸ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 44

ਵਿਸ਼ਾ:- ਨਗਰ ਨਿਗਮ ਲਈ ਡੈਸਟਬਿਨ (ਡੀ.ਪੀ.ਬਿਨ) ਖਰੀਦ ਕਰਨ ਬਾਰੇ ।

ਪੜ੍ਹਿਆ ਦਫਤਰੀ ਨੋਟ ਇੰਸਪੈਕਟਰ ਵਰਕਸ਼ਾਪ ਸ਼ਾਖਾ ਜਿਸ ਨਾਲ ਮੈਨੇਜਰ ਵਰਕਸ਼ਾਪ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਦੇ ਹੈਲਥ ਅਫਸਰ (ਸ਼੍ਰੀ ਐਸ.ਕੇ. ਸ਼ਰਮਾ) ਵਲੋ ਲਿਖਤੀ ਰੂਪ ਵਿੱਚ ਦਿੱਤਾ ਹੈ ਕਿ ਸ਼ਹਿਰ ਵਿੱਚ ਜਿਹੜੀਆਂ ਗੱਡੀਆਂ (ਡੰਪਰ ਪਲੇਸਰ) ਕੂੜਾ ਕਰਕਟ ਆਦਿ ਚੁੱਕਦੀਆ ਹਨ ।ਉਹਨਾਂ ਦੇ ਬਿਨ ਟੁੱਟ ਗਏ ਹਨ।ਜਿਸ ਨਾਲ ਸ਼ਹਿਰ ਵਿੱਚੋ ਕੂੜਾ ਕਰਕਟ ਚੁੱਕਣ ਵਿੱਚ ਬਹੁਤ ਮੁਸ਼ਕਲ ਆਉਦੀ ਹੈ।ਸ਼ਹਿਰ ਦੀ ਸਫਾਈ ਨੂੰ ਮੁੱਖ ਰੱਖਦੇ ਹੋਏ ਚਾਰ ਬਿਨ ਖਰੀਦਣੇ ਜਰੂਰੀ ਹਨ।ਲੋਕਲ ਮਾਰਕਿਟ ਵਿੱਚੋ ਕੋਟੇਸ਼ਨ ਪ੍ਰਾਪਤ ਕੀਤੀ ਗਈ।ਕੋਟੇਸ਼ਨ ਦੇ ਅਧਾਰ ਤੇ ਐਸਟੀਮੇਟ ਤਿਆਰ ਕੀਤਾ ਗਿਆ ਜ਼ੋ ਕਿ ਇਕ ਬਿਨ ਤੇ ਲਗਭਗ 45170/- ਖਰਚ ਆਉਣ ਦੀ ਸਭਾਵਨਾਂ ਹੈ।ਇਸ ਵਿੱਚ ਬਿਨ ਦਾ ਰੰਗ ਅਤੇ ਨਗਰ ਨਿਗਮ ਦੀ ਛਪਾਈ ਵੀ ਸ਼ਾਮਲ ਹੈ ।

ਲੜੀ ਨੰ	ਇਕ ਬਿਨ ਦੀ ਕੀਮਤ	ਸਾਈਜ	ਗਿਣਤੀ	ਕੁਲ ਰਕਮ
1.	45170/-	93"x 54"	4	1,80,680/-

ਉਪਰੋਕਤ ਅਨੁਸਾਰ ਇਹਨਾਂ ਬਿਨਾਂ ਦੀ ਖਰੀਦ ਕਰਨ ਲਈ ਟੈਡਰ ਲਗਾ ਕੇ ਕੀਤੀ ਜਾਵੇਗੀ ।ਇਸ ਲਈ ਡਸਟਬਿਨ ਦੀ ਖਰੀਦ ਕਰਨ ਲਈ ਰੁਪਏ 1,80,680/- ਦੀ ਮੰਨਜੂਰੀ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 12/12/2015 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ 14/12/2015 ਰਾਹੀਂ ਡਬਟਬਿਨ ਦੀ ਖਰੀਦ ਕਰਨ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਕੇਸ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਹਰੇਕ ਵਾਰਡ ਲਈ ਅਜਿਹੇ ਡਸਟਬਿਨ ਖ਼ਰੀਦ ਕੀਤੇ ਜਾਣ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 45

ਵਿਸ਼ਾ:- ਜੇ.ਸੀ.ਬੀ ਮਸ਼ੀਨ JS-140 ਦੀ ਮੁਰੰਮਤ ਬਾਰੇ।

ਪੜਿਆ ਨੋਟ ਨਿਗਰਾਨ ਇੰਜੀਨੀਅਰ ਵਰਕਸ਼ਾਪ ਕਿ ਜੇ.ਸੀ.ਬੀ ਮਸ਼ੀਨ JS-140 ਜ਼ੋ ਕਿ ਵਰਿਆਣਾ ਡੰਪ ਤੇ ਕੁੜੇ ਦੀ ਸਾਂਭ-ਸਭਾਲ ਲਈ ਵਰਤੀ ਜਾਂਦੀ ਹੈ, ਨੂੰ ਓਪਰੇਟਰ ਦੀ ਰਿਪੋਰਟ ਉਪਰੰਤ ਕੰਪਨੀ ਦੇ ਸਰਵਿਸ ਇੰਜੀਨੀਅਰ ਪਾਸੋਂ ਚੈਕ ਕਰਵਾਇਆ ਗਿਆ। ਮਸ਼ੀਨ ਦੇ Travel Motor, Bolt etc. ਬਦਲੀ ਹੋਣ ਵਾਲਾ ਹੈ। ਇਸ ਦੀ ਮੁਰੰਮਤ ਕਰਵਾਉਣਾ ਬਹੁਤ ਜਰੂਰੀ ਹੈ। ਮਸ਼ੀਨ ਦੀ ਮੁਰੰਮਤ ਲਈ ਜ਼ੋ ਸਪੇਅਰ ਲੋੜੀਂਦੇ ਹਨ ਅਤੇ ਸਰਵਿਸ ਇੰਜੀਨੀਅਰ ਨੇ Recommend ਕੀਤੇ ਹਨ, ਦੀ ਖਰੀਦ ਕਰਨ ਲਈ ਮੈਸ: ਸੁਮਿਤ ਅਰਥਮੂਰਵਜ ਪਠਾਨਕੋਟ ਜ਼ੋ ਕਿ ਜੇ.ਸੀ.ਬੀ ਇੰਡੀਆ ਦੇ ਅਧਿਕਾਰਤ ਡੀਲਰ ਹਨ, ਪਾਸੋਂ ਪ੍ਰਫਾਰਮਾਂ ਇੰਨਵਾਇਸ ਲਿਆਦਾ ਗਿਆ ਹੈ। ਜਿਸ ਅਨੁਸਾਰ ਖਰਚ ਰੁਪੈ 1,91,588/- ਦਾ ਆਵੇਗਾ। ਕੰਪਨੀ ਨੂੰ ਅਦਾਇਗੀ ਪਹਿਲਾਂ ਕਰਨੀ ਪਵੇਗੀ ਅਤੇ ਕੰਪਨੀ ਵਲੋਂ ਰੇਟ ਜ਼ੋ ਡਿਲਵਰੀ ਸਮੇਂ ਹੋਣਗੇ, ਲਏ ਜਾਣਗੇ। ਉਪਰੋਕਤ ਮਸ਼ੀਨ ਦੀ ਮੁਰੰਮਤ ਕਰਾਉਣ ਦੀ ਮੰਜੂਰੀ ਦਿੱਤੀ ਜਾਵੇ ਅਤੇ ਰੁਪੈ 1,91,588/- ਬਤੋਰ ਆਰਜੀ ਅਡਵਾਂਸ ਲੈਣ ਦੀ ਮੰਜੂਰੀ ਦਿੱਤੀ ਜਾਵੇ ਜੀ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਇਸ ਕੇਸ ਵਿੱਚ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ, ਇਸ ਲਈ ਇਸ ਦੀ ਮੰਜੂਰੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ ਜੀ।ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 19/10/2015 ਰਾਹੀਂ ਕੇਸ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਲਈ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ 19/10/2015 ਰਾਹੀਂ ਕੇਸ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਕੇਸ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 46

ਵਿਸ਼ਾ:- ਟਾਇਰ ਟਿਊਬ ਦੀ ਖਰੀਦ ਕਰਨ ਬਾਰੇ ।

ਪੜ੍ਹਿਆ ਦਫਤਰੀ ਨੋਟ ਇੰਸਪੈਕਟਰ ਵਰਕਸ਼ਾਪ ਸ਼ਾਖਾ ਜਿਸ ਨਾਲ ਮੈਨੇਜਰ ਵਰਕਸ਼ਾਪ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਕੋਲ 200 ਦੇ ਕਰੀਬ ਵੱਖ-ਵੱਖ ਗੱਡੀਆਂ ਹਨ। ਜਿਸ ਵਿੱਚ ਜੇ.ਸੀ.ਬੀ. ਮਸ਼ੀਨਾਂ, JCB Machine, Tipper, Mini Tipper, Tractor, Trollyes, Water Tanker and Fire Brigade vehicles ਆਦਿ ਹਨ ਜਿਹਨਾਂ ਦੇ ਟਾਇਰ ਟਿਊਬ ਬਹੁਤ ਹੀ ਖਸਤਾ ਹਾਲਤ ਵਿਚ ਹਨ। ਜਿਸ ਕਾਰਨ ਹੈਲਥ ਸ਼ਾਖਾ ਦੀਆਂ ਗੱਡੀਆਂ ਨੂੰ ਕੂੜਾ ਕਰਕਟ ਆਦਿ ਚੁਣ ਵਿਚ ਦਿਕਤ ਆਉਂਦੀ ਹੈ। ਇਸ ਲਈ ਨਗਰ ਨਿਗਮ ਦੀਆਂ ਸੇਵਾਵਾਂ ਆਮ ਪਬਲਿਕ ਲਈ ਜਰੂਰੀ ਹੋਣ ਕਰਕੇ ਉਪਰੋਕਤ ਗੱਡੀਆਂ ਦੇ ਟਾਇਰ ਟਿਊਬ ਪੁਆਉਣੇ ਜਰੂਰੀ ਹਨ। ਇਹਨਾਂ ਗਡੀਆਂ ਦੇ ਟਾਇਰ ਕੰਪਨੀ (M/s Apollo Tyres) ਪਾਸੋਂ ਸਿੱਧੇ ਤੋਰ ਤੇ ਖਰੀਦ ਕੀਤੇ ਜਾ ਸਕਦੇ ਹਨ। ਜਿਸ ਦੇ ਨਾਲ ਨਗਰ ਨਿਗਮ, ਜਲੰਧਰ ਨੂੰ ਇਹ ਟਾਇਰ ਟਿਊਬ ਸਰਕਾਰੀ ਰੇਟਾਂ ਤੋਂ 3% ਘੱਟ ਰੇਟਾ ਤੇ ਮਿਲਣਗੇ । ਜਿਸ ਦਾ ਤਖਮੀਨਾਂ ਰੁਪਏ 41,79,233/- ਦਾ ਤਿਆਰ ਕੀਤਾ ਹੈ । ਇਸ ਲਈ ਇਸ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਤਖਮੀਨੇ ਅਨੁਸਾਰ ਟਾਇਰ ਟਿਊਬ ਸਿੱਧੀ ਤੋਰ ਤੇ ਖ੍ਰੀਦ M/s Apollo Tyres ਪਾਸੋਂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 27/1/2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 47

ਵਿਸ਼ਾ:- ਵਰਿਆਣਾ ਡੰਪ ਵਾਸਤੇ ਹੈਵੀ ਅਰਥ ਮੂਵਿੰਗ ਵਹੀਕਲ/ (ਡੋਜਰ ਮਸ਼ੀਨਰੀ) ਨੂੰ ਹਾਇਰ ਕਰਨ ਬਾਰੇ।

ਪੜ੍ਹਿਆ ਦਫਤਰੀ ਨੋਟ ਇੰਸਪੈਕਟਰ, ਵਰਕਸ਼ਾਪ ਸ਼ਾਖਾ ਜਿਸ ਨਾਲ ਮੈਨੇਜਰ ਵਰਕਸ਼ਾਪ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਸਬੰਧੀ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੀ ਸਿਹਤ/ਸੈਨੀਟੇਸ਼ਨ ਸ਼ਾਖਾ ਵੱਲੋ ਵਰਿਆਣਾ ਡੰਪ ਤੇ ਰਸਤਾ ਬਣਾਉਣ ਅਤੇ ਕੂੜਾ-ਕਰਕਟ ਨੂੰ ਠੀਕ ਤਰਾਂ ਨਾਲ ਡੰਪ ਉਤੇ ਵਿਛਾਉਣ ਵਿੱਚ ਦਿੱਕਤ ਆਉਣ ਕਰਕੇ ਦੋ ਹੈਵੀ ਅਰਥ ਮੂਵਿੰਗ ਵਹੀਕਲ/ (ਡੋਜਰ ਮਸ਼ੀਨਰੀ) ਦੀ ਜ਼ਰੂਰਤ ਸੀ। ਇਸ ਸਮੇਂ ਨਗਰ ਨਿਗਮ ਜਲੰਧਰ ਨੇ ਐਨ.ਆਈ.ਟੀ.ਨੰਬਰ MCJ/W/10/2015 ਰਾਹੀ ਈ-ਟੈਂਡਰ ਲਗਾਇਆ ਸੀ। ਜਿਸ ਦੀ ਮਿਆਦ ਮਾਰਚ, 2016 ਵਿੱਚ ਖਤਮ ਹੋ ਰਹੀ ਹੈ। ਸਿਹਤ ਸ਼ਾਖਾ ਦੀ ਰਿਪੋਰਟ ਮੁਤਾਬਿਕ ਵਰਿਆਣਾ ਡੰਪ ਤੇ ਕੰਮ ਅਧੂਰਾ ਹੈ। ਇਸ ਲਈ ਇਸ ਕੰਮ ਦਾ ਇਕ ਸਾਲ ਲਈ ਦੋ ਹੈਵੀ ਅਰਥ ਮੂਵਿੰਗ ਵਹੀਕਲ/ (ਡੋਜਰ ਮਸ਼ੀਨਰੀ) ਦਾ ਤਖਮੀਨਾ ਰੁਪਏ 70,52,000/- ਵਰਕਸ਼ਾਪ ਸ਼ਾਖਾ ਵਲੋਂ ਤਿਆਰ ਕੀਤਾ ਗਿਆ।

ਇਸ ਦੇ ਸਬੰਧ ਵਿਚ ਉਪਰੋਕਤ 2 ਹੈਵੀ ਅਰਥ ਮੂਵਿੰਗ ਵਹੀਕਲ (ਡੋਜਰ ਮਸ਼ੀਨਰੀ) ਨੂੰ ਹਾਇਰ ਕਰਨ ਦਾ ਕੰਟਰੈਕਟ (ਇੱਕ ਸਾਲ) ਵਾਸਤੇ ਤਖਮੀਨਾਂ ਰੁਪਏ 70,52,000/- ਤਿਆਰ ਕੀਤਾ ਗਿਆ ਹੈ। ਜਿਸ ਅਨੁਸਾਰ ਕੰਪਨੀ ਨੂੰ ਕੰਮ ਦੇ ਅਧਾਰ ਤੇ ਇੱਕ ਡੋਜਰ ਪ੍ਰਤੀ ਮਹੀਨਾਂ ਰੁਪਏ 2,88,000/- ਦਾ ਭੁਗਤਾਨ ਕੀਤਾ ਜਾਵੇਗਾ। ਇਥੇ ਇਹ ਦੱਸਣਯੋਗ ਹੈ ਕਿ ਇਸ ਕੰਮ ਲਈ ਕਿਸੇ ਵੀ ਤਰ੍ਹਾਂ ਦੀ ਰਿਪੇਅਰ ਅਤੇ ਡੀਜਲ ਆਦਿ ਦਾ ਖਰਚਾ ਨਗਰ ਨਿਗਮ ਵਲੋਂ ਨਹੀਂ ਦਿੱਤਾ ਜਾਵੇਗਾ। ਇਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਹ ਕੰਮ ਪ੍ਰਵਾਨਗੀ ਹੋਣ ਉਪਰੰਤ ਦੋ ਅਖਬਾਰਾਂ (ਹਿੰਦੀ ਅਤੇ ਪੰਜਾਬੀ) ਰਾਹੀਂ ਟੈਂਡਰ ਮੰਗਣ ਉਪਰੰਤ ਘੱਟ ਅਤੇ ਵਾਜਿਬ ਰੇਟਾਂ ਵਾਲੀ ਫਰਮ ਤੋਂ ਸਪੈਸੀਫਿਕੇਸ਼ਨ ਅਨੁਸਾਰ ਕਰਵਾਇਆ ਜਾਵੇਗਾ। ਇਸ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਗੀ ਦੀ ਆਸ ਤੇ ਮੰਜੂਰ ਕੀਤਾ ਜਾਵੇ। ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 27/1/2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 48

ਵਿਸ਼ਾ:- ਲੁਬਰੀਕੈਂਟ ਤੇਲ ਖਰੀਦ ਕਰਨ ਬਾਰੇ ।

ਪੜ੍ਹਿਆ ਦਫਤਰੀ ਨੋਟ ਇੰਸਪੈਕਟਰ, ਵਰਕਸ਼ਾਪ ਸ਼ਾਖਾ ਜਿਸ ਨਾਲ ਮੈਨੇਜਰ ਵਰਕਸ਼ਾਪ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਕੋਲ 180 ਦੇ ਕਰੀਬ ਵੱਖ-ਵੱਖ ਗੱਡੀਆਂ ਹਨ।ਜਿਸ ਵਿੱਚ 17 ਜੇ.ਸੀ.ਬੀ. ਮਸ਼ੀਨਾਂ ਹਨ ਜਿਹਨਾਂ ਦੀ ਸਰਵਿਸ ਕਰਵਾਇਆ ਨੂੰ ਲਗਭਗ 10 ਮਹੀਨਿਆ ਤੋ ਜਿਆਦਾ ਸਮਾਂ ਹੋ ਗਿਆ ਹੈ ।ਇਹਨਾਂ ਜੇ.ਸੀ.ਬੀ. ਮਸ਼ੀਨਾਂ ਦੀ ਸਰਵਿਸ ਕਰਵਾਉਣ ਵਾਸਤੇ ਇਕ ਜੇ.ਸੀ.ਬੀ.ਮਸ਼ੀਨ ਲਈ ਲਗਭਗ 180 ਲਿਟਰ ਵੱਖ-ਵੱਖ ਲੁਬਰੀਕੈਂਟ ਤੇਲ ਦੀ ਜਰੂਰਤ ਹੈ 17 ਜੇ.ਸੀ.ਬੀ. ਮਸ਼ੀਨਾਂ ਦੀ ਸਰਵਿਸ ਲਈ 29 ਡਰੰਮ ਅਤੇ ਸਮੇਂ ਦੀ ਖਪਤ ਲਈ 6 ਡਰੰਮ ਲੁਬਰੀਕੈਂਟ ਤੇਲ ਦੀ ਜਰੂਰਤ ਹੈ । ਇਹ ਤੇਲ ਕੰਪਨੀ (M/s Bharat Petroleum) ਦੇ ਅਧਿਕਾਰਤ Dealer ਪਾਸੋਂ ਖਰੀਦ ਕੀਤਾ ਜਾ ਸਕਦਾ ਹੈ।ਜਿਸ ਦਾ ਤਖਮੀਨਾਂ ਹੇਠ ਲਿਖੇ ਅਨੁਸਾਰ ਹੈ ।

S. No.	Type of Fuel	No. of Barrel	Price per Barrel	Total Amount
1	Engine Oil 20W40	3	26700	80100
2	Engine Oil 15W40	3	29700	89100
3	Hydrulic Oil 68	3	22150	66450
4	Grease MP 3	1	28800	28800
5	JCB - Transmission Oil -TQ	3	32150	96450
6	JCB - Axle Oil EP-80	3	30850	92550
7	JCB- Hydrulic Oil 46/32	16	21950	351200
8	Break Oil - 12 Liter - 24 Pc.	3 Packet	3450	10350
	Total Amount	**32**		**8,15,000/-**

ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 27/1/2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।
ਮਾਨਯੋਗ ਮੇਅਰ ਜੀ ਦੇ ਆਦੇਸ਼ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:49

ਵਿਸ਼ਾ :- ਵੱਖ-ਵੱਖ ਗੱਡੀਆ/ਜੇ.ਸੀ.ਬੀ.ਮਸ਼ੀਨਾਂ ਦਾ ਉਪਰੇਸ਼ਨ ਕੰਟਰੈਕਟ ਦਾ ਟੈਂਡਰ ਲਗਵਾਉਣ ਬਾਰੇ।

ਪੜ੍ਹਿਆ ਦਫਤਰੀ ਨੋਟ ਇੰਸਪੈਕਟਰ, ਵਰਕਸ਼ਾਪ ਸ਼ਾਖਾ ਜਿਸ ਨਾਲ ਮੈਨੇਜਰ ਵਰਕਸ਼ਾਪ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ, ਜਲੰਧਰ ਕੋਲ ਹੇਠ ਲਿਖੇ ਅਨੁਸਾਰ ਮਸ਼ੀਨਰੀ ਜਿਸ ਨੂੰ ਚਲਾਉਣ ਲਈ ਆਉਟ ਸੋਰਸਿੰਗ ਰਾਂਹੀ ਉਪਰੇਟਰ/ਡਾਈਵਰ/ਹੈਲਪਰ ਰੱਖੇ ਗਏ ਹਨ ਜਿੰਨਾਂ ਦਾ ਕੰਟਰੈਕਟ 29.02.2016 ਨੂੰ ਖਤਮ ਹੋਣ ਜਾ ਰਿਹਾ ਹੈ ।ਇਹ ਕੰਟਰੈਕਟ ਪਿਛਲੇ ਕਾਫੀ ਸਾਲਾਂ ਤੋ ਥੋੜੇ-ਥੋੜੇ ਸਮੇਂ ਲਈ ਅੱਲਗ-ਅੱਲਗ ਫਾਈਲਾ ਤਿਆਰ ਕਰਕੇ ਅਲੱਗ-ਅਲੱਗ ਏਜੰਸੀਆਂ/ਠੇਕੇਦਾਰਾ ਰਾਹੀਂ ਕੀਤਾ ਜਾਂਦਾ ਸੀ।ਇਹ ਮਸ਼ੀਨਰੀ ਜਦੋਂ ਤੋਂ ਖ੍ਰੀਦ ਕੀਤੀ ਗਈ ਸੀ ਉਦੋਂ ਤੋਂ ਹੀ ਆਉਟ ਸੋਰਸਿੰਗ ਉਪਰੇਟਰਾ/ਡਰਾਈਵਰਾਂ ਰਾਹੀ ਚਲਾਈ ਜਾਦੀ ਹੈ। ਇਸ ਲਈ ਇਹਨਾਂ ਗੱਡੀਆਂ/ਮਸ਼ੀਨਰੀ ਨੂੰ ਆਉਟ ਸੋਰਸਿੰਗ ਰਾਹੀਂ ਕੰਟਰੈਕਟ ਕਰਕੇ ਚਲਾਉਣ ਦੀ ਤਜਵੀਜ ਹੈ।ਇਹ ਲਈ ਮਿਤੀ: 01.03.2016 ਤੋਂ 28.02.2018 (ਦੋ ਸਾਲਾਂ) ਵਾਸਤੇ ਤਖਮੀਨਾਂ ਤਿਆਰ ਕੀਤਾ ਗਈ ਹੈ।ਜੋ ਕਿ ਹੇਠ ਲਿਖੇ ਅਨੁਸਾਰ ਹੈ।

S.No.	Type of Vehicle	Rate Per Driver	Nos. of Driver	Total Amount
1	JCB Operator	9645.00	14	135030.00
2	Jetting Machine - 9868	9645.00	1	9645.00
3	Crane Operator	9645.00	1	9645.00
4	Crane Helper	6936.00	1	6936.00
5	Road Roller	9645.00	2	19290.00
6	Wahing Boy	6936.00	1	6936.00
7	Tyre Man	6936.00	1	6936.00
8	Tata Ace (1.8 Cum)- Hopper Tipper	9645.00	20	192900.00
	Total		**41**	387318.00
		EPF & ESI @ 18.36%		71111.58
				458429.58
		Variation in Minimum Wages @ 15%		**68764.44**
		Contractor Profit @ 10%		**38731.80**
	Total Amount for one Month			**565925.82**
	Total Amount for 24 Months			**1,35,82,220/-**

ਇਸ ਦੇ ਸਬੰਧ ਵਿਚ ਉਪਰੋਕਤ ਮਸ਼ੀਨਰੀ ਦਾ ਉਪਰੇਸ਼ਨ ਦਾ ਕੰਟਰੈਕਟ ਮਿਤੀ: 01.03.2016 ਤੋਂ 28.02.2018 (ਦੋ ਸਾਲਾਂ) ਵਾਸਤੇ ਤਖਮੀਨਾਂ ਰੁਪਏ **1,35,82,220/-** ਤਿਆਰ ਕੀਤਾ ਗਿਆ ਹੈ । ਜਿਸ ਅਨੁਸਾਰ ਪ੍ਰਤੀ ਮਹੀਨਾਂ ਰੁਪਏ **5,65,926/-** ਦਾ ਖਰਚਾ ਆਵੇਗਾ ।ਇਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ।ਇਹ ਕੰਮ ਪ੍ਰਵਾਨਗੀ ਹੋਣ ਉਪਰੰਤ ਦੋ ਅਖਬਾਰਾਂ (ਹਿੰਦੀ ਅਤੇ ਪੰਜਾਬੀ) ਰਾਹੀਂ ਟੈਂਡਰ ਮੰਗਣ ਉਪਰੰਤ ਘੱਟ ਅਤੇ ਵਾਜਿਬ ਰੇਟਾਂ ਵਾਲੀ ਫਰਮ ਤੋਂ ਸਪੈਸੀਫਿਕੇਸ਼ਨ ਅਨੁਸਾਰ ਕਰਵਾਇਆ ਜਾਵੇਗਾ। ਇਸ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਜਾਵੇ। ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 27/1/2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਲਿਖਿਆ ਹੈ ਕਿ ਲੜੀ ਨੰ: 8 ਲਈ ਨਗਰ ਨਿਗਮ ਦੇ ਡਰਾਈਵਰਾਂ ਤੋਂ ਕੰਮ ਲਿਆ ਜਾਵੇ ਅਤੇ ਜੇਕਰ ਉਹ ਉਪਲੱਬਧ ਨਾ ਹੋ ਸਕਣ ਤਾਂ ਇਹ ਤਜ਼ਵੀਜ਼ ਵਿਚਾਰੀ ਜਾਵੇ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:50

Subject: Providing adequate land for the installation of CNG Station in respect of pending matter of Jatinder Moudgil Vs. Union of India vide CWP no. 13490 of 2008.

Read note Manager City Bus Service, that kindly refer to the direction of the Hon'ble Punjab and Haryana High Court in the case of the above said writ petition by which, it has been ordered that to minimize the pollution in the cities, the modes of Public Transport should be converted from diesel to CNG means with immediate effect. For this purpose, it was directed that Municipal Corporation, Jalandhar had to provide the suitable land for the installation and construction of CNG Station to M/s Gail Gas Ltd. In this context, Municipal Corporation, Jalandhar singed a tri party Memorandum of Agreement (MOA) and CNG Sale Agreement with M/s GAIL GAS Ltd. and M/s Jalandhar City Transport Services Ltd., Jalandhar on 13.08.2012 and 23.11.2012 respectively, after getting approval from House.

As per letter dated 5th February, 2014 vide no. L-16021/9/2013-GP of Ministry of Petroleum & Natural Gas, Govt. of India written to M/s Gail Gas Ltd, the only entity who are authorized by PNGRB under PNGRB Act, 2006 to establish a city or local gas distribution network in their respective geographical area can set up a new CNG station till further order. Further, M/s Jay Madhok Energy Pvt. Ltd. approached to Municipal Corporation Jalandhar that PNGRB (Regulatory body to establish the CGD Network in Country) authorized their firm vide letter no. Infra/CGD/BID/R-3/7/GA/Jalandhar/01/2013 dated 06.09.2013) and give exclusive rights for five years to develop the CGD (City or Local Natural Gas Distribution) network in Jalandhar area.

Now the Hon'ble High Court gave further direction on 03.11.2015 to provide the land for setting up the CNG station to M/s Jay Madhok Energy Pvt. Ltd as this firm is authorized to establish the CGD Network in Jalandhar area.

Further, it is pertinent to mention here that no lease/rent/revenue sharing or any cost benefits in lieu of the land plot offered to M/s Jay Madhok Energy Pvt. Ltd. shall be payable to MC, Jalandhar.

Hence, to comply with the direction given by Hon'ble Punjab & Haryana High Court dated 03.11.2015 regarding giving land to M/s Jay Madhok Energy Pvt. Ltd., we are to revoke the agreement already executed with M/s Gail Gas Ltd so that the fresh Memorandum of Understanding (MoU) may be with M/s Jay Madhok Energy Pvt. Ltd. before next date of hearing i.e. 15.01.201. S.E (B&R) may be authorized to sign the MOU with M/s Jay Madhok Energy Pvt. Ltd. The approval of Municipal Corporation may please be accorded in anticipation of the House Meeting keeping in the view the urgency of the Court case. Thereafter the final approval of the Municipal Corporation will be sought. The Commissioner has approved the proposal on 12.1.2016. The Learned Mayor vide his orders dated 13.1.2016 has approved the above proposal in the aniticipation approval of the House.

The Proposal is submitted for final approval in the General House.

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:51

ਵਿਸ਼ਾ: ਨਗਰ ਨਿਗਮ, ਜਲੰਧਰ ਦੇ ਬਿਲਡਿੰਗ ਬਾਈਲਾਜ਼ ਸਾਲ 2011 ਵਿਚ ਸਜ਼ਾ ਦਾ ਉਪਬੰਧ ਕਰਨ ਬਾਰੇ ।

ਪੜਿਆ ਨੋਟ ਮਿਉਂਸਪਲ ਟਾਊਨ ਪਲੈਨਰ ਜਿਸ ਨਾਲ ਸੀਨਿਅਰ ਟਾਊਨ ਪਲੈਨਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਨਗਰ ਨਿਗਮ, ਜਲੰਧਰ ਦੇ ਬਿਲਡਿੰਗ ਬਾਈਲਾਜ਼ ਸਾਲ 2011 ਵਿਚ ਸਜ਼ਾ ਦਾ ਕੋਈ ਉਪਬੰਧ ਨਹੀਂ ਹੈ । ਜਿਸ ਕਾਰਣ ਇਹਨਾਂ ਬਿਲਡਿੰਗ ਬਾਈਲਾਜ਼ ਨੂੰ ਲਾਗੂ ਕਰਨ ਵਿਚ ਦਿੱਕਤ ਆ ਰਹੀ ਹੈ । ਇਸ ਲਈ ਇਹਨਾ ਬਿਲਡਿੰਗ ਬਾਈਲਾਜ਼ ਵਿਚ ਸਜਾ ਦਾ ਉਪਬੰਧ ਕਰਨ ਲਈ ਪਨੈਲਟੀ ਕਲਾਜ ਹੇਠ ਲਿਖੇ ਅਨੁਸਾਰ ਨਗਰ ਨਿਗਮ ਐਕਟ 1976 ਦੀ ਧਾਰਾ 401 ਤਹਿਤ ਦਰਜ ਕਰਨ ਲਈ ਨਗਰ ਨਿਗਮ ਹਾਊਸ ਦੀ ਮਨਜ਼ੂਰੀ ਹਿੱਤ ਪੇਸ਼ ਹੈ ਜੀ :-

"Whosoever violates any provision of that Bye-laws shall be penalized as per the provisions of the act".

ਕਮਿਸ਼ਨਰ ਜੀ ਨੇ ਮਿਤੀ 27.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।
ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਵਿਚਾਰਣ ਉਪਰੰਤ ਇਹ ਤਜ਼ਵੀਜ਼ ਲੰਬਿਤ ਰੱਖੀ ਜਾਂਦੀ ਹੈ ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:52

ਵਿਸ਼ਾ:- ਮਾਸਟਰ ਪਲੈਨ ਜਲੰਧਰ (2009-2031) ਅਨੁਸਾਰ ਕਾਰੋਬਾਰੀ ਨਕਸ਼ੇ ਪਾਸ ਕਰਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਦੇ ਮੱਦੇਨਜਰ ਮਾਸਟਰ ਪਲੈਨ ਵਿੱਚ ਸੋਧ ਕਰਨ ਸਬੰਧੀ।(ਤਜਵੀਜ)

ਪੜਿਆ ਨੋਟ ਮਿਉਂਸਪਲ ਟਾਊਨ ਪਲੈਨਰ ਜਿਸ ਨਾਲ ਸੀਨਿਅਰ ਟਾਊਨ ਪਲੈਨਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਟਾਊਨ ਐਂਡ ਕੰਟਰੀ ਪਲੈਨਿੰਗ ਵਿਭਾਗ, ਪੰਜਾਬ ਵਲੋਂ ਜਲੰਧਰ ਸ਼ਹਿਰ ਦਾ ਮਾਸਟਰ ਪਲੈਨ ਤਿਆਰ ਕੀਤਾ ਗਿਆ ਸੀ ਜ਼ੋ ਕਿ ਨੋਟੀਫਿਕੇਸ਼ਨ ਨੰ: 6436-CTP(PB)/SJ-3 ਮਿਤੀ 23.08.2010 ਅਨੁਸਾਰ ਸਰਕਾਰ ਵਲੋਂ ਨੋਟੀਫਾਈ ਕੀਤਾ ਗਿਆ ਸੀ। ਮਾਸਟਰ ਪਲੈਨ ਜਲੰਧਰ ਦੇ ਚੈਪਟਰ ਨੰ: 14.2.4 ਵਿੱਚ ਕਾਰੋਬਾਰੀ ਨਕਸ਼ੇ ਪਾਸ ਕਰਨ ਸਬੰਧੀ ਕੰਟਰੋਲ ਰੈਗੂਲੇਸ਼ਨਜ਼ ਦਿੱਤੇ ਗਏ ਹਨ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

14.2.4 Commercial

Commercial uses in residential zones located within the Municipal Limits shall be allowable along 80feet wide roads with minimum 20m frontage. The area requirements for such Commercial developments shall be as per the Municipal's rules and regulations.

For stand alone commercial complexes with height greater than three story within as well as outside the Municipal limits, the additional criteria listed in following table shall apply.

Additional Criteria for stand-alone commercial complexes (more then three story)

Item	Permissible Norms/Standards
Minimum Plot size	1000 sq.m.
Minimum frontage	20 m
FAR	1:1.75
Maximum Ground coverage	40 %
Parking	For project with no multiplexes, the minimum parking shall be 2 ECS per 100 sq.m. covered area (including circulation area) For projects with Multiplexes/Cinemas/Theatres, the minimum parking shall be: b) 3 ECS per 100 sq.m. of covered area, in respect of the covered area of the multiplex component + 30% of the total covered area of that components and. c) 2 ECS per 100 sq.m. of covered area, in respect of balance commercial components and circulation area. Parking norms within the Municipal limits shall be the same a that notified by the Department of Local Government. Total parking requirement shall be provided in the compulsory front set back and within the development site boundary or in the basement.
Landscaping	If the site area is one acre or above, minimum 15% of the total area is to be reserved for landscaping purposes.
For movement of the tender	The minimum setback distance is to comply with the existing norms and standards

Note;

The ECS are counted as below:

- 23 Square meters for open parking
- 28 Square meters for parking under stilling on ground floor
- 32 Square meters for parking in the basement.

<u>At Local level</u>

There will be provisions for small scale, double storey commercial facilities at the local level within as well as outside the Municipal limits. Subject to the condition that abutting road shall have a minimum width of 18 m with minimum 6 m front road purposes.

There commercial facilities are intended to serve the needs of local residents only and will not be shown separately on the Draft Master Plan. Instead, they are subsumed under the predominant residential Land use.

ਉਪਰੋਕਤ ਤੋਂ ਇਲਾਵਾ ਮਾਸਟਰ ਪਲੈਨ ਦੇ ਚੈਪਟਰ ਨੰ: 13.4.2 Governing Prinicples for Mixed Land Use ਵਿੱਚ ਦਿੱਤੇ ਗਏ ਨੋਟ "However the commercial activity existing in commercial mix use streets/localities at the time of final approval of this Master Plan may continue to exist without any further extension/expansion, But in case of approval of new commercial activity/any addition to the existing commercial activity. The condition of minimum width of 10 meters shall apply".

ਉਪਰੋਕਤ ਦਰਸਾਏ ਰੈਗੂਲੇਸ਼ਨ ਦੇ ਆਧਾਰ ਤੇ ਕਮਰਸ਼ੀਅਲ ਕਿਸਮ ਏਰੀਏ ਅਤੇ ਰਿਹਾਇਸ਼ੀ ਏਰੀਏ (ਮੰਜੂਰ ਸੁਦਾ ਟੀ.ਪੀ.ਸਕੀਮਾਂ, ਨਗਰ ਸੁਧਾਰ ਟਰੱਸਟ ਦੀਆਂ ਵਿਕਾਸ ਸਕੀਮਾਂ, ਅਰਬਨ ਅਸਟੇਟਸ ਅਤੇ ਕਲੋਨੀਆਂ ਤੋਂ ਇਲਾਵਾ) ਵਿੱਚ ਕਾਰੋਬਾਰੀ ਨਕਸ਼ੇ ਪਾਸ ਕੀਤੇ ਜਾਂਦੇ ਹਨ।

ਮਿਕਸ ਲੈਂਡ ਯੂਜ਼ ਏਰੀਏ ਵਿੱਚ ਸੜਕਾਂ ਦੀ ਚੋੜਾਈ 10 ਮੀਟਰ ਨਾ ਹੋਣ ਕਾਰਨ ਅਤੇ ਰਿਹਾਇਸ਼ੀ (ਨਾਨ-ਸਕੀਮ) ਇਲਾਕਿਆ ਵਿੱਚ ਜਿੰਨਾ ਸੜਕਾਂ ਦੀ ਚੋੜਾਈ 18 ਮੀਟਰ ਤੋਂ ਘੱਟ ਹੈ ਉਹਨਾਂ ਸੜਕਾਂ ਤੇ ਨਗਰ ਨਿਗਮ ਵਲੋਂ ਕਾਰੋਬਾਰੀ ਨਕਸ਼ੇ ਪਾਸ ਨਹੀਂ ਕੀਤੇ ਜਾ ਰਹੇ ਇਸ ਤੋਂ ਇਲਾਵਾ ਜੇਕਰ ਸੜਕ ਦੀ ਚੋੜਾਈ 60' ਵੀ ਹੋਵੇ ਤਾਂ ਆਮ ਤੋਰ ਤੇ ਪਲਾਟਾਂ ਦੀ ਡੂੰਘਾਈ ਘੱਟ ਹੋਣ ਕਾਰਨ 6 ਮੀਟਰ ਦੇ ਫਰੰਟ ਸੈਟਬੈਕ ਦੀ ਸ਼ਰਤ ਪੂਰੀ ਨਾ ਹੋਣ ਕਾਰਨ ਕਾਰੋਬਾਰੀ ਨਕਸ਼ੇ ਪਾਸ ਨਹੀਂ ਕੀਤੇ ਜਾਂਦੇ। ਕਿਉਂਕਿ ਮਾਸਟਰ ਪਲੈਨ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦਾ। ਜ਼ਦ ਕਿ ਅਜਿਹੀਆ ਸੜਕਾਂ ਜਿੰਨਾਂ ਤੇ ਪਹਿਲਾ ਤੋਂ ਕਾਰੋਬਾਰੀ ਅਦਾਰੇ ਚੱਲ ਰਹੇ ਹਨ। ਉਨਾਂ ਸੜਕਾਂ ਤੇ ਕਾਰੋਬਾਰ ਨਕਸ਼ੇ ਪਾਸ ਨਾ ਹੋਣ ਕਾਰਨ ਆਮ ਜਨਤਾ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਉਂਕਿ ਕੋਈ ਵੀ ਵਿਅਕਤੀ ਜਿਸ ਨੇ ਪਲਾਟ ਕਾਰੋਬਾਰੀ ਮੰਤਵ ਲਈ ਖਰੀਦਿਆ ਹੈ ਜਾਂ ਜਿਸ ਦੇ ਪਲਾਟ ਦੇ ਆਲੇ-ਦੁਆਲੇ ਪਹਿਲਾਂ ਤੋਂ ਕਾਰੋਬਾਰੀ ਅਦਾਰੇ ਚਲ ਰਹੇ ਹਨ, ਉਹ ਵਿਅਕਤੀ ਆਪਣੇ ਪਲਾਟ ਵਿੱਚ ਰਿਹਾਇਸ਼ੀ ਉਸਾਰੀ ਨਹੀਂ ਕਰੇਗਾ ਜਿਸ ਨਾਲ ਅਣ-ਅਧਿਕਾਰਤ ਉਸਾਰੀਆਂ ਨੂੰ ਬਲ ਮਿਲਦਾ ਹੈ ਅਤੇ ਇਸ ਨਾਲ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਵੀ ਹੁੰਦਾ ਹੈ।

ਉਪਰੋਕਤ ਤੋਂ ਇਲਾਵਾ 80'-0" ਜਾਂ ਇਸ ਤੋਂ ਵੱਧ ਚੌੜੀਆਂ ਸੜਕਾਂ ਤੇ ਪੈਂਦੇ ਜਿਨਾਂ ਪਲਾਟਾਂ ਦਾ ਫਰੰਟ 20 ਮੀਟਰ ਤੋਂ ਘੱਟ ਹੁੰਦਾ ਹੈ। ਉਹਨਾਂ ਦੇ ਮਲਟੀਸਟੋਰੀ ਬਿਲਡਿੰਗਾਂ ਦੇ ਨਕਸ਼ੇ ਪਾਸ ਕਰਨ ਵਿੱਚ ਦਿੱਕਤ ਆਉਂਦੀ ਹੈ। ਕਿਉਂਕਿ ਕਈ ਵਾਰ ਮੌਕੇ ਦੀ ਸਥਿਤੀ ਤੇ ਮੱਦੇ ਨਜਰ ਪਲਾਟ ਦਾ ਫਰੰਟ 20 ਮੀਟਰ ਕਰਨਾ ਸੰਭਵ ਨਹੀਂ ਹੁੰਦਾ। ਇਸ ਲਈ ਇਸ ਸ਼ਰਤ ਨੂੰ ਵੀ ਖਤਮ ਕੀਤਾ ਜਾਣਾ ਬਣਦਾ ਹੈ।

ਉਪਰੋਕਤ ਦੇ ਮੱਦੇ ਨਜਰ ਤਜਵੀਜ ਕੀਤਾ ਜਾਂਦਾ ਹੈ ਕਿ :-

1. ਜਿਹੜੀਆਂ ਸੜਕਾਂ ਤੇ ਪਹਿਲਾਂ ਤੋਂ ਕਾਰੋਬਾਰੀ ਗਤੀਵਿਧੀਆਂ ਚੱਲ ਰਹੀਆਂ ਹਨ (ਮਿਕਸ ਲੈਂਡ ਯੂਜ਼ ਹੈ) ਉਹਨਾਂ ਤੇ ਸੜਕਾਂ ਤੇ ਸੜਕ ਦੀ ਚੋੜਾਈ (60'-0") ਅਤੇ ਘੱਟ ਤੋਂ ਘੱਟ ਸੈਟਬੈਕ (6 ਮੀਟਰ) ਦੀ ਸ਼ਰਤ ਖਤਮ ਕੀਤੀ ਜਾਵੇ ਅਤੇ ਬਿਲਡਿੰਗ ਬਾਈਲਾਜ ਅਨੁਸਾਰ ਬਣਦੀ ਪਾਰਕਿੰਗ ਅਤੇ ਐਫ.ਏ.ਆਰ. ਅਨੁਸਾਰ ਨਕਸ਼ੇ ਪਾਸ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।
2. ਪਲਾਟ ਦਾ ਫਰੰਟ ਘੱਟ ਤੋਂ ਘੱਟ 20 ਮੀਟਰ ਹੋਣ ਸਬੰਧੀ ਸ਼ਰਤ ਖਤਮ ਕੀਤੀ ਜਾਵੇ।

ਉਪਰੋਕਤ ਅਨੁਸਾਰ ਮਾਸਟਰ ਪਲੈਨ ਵਿੱਚ ਸੋਧ ਕੀਤੀ ਜਾਵੇ। ਇਸ ਨਾਲ ਆਮ ਜਨਤਾ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦਾ ਹਲ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਵੀ ਹੋਵੇਗਾ।ਮਾਮਲਾ ਨਗਰ ਨਿਗਮ ਹਾਊਸ ਦੇ ਸਨਮੁੱਖ ਵਿਚਾਰ ਹਿੱਤ ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 27.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਮਾਮਲਾ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:53

ਵਿਸ਼ਾ:- ਅਣ-ਅਧਿਕਾਰਤ ਕਲੋਨੀਆਂ ਵਿੱਚ ਪੈਂਦੇ ਪਲਾਟਾਂ /ਬਿਲਡਿੰਗਾਂ ਨੂੰ ਰੈਗੂਲਾਇਜੇਸ਼ਨ ਪਾਲਿਸੀ ਦੀ ਮਿਆਦ ਖਤਮ ਹੋਣ ਉਪਰੰਤ ਨਕਸ਼ਿਆਂ ਦੀ ਪ੍ਰਵਾਨਗੀ ਕਰਨ ਸਬੰਧੀ। (ਤਜਵੀਜ)

ਪੜਿਆ ਨੋਟ ਮਿਉਂਸਪਲ ਟਾਊਨ ਪਲੈਨਰ ਜਿਸ ਨਾਲ ਸੀਨਿਅਰ ਟਾਊਨ ਪਲੈਨਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਪੰਜਾਬ ਸਰਕਾਰ ਵਲੋਂ ਅਣ-ਅਧਿਕਾਰਤ ਕਲੋਨੀਆਂ ਵਿੱਚ ਪੈਂਦੇ ਏਰੀਏ ਨੂੰ ਮੁੱਢਲੀਆਂ ਸਹੂਲਤਾਂ ਮੁਹਾਇਆ ਕਰਵਾਉਣ ਲਈ ਪੰਜਾਬ ਲਾਅਜ (ਸਪੈਸ਼ਲ ਪ੍ਰੋਵਿਜਨ ਐਕਟ 2013) ਵਿੱਚ ਅਮਲ ਵਿੱਚ ਲਿਆਂਦਾ ਗਿਆ ਸੀ। ਇਸ ਕਾਨੂੰਨ ਤਹਿਤ ਨੋਟੀਫਿਕੇਸ਼ਨ ਨੰ: 12/2/13-4 HG 2/3052 ਮਿਤੀ 21.08.2013 ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ: ਅਤੇ ਇਸ ਵਿੱਚ ਸ਼ੋਧ ਕਰਦੇ ਹੋਏ 12/2/13-5 HG 2/4017 ਮਿਤੀ 05.11.2013 ਜਾਰੀ ਕੀਤੀ ਗਈ ਸੀ। ਇਸ ਨੋਟੀਫਿਕੇਸ਼ਨ ਦੀ ਮਿਆਦ ਖੱਤਮ ਹੋਣ ਉਪਰੰਤ ਦੁਬਾਰਾ ਨੋਟੀਫਿਕੇਸ਼ਨ ਨੰ: 12/2/13-5 HG 2/332385/1 ਮਿਤੀ 28.10.2014 ਨੂੰ ਇਹ ਪਾਲਿਸੀ ਰਾਹੀਂ ਸ਼ਹਿਰ ਵਿੱਚ ਅਣ-ਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਅਤੇ ਇਹਨਾਂ ਵਿੱਚ ਪੈਂਦੇ ਪਲਾਟਾਂ ਨੂੰ ਨਿਯਮਤ ਕਰਨ ਦੀ ਸਹੂਲਤ ਦਿੱਤੀ ਗਈ ਸੀ। ਇਸ ਪਾਲਿਸੀ ਹੇਠ ਅਣ-ਅਧਿਕਾਰਤ ਕਲੋਨੀਆਂ/ਪਲਾਟਾਂ ਨੂੰ ਨਿਯਮਤ ਕਰਨ ਲਈ ਕੱਟ-ਆਉਟ ਡੇਟ ਮਿਤੀ 01.04.2013 ਰੱਖੀ ਗਈ ਸੀ । ਭਾਵ ਕਿ ਉਹ ਕਲੋਨੀਆਂ ਜ਼ੋ ਮਿਤੀ 01.04.2013 ਤੋਂ ਪਹਿਲਾਂ ਵਿਕਸਤ ਹੋ ਚੁਕੀਆਂ ਹਨ ਤੇ ਹੀ ਪਾਲਿਸੀ ਲਾਗੂ ਕੀਤੀ ਗਈ ਸੀ।

(ੳ) ਇਸ ਪਾਲਿਸੀ ਦੇ ਨੁਕਤਾ 8 ਪੰਨਾ 20 ਤੇ ਸਪਸ਼ਟ ਕੀਤਾ ਗਿਆ ਸੀ ਕਿ ਜ਼ੋ ਵਿਅਕਤੀ/ਅਧਾਰਾ ਮਿੱਥੇ ਸਮੇਂ ਅੰਦਰ ਕਲੋਨੀ ਜਾਂ ਪਲਾਟ/ਬਿਲਡਿੰਗ ਨੂੰ ਰੈਗੂਲਰ ਨਹੀ ਕਰਾਉਂਦਾ ਤਾਂ ਉਸ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਭਾਵ ਕਿ ਜ਼ੋ ਪ੍ਰਮੋਟਰ ਡਿਵੈਲਪਰ ਜਾਂ ਪਲਾਟ ਹੋਲਡਰ ਮਿੱਥੇ ਸਮੇਂ ਅੰਦਰ ਕਲੋਨੀ ਜਾਂ ਪਲਾਟ/ਬਿਲਡਿੰਗਾਂ ਨੂੰ ਨਿਯਮਤ ਨਹੀਂ ਕਰਾਉਂਦਾ ਉਸ ਵਿਰੁੱਧ ਪੀਨਲ ਐਕਸ਼ਨ ਜਿਵੇਂ ਕਿ ਪਾਪਰਾ ਐਕਟ 1995 ਅਧੀਨ ਐਫ.ਆਈ.ਆਰ ਦਰਜ ਕਰਾਉਣ ਦੀ ਪ੍ਰੋਵਿਜ਼ਨ ਨੂੰ ਅਮਲ ਵਿੱਚ ਲਿਆਉਂਦਾ ਜਾਵੇਗਾ।

(ਅ) ਇਹਨਾਂ ਨੂੰ ਕੋਈ ਪਾਣੀ/ਸੀਵਰੇਜ਼ ਦਾ ਕਨੈਕਸ਼ਨ ਨਹੀਂ ਦਿੱਤਾ ਜਾਵੇਗਾ।

(ੲ) ਇਹਨਾਂ ਕਲੋਨੀਆਂ ਅਧੀਨ ਰਜਿਸਟਰੇਸ਼ਨ ਐਕਟ 1908 ਅਧੀਨ ਕੋਈ ਰਜਿਸਟਰੇਸ਼ਨ ਨਹੀਂ ਕੀਤੀ ਜਾਵੇਗੀ।

(ਸ) ਇਹਨਾਂ ਕਲੋਨੀਆਂ ਵਿੱਚ ਕੋਈ ਨਕਸ਼ਾ ਪਾਸ ਨਹੀਂ ਕੀਤਾ ਜਾਵੇਗਾ।

(ਹ) ਲੋੜ ਪੈਣ ਤੇ ਇਹਨਾਂ ਕਲੋਨੀਆਂ ਵਿੱਚ ਅਣ-ਅਧਿਕਾਰਤ ਉਸਾਰੀਆਂ ਨੂੰ ਗਿਰਾਉਣ ਦੀ ਜੇਕਰ ਕੋਈ ਕਾਰਵਾਈ ਹੋਵੇਗੀ ਤਾਂ ਉਸ ਨੂੰ ਵੀ ਗਿਰਾਉਣ ਦੀ ਕਾਰਵਾਈ ਕੀਤੀ ਜਾਵੇਗੀ।

ਪਰੰਤੂ ਵੇਖਣ ਵਿੱਚ ਆਇਆ ਹੈ ਕਿ ਇਸ ਪਾਲਿਸੀ ਅੰਦਰ ਉਹ ਬਿਨੈਕਾਰ ਜਿਹਨਾਂ ਨੇ ਪਾਣੀ/ ਸੀਵਰੇਜ਼ ਜ਼ਾਂ ਬਿਜਲੀ ਦੇ ਕਨੈਕਸ਼ਨ ਲੈਣੇ ਸਨ, ਨਕਸ਼ਾ ਪਾਸ ਕਰਾਉਣਾ ਜਾਂ ਰਜਿਸਟਰੀਆਂ ਕਰਾਉਣੀਆਂ ਸਨ। ਉਹ ਹੀ ਅੱਗੇ ਆਏ ਅਤੇ ਆਪਣੀਆਂ ਕਲੋਨੀਆਂ/ਪਲਾਟਾਂ ਨੂੰ ਪਾਸ ਕਰਵਾਇਆ ਜਾਂ ਅਰਜੀਆਂ ਦਿੱਤੀਆਂ ਅਤੇ ਬਾਕੀ ਵਸਨੀਕਾਂ ਵਲੋਂ ਇਸ ਪਾਲਿਸੀ ਬਾਰੇ ਕੋਈ ਉਜਰ ਨਹੀਂ ਕੀਤਾ ਗਿਆ। **ਹੁਣ ਭਾਵ ਸਾਲ 2015-2016 ਜਦੋਂ ਕਿ ਪਾਲਿਸੀ ਅੰਦਰ ਕਲੋਨੀ/ਪਲਾਟ ਨੂੰ ਨਿਯਮਤ ਕਰਾਉਣ ਦਾ ਸਮਾਂ ਲੰਘ ਚੁੱਕਾ ਹੈ ਤਾਂ ਬਹੁਤ ਸਾਰੇ ਇੰਡੀਵਿਜੂਉਲ ਪਲਾਟ ਹੋਲਡਰ ਨਕਸ਼ਾ ਪਾਸ ਕਰਾਉਣ ਲਈ ਨਗਰ ਨਿਗਮ ਪਾਸ ਆ ਰਹੇ ਹਨ।** ਪਰੰਤੂ ਜਿਹਨਾਂ ਪਲਾਟਾਂ ਨੂੰ ਪਲਾਟ ਮਾਲਕਾਂ ਵਲੋਂ ਪਾਲਿਸੀ ਤਹਿਤ ਰੈਗੂਲਰ ਨਹੀਂ ਕਰਵਾਇਆ ਉਹਨਾਂ ਦੇ ਨਕਸ਼ੇ ਨਗਰ ਨਿਗਮ ਪਾਸ ਕਰਨ ਤੋਂ ਅਸਮਰੱਥ ਹੈ।

ਇਸ ਤਰਾਂ ਅਜਿਹੀਆਂ ਕਲੋਨੀਆਂ ਵਿੱਚ ਜ਼ੋ ਪਲਾਟ ਮਾਲਕਾ ਨੇ ਰੈਗੂਲਾਇਜੇਸ਼ਨ ਪਾਲਿਸੀ ਤੋਂ ਲਾਭ ਨਹੀਂ ਉਠਾਇਆ ਉਹਨਾਂ ਵਿੱਚ ਜੇ ਕੋਈ ਪਲਾਟ ਮਾਲਕ ਜਾਂ ਫਿਰ ਸਾਰੇ ਪਲਾਟ ਵਾਲਿਆਂ ਨੂੰ ਨਗਰ ਨਿਗਮ ਦੇ ਪ੍ਰਚਲਤ ਰੇਟ/ਚਾਰਜ ਪੀ.ਐਫ., ਸੀ.ਐਲ.ਯੂ., ਈ.ਡੀ.ਸੀ., ਵਿਕਾਸ ਚਾਰਜ, ਯੂ.ਡੀ.ਸੀ. + ਪਨੈਲਟੀ ਲਗਾ ਕੇ ਨਿਯਮਤ ਕਰਨ ਲਈ ਕੁੱਲ ਬਣਦੇ ਚਾਰਜ **As arrears of Tax** ਦੇ ਤੋਰ ਤੇ ਵਸੂਲਣ ਲਈ ਕਾਰਵਾਈ ਅਮਲ ਵਿੱਚ ਲਿਆਉਂਦੀ ਹੈ ਤਾਂ ਜ਼ੋ ਇਸ ਨਾਲ ਪੂਰੀ ਕਲੋਨੀ ਵਿਕਸਤ ਹੋ ਸਕਦੀ ਹੈ।ਇਥੇ ਇਹ ਦੱਸਣਾ ਉਚਿਤ ਹੈ ਕਿ ਰੈਗੂਲਾਇਜੇਸ਼ਨ ਪਾਲਿਸੀ ਬੜੇ ਹੀ ਵਾਜਬ ਰੇਟਾਂ ਤੇ ਰੈਗੂਲਰ ਕਰਨ ਦਾ ਪ੍ਰਾਵਧਾਨ ਸੀ ।

ਇਹ ਦਫਤਰ ਤਜਵੀਜ ਕਰਦਾ ਹੈ ਕਿ ਸ਼ਹਿਰ ਵਿੱਚ ਜਿਹਨਾਂ ਕਲੋਨਾਈਜਰਾਂ ਨੇ ਆਪਣੀਆਂ ਕਲੋਨੀਆਂ ਰੈਗੂਲਰ ਨਹੀਂ ਕਰਵਾਈਆਂ ਉਹਨਾਂ ਵਿਰੁੱਧ ਤਾਂ ਪਾਲਿਸੀ ਵਿੱਚ ਦਰਸਾਏ ਅਨੁਸਾਰ ਕਾਨੂਨੀ ਕਾਰਵਾਈ ਕਰਦੇ ਹੋਏ ਪੀਨਲ ਐਕਸ਼ਨ (ਐਫ.ਆਈ.ਆਰ.) ਕਰਾਉਣ ਦੀ ਕਾਰਵਾਈ ਅਮਲ ਵਿਚ ਲਿਆਉਣੀ ਬਣਦੀ ਹੈ। ਪਰੰਤੂ ਬਹੁਤ ਸਾਰੇ ਸ਼ਹਿਰੀ ਅਜਿਹੇ ਵੀ ਹਨ ਜਿਹਨਾਂ ਦੇ ਪਲਾਟ ਵੱਖ-ਵੱਖ ਕਲੋਨੀਆਂ ਵਿੱਚ ਮੋਜੂਦ ਹਨ ਅਤੇ ਕੁੱਝ ਕਾਰਨਾਂ ਕਰਕੇ ਉਹ ਪਲਾਟ ਮਾਲਕ ਸਮਾਂ ਬੰਧ ਸਮੇਂ ਵਿੱਚ ਆਪਣੇ ਪਲਾਟ ਰੈਗੂਲਰ ਨਹੀਂ ਕਰਵਾ ਸਕੇ ਅਤੇ ਨਕਸ਼ਾ ਪਾਸ ਨਹੀਂ ਕਰਵਾ ਸਕੇ। ਇਹ ਪਲਾਟ ਮਾਲਕ ਹੁਣ ਆਪਣੀ ਪ੍ਰਾਪਰਟੀ ਬਿਲਡਿੰਗ ਰੈਗੂਲਰ/ਨਕਸ਼ਾ ਪਾਸ ਕਰਾਉਣ ਲਈ ਬੇਨਤੀ ਪੱਤਰ ਦਿੰਦੇ ਹਨ ਤਾਂ ਅਜਿਹੇ ਪਲਾਟ ਹੋਲਡਰਾਂ ਨੂੰ ਨਗਰ ਨਿਗਮ ਵਲੋਂ ਸਰਕਾਰ ਵਲੋਂ ਪੱਤਰ ਨੰ: Dir.T.P.(LG-2014-1552 ਮਿਤੀ 26.08.2014 ਰਾਹੀਂ ਨਿਰਧਾਰਤ) ਡਿਵੈਲਪਮੈਂਟ ਚਾਰਜ, ਐਕਸਟਰਨਲ ਡਿਵੈਲਪਮੈਂਟ ਚਾਰਜ, ਸੀ.ਐਲ.ਯੂ. ਅਤੇ ਬਿਲਡਿੰਗ ਫੀਸ ਆਦਿ ਲੈਣ ਉਪਰੰਤ ਇਹਨਾਂ ਪਲਾਟਾਂ ਦੇ ਨਕਸ਼ਿਆਂ ਦੀ ਪ੍ਰਵਾਨਗੀ ਜਾਂ ਨਾ ਇਤਰਾਜ ਸਰਟੀਫਿਕੇਟ ਜਾਰੀ ਕਰਨਾ ਉਚਿਤ ਹੋਵੇਗਾ ਤਾਂ ਜ਼ੋ ਇਹ ਵਿਅਕਤੀ ਆਪਣੇ ਪਲਾਟਾਂ ਦੀ ਖਰੀਦ ਵੇਚ ਕਰ ਸਕਣ ਜਾਂ ਫਿਰ ਮਕਾਨ ਬਣਾਕੇ ਆਪਣੀ ਰਿਹਾਇਸ਼ ਕਰ ਸਕਣ ਅਤੇ ਦੂਜੇ ਪਾਸੇ ਨਗਰ ਨਿਗਮ ਇਹਨਾਂ ਵਸੂਲੇ ਪੈਸਿਆਂ ਨਾਲ ਉਸ ਕਲੋਨੀ ਦਾ ਸਮੂਚਾ ਵਿਕਾਸ ਕਰਾ ਸਕੇ। ਨਗਰ ਨਿਗਮ ਦੇ ਅਜਿਹੇ ਐਕਸ਼ਨ ਨਾਲ ਸ਼ਹਿਰ ਵਿੱਚ ਜ਼ੋ ਮਾਰਕਿਟ ਸਲੰਪ ਆਇਆ ਹੈ, ਵਿਚ ਵੀ ਕੁਝ ਸੁਧਾਰ ਹੋਵੇਗਾ ਅਤੇ ਨਾਲ ਹੀ ਸ਼ਹਿਰ ਵਿੱਚ ਅਜਿਹੀਆਂ ਕਲੋਨੀਆਂ ਵਿੱਚ ਵਿਕਾਸ ਕਾਰਜ ਕੀਤੇ ਜਾ ਸਕਣ ਅਤੇ ਅਣ-ਅਧਿਕਾਰਤ ਉਸਾਰੀਆਂ ਤੇ ਵੀ ਕੰਟਰੋਲ ਕੀਤਾ ਜਾ ਸਕੇ।ਉਪਰੋਕਤ ਅਨੁਸਾਰ ਤਜਵੀਜ ਨਗਰ ਨਿਗਮ ਹਾਊਸ ਦੇ ਸਨਮੁੱਖ ਵਿਚਾਰ ਹਿੱਤ ਰੱਖਣ ਲਈ ਸਿਫਾਰਸ਼ ਕੀਤੀ ਜਾਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 4.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ:54

ਵਿਸ਼ਾ:- ਰਿਹਾਇਸ਼ੀ ਟਾਊਨ ਪਲੈਨਿੰਗ ਸਕੀਮ ਦਾਦਾ ਕਲੋਨੀ ਨੇੜੇ ਇੰਡਸਟਰੀਅਲ ਏਰੀਆ ਜਲੰਧਰ ਨੂੰ ਇੰਡਸਟਰੀਅਲ ਸਕੀਮ ਵਿੱਚ ਤਬਦੀਲ ਕਰਨ ਸਬੰਧੀ।

ਪੜਿਆ ਨੋਟ ਮਿਉਂਸਪਲ ਟਾਊਨ ਪਲੈਨਰ ਜਿਸ ਨਾਲ ਸੀਨਿਅਰ ਟਾਊਨ ਪਲੈਨਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ਼੍ਰੀ ਕੇ.ਡੀ.ਭੰਡਾਰੀ, ਮੁੱਖ ਪਾਰਲੀਮੈਂਟਰੀ ਸਕੱਤਰ (ਐਮ.ਐਲ.ਏ. ਹਲਕਾ ਉਤਰੀ ਜਲੰਧਰ) ਜੀ ਵਲੋਂ ਨਗਰ ਨਿਗਮ ਜਲੰਧਰ ਨੂੰ ਆਪਣੇ ਪੱਤਰ ਮਿਤੀ 12.01.2016 ਰਾਹੀਂ ਲਿਖਿਆ ਹੈ ਕਿ ਉਹਨਾਂ ਦੇ ਜਲੰਧਰ ਉਤਰੀ ਹਲਕੇ ਵਿੱਚ ਪੈਂਦੀ ਦਾਦਾ ਕਲੋਨੀ ਨਾਮ ਦੀ ਟਾਊਨ ਪਲੈਨਿੰਗ ਸਕੀਮ ਨੂੰ ਰਿਹਾਇਸ਼ੀ ਤੋਂ ਇੰਡਸਟਰੀਅਲ ਤਬਦੀਲ ਕਰਨ ਦੀ ਕਾਰਵਾਈ ਕੀਤੀ ਜਾਵੇ, ਜਿਸ ਉਪਰ ਮੇਅਰ ਨਗਰ ਨਿਗਮ, ਜਲੰਧਰ ਜੀ ਨੇ ਵੀ ਲੋੜੀਂਦੀ ਕਾਰਵਾਈ ਕਰਨ ਲਈ ਲਿਖਿਆ ਹੈ। ਇਸ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਦਾਦਾ ਕਲੋਨੀ ਦੀ ਰਿਹਾਇਸ਼ੀ ਟੀ.ਪੀ. ਸਕੀਮ ਸਥਾਨਕ ਸਰਕਾਰ ਵਲੋਂ ਨੋਟੀਫਿਕੇਸ਼ਨ ਨੰ:12/4/85-LG-ICI/8177 ਮਿਤੀ 03.07.86 ਰਾਹੀਂ ਮੰਜੂਰ ਕੀਤੀ ਗਈ ਸੀ। ਮੌਕੇ ਤੇ ਇਹ ਸਾਰਾ ਏਰੀਆ ਤਕਰੀਬਨ ਇੰਡਸਟਰੀਅਲ ਬਣ ਚੁੱਕਾ ਹੈ। ਮਾਸਟਰ ਪਲੈਨ ਦੀ ਡਰਾਇੰਗ ਨੰ: DTP (J) 09/2010 Dated 19.04.2010 Revised 02.08.2010 ਅਨੁਸਾਰ ਵੀ ਇਹ ਏਰੀਆ ਜਨਰਲ ਇੰਡਸਟਰੀਅਲ ਜ਼ੋਨ ਨੋਟੀਫਾਈਡ ਹੈ। ਮਾਸਟਰ ਪਲੈਨ ਦੀਆਂ ਮਿਥਿਆਵਾਂ ਅਨੁਸਾਰ ਇੰਡਸਟਰੀਅਲ ਨਕਸ਼ੇ ਪਾਸ ਕਰਨ ਲਈ ਸਾਈਟ ਦੇ ਅੱਗੇ ਲੱਗਦੀ ਸੜਕ ਦੀ ਚੋੜਾਈ 40 ਫੁੱਟ ਹੋਣੀ ਚਾਹੀਦੀ ਹੈ ।ਪ੍ਰੰਤੂ ਇਸ ਏਰੀਏ ਵਿੱਚ ਸੜਕਾਂ ਦੀ ਚੋੜਾਈ 40 ਫੁੱਟ ਤੋਂ ਘੱਟ ਹੈ । ਇਸ ਏਰੀਏ ਵਿੱਚ ਪੈਦੀਂਆਂ ਇੰਡਸਟਰੀਆਂ ਨੂੰ ਵੱਖ-ਵੱਖ ਵਿਭਾਗਾਂ ਅਤੇ ਨਗਰ ਨਿਗਮ ਵਲੋਂ ਮੰਜੂਰੀਆ ਲੈਣ ਸਬੰਧੀ ਮੁਸ਼ਕਲਾਂ ਆਉਂਦੀਆਂ ਹਨ। ਇਸ ਕਲੋਨੀ ਦੇ ਉਦਯੋਗਪਤੀਆਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਇਹ ਯੋਗ ਹੋਵੇਗਾ ਕਿ ਵਿਸ਼ੇ ਅਧੀਨ ਟਾਊਨ ਪਲੈਨਿੰਗ ਸਕੀਮ ਨੂੰ ਰਿਹਾਇਸ਼ੀ ਤੋਂ ਇੰਡਸਟਰੀਅਲ ਤਬਦੀਲ ਕਰਨ ਲਈ ਕੇਸ ਨਗਰ ਨਿਗਮ ਹਾਉਸ ਦੇ ਸੱਨਮੁੱਖ ਰੱਖਣਾ ਯੋਗ ਹੋਵੇਗਾ ਅਤੇ ਇਸ ਤੋਂ ਇਲਾਵਾ ਇਹ ਵੀ ਯੋਗ ਹੋਵੇਗਾ ਕਿ ਇਸ ਟੀ.ਪੀ.ਸਕੀਮ ਵਿੱਚ ਬਣੀਆਂ ਹੋਈਆਂ ਇੰਡਸਟਰੀਆਂ ਨੂੰ ਜਿਉਂ ਦਾ ਤਿਉਂ ਹੀ ਰੱਖਿਆ ਜਾਵੇਗਾ ਅਤੇ ਖਾਲੀ ਪਲਾਟਾਂ ਦੇ ਨਕਸ਼ੇ/ਰਾਜੀਨਾਮਾ ਕਰਨ ਸਮੇ ਮਾਸਟਰ ਪਲੈਨ ਮਿਥਿਆਵਾਂ ਅਨੁਸਾਰ ਬਣਦੀ ਰੋਡ ਵਾਈਡਨਿੰਗ ਲੈਣ ਉਪਰੰਤ ਸੜਕ ਦੀ ਚੋੜਾਈ 40 ਫੁੱਟ ਕਰਕੇ ਮਾਸਟਰ ਪਲੈਨ ਦੀਆਂ ਮਿਥਿਆਵਾਂ ਅਨੁਸਾਰ ਹੀ ਬਿਲਡਿੰਗ ਬਾਈਲਾਜ ਅਨੁਸਾਰ ਪਾਸ ਕੀਤੇ ਜਾਣਗੇ। ਇਸ ਤਰਾਂ ਕਰਨ ਨਾਲ ਇਸ ਏਰੀਏ ਵਿੱਚ ਜਮ੍ਹਾ ਹੋਣ ਵਾਲੇ ਨਕਸ਼ਿਆਂ/ਰਾਜੀਨਾਮਾ ਫੀਸ ਤੋਂ ਨਗਰ ਨਿਗਮ ਨੂੰ ਵਿੱਤੀ ਫਾਇਦਾ ਵੀ ਹੋਵੇਗਾ। ਇਸ ਲਈ ਜੇਕਰ ਸਹਿਮਤੀ ਹੋਵੇ ਤਾਂ ਇਹ ਕੇਸ ਰਿਹਾਇਸ਼ੀ ਟਾਊਨ ਪਲੈਨਿੰਗ ਸਕੀਮ ਦਾਦਾ ਕਲੋਨੀ ਨੇੜੇ ਇੰਡਸਟਰੀਅਲ ਏਰੀਆ ਨੂੰ ਇੰਡਸਟਰੀਅਲ ਸਕੀਮ ਵਿੱਚ ਤਬਦੀਲ ਕਰਨ ਲਈ ਨਗਰ ਨਿਗਮ ਹਾਉਸ ਵਿੱਚ ਪ੍ਰਵਾਨਗੀ ਲਈ ਭੇਜਣਾ ਯੋਗ ਹੋਵੇਗਾ। ਕਮਿਸ਼ਨਰ ਜੀ ਨੇ ਮਿਤੀ 27.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਤਜ਼ਵੀਜ਼ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:55

ਵਿਸ਼ਾ:- ਨਗਰ ਨਿਗਮ, ਜਲੰਧਰ ਦੇ ਵਰਿਆਣਾ ਡੰਪ ਤੇ ਹਾਦਸਾ ਹੋਣ ਵਜੋ ਦਿੱਤੇ ਜਾਣ ਵਾਲੇ ਮੁਆਵਜ਼ੇ ਬਾਰੇ ।

ਪੜਿਆ ਨੋਟ ਸਹਾਇਕ ਸਿਹਤ ਅਫ਼ਸਰ ਕਿ ਮਿਤੀ 7/01/2016 ਨੂੰ ਨਗਰ ਨਿਗਮ,ਜਲੰਧਰ ਦੇ ਵਰਿਆਣਾ ਡੰਪ ਤੇ ਨਗਰ ਨਿਗਮ ਜਲੰਧਰ ਵੱਲੋ ਕਿਰਾਏ ਤੇ ਲਏ ਗਏ ਟਿਪਰ ਦੇ ਨਾਲ ਹਾਦਸਾ ਹੋਣ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ ਸੀ।ਮ੍ਰਿਤਕ ਬੱਚੇ ਦੇ ਪਰਿਵਾਰ ਵੱਲੋ ਅਤੇ ਨਗਰ ਨਿਗਮ ਜਲੰਧਰ ਦੀ ਸਫਾਈ ਕਰਮਚਾਰੀ ਯੂਨੀਅਨ ਵੱਲੋ 7/01/2016 ਤੋ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ।ਮਿਤੀ 8/01/2016 ਨੂੰ ਨਗਰ ਨਿਗਮ ਜਲੰਧਰ ਦੀ ਵੱਖ-ਵੱਖ ਯੂਨੀਅਨਾਂ ਅਤੇ ਬੱਚੇ ਦੇ ਰਿਸ਼ਤੇਦਾਰਾ ਵੱਲੋ ਰੋਸ ਮੁਜਾਹਰਾ ਨਗਰ ਨਿਗਮ ਜਲੰਧਰ ਦੇ ਦਫ਼ਤਰ ਵਿਖੇ ਕੀਤਾ ਗਿਆ ਅਤੇ ਉਨ੍ਹਾਂ ਵੱਲੋ ਮੰਗ ਕੀਤੀ ਜਾ ਰਹੀ ਕਿ ਮ੍ਰਿਤਕ ਬੱਚੇ ਦੇ ਪਰਿਵਾਰ ਨੂੰ ਰੁਪਏ 25.00 ਲੱਖ ਮੁਆਵਜ਼ਾ ਦਿੱਤਾ ਜਾਵੇ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੋਕਰੀ ਵੀ ਦਿੱਤੀ ਜਾਵੇ।

ਇਸ ਵਿਸ਼ੇ ਸੰਬੰਧੀ ਲਾਅ ਐਂਡ ਆਡਰ ਪਖੋਂ ਗੰਭੀਰਤਾ ਨਾਲ ਵਿਚਾਰਦੇ ਹੋਏ ਅਤੇ ਮ੍ਰਿਤਕ ਪਰਿਵਾਰ ਦੀ ਮਾਲੀ ਸਥਿਤੀ ਨੂੰ ਦੇਖਦੇ ਹੋਏ ਜਿਲ੍ਹਾ ਪ੍ਰਸ਼ਾਸਨ ਮਾਣਯੋਗ ਡਿਪਟੀ ਕਮਿਸ਼ਨਰ ਅਤੇ ਮਾਣਯੋਗ ਪੁਲਿਸ ਕਮਿਸ਼ਨਰ ਵੱਲੋ ਇਹ ਮਾਮਲਾ ਵਿਚਾਰਨ ਉਪਰੰਤ ਕਮਿਸ਼ਨਰ,ਨਗਰ ਨਿਗਮ, ਜਲੰਧਰ ਦੀ ਪ੍ਰਧਾਨਗੀ ਹੇਠ ਮਿਤੀ 8/1/2016 ਨੂੰ ਮੀਟਿੰਗ ਹੋਈ ਜਿਸ ਵਿਚ ਬੱਚੇ ਦੇ ਪਰਿਵਾਰ ਦੇ ਮੈਂਬਰ, ਨਗਰ ਨਿਗਮ, ਯੂਨੀਅਨਾਂ ਦੇ ਨੁਮਾਇੰਦੇ, ਸੰਯੁਕਤ ਕਮਸ਼ਿਨਰ, ਨਗਰ ਨਿਗਮ ਜਲੰਧਰ, ਸ੍ਰੀ ਰਾਜੀਵ ਵਰਮਾ, ਐਸ.ਡੀ.ਐਮ.-1ਸ੍ਰੀ ਰਜਤ ਉਬਰਾਏ ਅਤੇ ਉਚ ਪੁਲਿਸ ਅਧਿਕਾਰੀ ਵੀ ਸ਼ਾਮਿਲ ਹੋਏ। ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਮ੍ਰਿਤਕ ਬੱਚੇ ਦੇ ਪਰਿਵਾਰ ਨੂੰ ਮਾਲੀ ਇਮਦਾਦ 1.50 - 1.50 ਲੱਖ ਰੁਪਏ ਦੀ ਐਫ.ਡੀ. ਉਨਾਂ ਦੇ ਦੋ ਬੱਚਿਆ ਦੇ ਨਾਮ ਤੇ ਕਰਵਾਈ ਜਾਵੇ।ਜਿਸ ਵਿਚ 1.00 ਲੱਖ ਰੁਪਏ ਮਾਣਯੋਗ ਡਿਪਟੀ ਕਮਸ਼ਿਨਰ, ਜਲੰਧਰ ਵੱਲੋ ਦਿੱਤੇ ਗਏ ।ਬਾਕੀ ਦੀ ਰਕਮ ਨਗਰ ਨਿਗਮ ਵੱਲੋ ਆਪਣੇ ਤੌਰ ਤੇ ਅਤੇ ਠੇਕੇਦਾਰ ਵੱਲੋ ਦਿੱਤੀ ਜਾਵੇ।ਬੱਚੇ ਦਾ ਸੰਸਕਾਰ ਪੁਰਨ ਮਰਿਆਦਾ ਨਾਲ ਕੀਤਾ ਜਾਵੇ ਜਿਸ ਵਾਸਤੇ ਨਗਰ ਨਿਗਮ ਵੱਲੋ ਰੁਪਏ 50,000/- ਨਕਦ ਦਿੱਤੇ ਜਾਣ।ਇਹ ਨਕਦ ਰਾਸ਼ੀ ਮ੍ਰਿਤਕ ਬੱਚੇ ਦੇ ਪਰਿਵਾਰ ਦੇ ਮੈਂਬਰਾ ਨੂੰ ਦੇਣ ਲਈ ਸ੍ਰੀ ਰਾਜੀਵ ਵਰਮਾ, ਸੰਯੁਕਤ ਕਮਿਸ਼ਨਰ, ਨਗਰ ਨਿਗਮ, ਜਲੰਧਰ ਅਤੇ ਸ੍ਰੀ ਰਜਤ ਉਬਰਾਏ, ਐਸ.ਡੀ.ਐਮ.-1 ਦੀ ਡਿਊਟੀ ਲਗਾਈ ਗਈ ਹੈ। 50,000/- ਰੁਪਏ ਨਗਰ ਨਿਗਮ ਜਲੰਧਰ ਦੇ ਖਾਤੇ ਵਿਚੋ ਆਰਜ਼ੀ ਅਡਵਾਂਸ ਦੇ ਤੋਰ ਤੇ ਕੱਢਵਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਜ਼ੋ ਮੌਜੂਦਾ ਲਾਅ ਐਂਡ ਆਡਰ ਦੀ ਸਥਿਤੀ ਨੂੰ ਬਿਗੜਣ ਤੋਂ ਬਚਾਇਆ ਜਾ ਸਕੇ।

ਉਪਰੋਕਤ ਨੂੰ ਮੁੱਖ ਰਖਦੇ ਹੋਏ ਮ੍ਰਿਤਕ ਬੱਚੇ ਦੇ ਪਰਿਵਾਰ ਨੂੰ ਮੁਆਵਜ਼ੇ ਦੇ ਰੂਪ ਵਿੱਚ ਦਿੱਤੇ ਜ਼ਾਣ ਵਾਲੇ ਰੁਪਏ 2.50 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਅਤੇ ਸਰਕਾਰ ਪਾਸੋ ਲੋੜੀਦੀ ਹੈ।ਜੇਕਰ ਉਚ ਅਧਿਕਾਰੀ ਸਹਿਮਤ ਹੋਣ ਤਾਂ ਨਗਰ ਨਿਗਮ ਐਕਟ 1976 ਦੀ ਧਾਰਾ 82(3) ਅਧੀਨ ਸਰਕਾਰ ਪਾਸੋ ਪ੍ਰਵਾਨਗੀ ਲੈਂਣ ਲਈ ਪੱਤਰ ਲਿਖਣ ਦੀ ਆਗਿਆ ਦਿੱਤੀ ਜਾਵੇ ਅਤੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਜਾਵੇ । ਕਮਿਸ਼ਨਰ ਜੀ ਨੇ ਮਿਤੀ 8.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 8.1.2016 ਰਾਹੀਂ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:56

ਵਿਸ਼ਾ :- ਲਵਾਰਸ ਲਾਸ਼ਾਂ ਦੇ ਸੰਸਕਾਰ ਦਾ ਖਰਚਾ ਰੁਪਏ 1700/- ਤੋਂ ਰੁਪਏ 2500/- ਕਰਨ ਸਬੰਧੀ।

ਪੜ੍ਹਿਆ ਦਫਤਰੀ ਨੋਟ ਹੈਲਥ ਸ਼ਾਖਾ ਜਿਸ ਨਾਲ ਸਹਾਇਕ ਸਿਹਤ ਅਫਸਰ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਅੰਤਮ ਸਥਾਨ ਆਸ਼ਰਮ (ਸ਼ਮਸ਼ਾਨ ਘਾਟ), ਕੋਟ ਕਿਸ਼ਨ ਚੰਦ, ਹੁਸ਼ਿਆਰਪੁਰ ਰੋਡ, ਜਲੰਧਰ ਵਲੋਂ ਇਕ ਬੇਨਤੀ ਪੱਤਰ ਇਸ ਸ਼ਾਖਾ ਵਿਚ ਦਿੱਤਾ ਹੈ ਜਿਸ ਵਿਚ ਉਹਨਾਂ ਵਲੋਂ ਮੰਗ ਕੀਤੀ ਗਈ ਹੈ ਕਿ ਰੁਪਏ 1700/- ਪ੍ਰਤੀ ਲਾਸ਼ ਦਿੱਤਾ ਜਾ ਰਿਹਾ ਹੈ ਜ਼ੋ ਕਿ ਬਹੁਤ ਘੱਟ ਹੈ ਇਸ ਲਈ ਇਸ ਖਰਚੇ ਨੂੰ ਰੁਪਏ 1700/- ਤੋਂ ਵਧਾ ਕੇ ਰੁਪਏ 2500/- ਕਰ ਦਿੱਤਾ ਜਾਵੇ। ਇਸ ਤੇ ਕਮਿਸ਼ਨਰ ਜੀ ਵਲੋਂ ਮੰਗੀ ਗਈ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

1 ਪ੍ਰਤੀ ਲਵਾਰਸ ਲਾਸ਼ ਦੇ ਸੰਸਕਾਰ ਦਾ ਵੇਰਵਾ ਜ਼ੋ ਕਿ ਅੰਤਿਮ ਸਥਾਨ ਸਵਰਗ ਆਸ਼ਰਮ ਕੋਟ ਕਿਸ਼ਨ ਚੰਦ ਜਲੰਧਰ (ਸ਼ਮਸ਼ਾਨ ਘਾਟ) ਤੋਂ ਲਿਆ ਗਿਆ ਹੈ ਹੇਠ ਲਿਖੇ ਅਨੁਸਾਰ ਹੈ:-

2

ਲੜੀ ਨੰ:	ਲਕੜ ਨਾਲ ਹੋਣ ਵਾਲੇ ਸੰਸਕਾਰ ਦਾ ਖਰਚਾ	ਐਲ.ਪੀ.ਜੀ. ਨਾਲ ਹੋਣ ਵਾਲੇ ਸੰਸਕਾਰ ਦਾ ਖਰਚਾ
1	ਲੱਕੜ ਦਾ ਖਰਚਾ = 1688 ਫੱਟੀਆਂ,ਵਰੋਜ਼ਾ ਅਤੇ ਹੋਰ = 500 ਸੇਵਾਦਾਰ = 200 ਦਰਿਆ ਵਿਚ ਫੁੱਲ = 112 ਪਰਵਾਨ ਦਾ ਕਿਰਾਇਆ ਕੁੱਲ ਜ਼ੋੜ = 2500	ਐਲ.ਪੀ.ਜੀ. ਦਾ ਖਰਚਾ = 2188 ਸੇਵਾਦਾਰ = 200 ਦਰਿਆ ਵਿਚ ਫੁੱਲ = 112 ਪਰਵਾਨ ਦਾ ਕਿਰਾਇਆ ਕੁੱਲ ਜ਼ੋੜ = 2500

3 ਪ੍ਰਤੀ ਮਹੀਨਾ ਜਿੰਨੀਆਂ ਲਵਾਰਸ ਲਾਸ਼ਾ ਦਾ ਸੰਸਕਾਰ ਕੀਤਾ ਗਿਆ ਹੈ ਮਿਤੀ 1-4-2014 ਤੋ 31-3-2015 ਤੱਕ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

4

ਮਹੀਨਾ	ਲਵਾਰਸ਼ ਲਾਸ਼ਾ ਦੀ ਗਿਣਤੀ	ਮਹੀਨਾ	ਲਵਾਰਸ਼ ਲਾਸ਼ਾ ਦੀ ਗਿਣਤੀ
4/2014	6	10/2014	13
5/2014	7	11/2014	10
6/2014	18	12/2014	8
7/2014	14	01/2015	9
8/2014	13	02/2015	11
9/2014	16	03/2015	8

ਇਸ ਤਰ੍ਹਾਂ ਇਸ ਸਾਲ ਵਿਚ ਕੁੱਲ 133 ਲਵਾਰਸ ਲਾਸ਼ਾ ਦਾ ਸੰਸਕਾਰ ਕੀਤਾ ਗਿਆ ਹੈ।

5 ਇਹ ਰੇਟ ਮਾਰਕਿਟ ਵਿਚ ਐਲ.ਪੀ.ਜੀ. ਗੈਸ, ਲੱਕੜ ਅਤੇ ਹੋਰ ਖਰਚੇ ਵਧਣ ਕਰਕੇ ਅੰਤਿਮ ਸਥਾਨ ਸਵਰਗ ਆਸ਼ਰਮ ਕੋਟ ਕਿਸ਼ਨ ਚੰਦ ਜਲੰਧਰ (ਸ਼ਮਸ਼ਾਨ ਘਾਟ) ਵਲੋਂ ਰੁਪਏ 2500/- ਪ੍ਰਤੀ ਲਵਾਰਸ ਲਾਸ਼ ਦੇ ਸੰਸਕਾਰ ਕਰਣ ਦੀ ਮੰਗ ਕੀਤੀ ਗਈ ਹੈ।ਜਿਸ ਦੀ ਪ੍ਰਵਾਨਵੀ ਮਾਨਯੋਗ ਹਾਊਸ ਤੋ ਲੋੜੀਂਦੀ ਹੈ।

ਕਮਿਸ਼ਨਰ ਜੀ ਨੇ ਮਿਤੀ 27.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।
ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:57

ਵਿਸ਼ਾ:- ਸ਼ਹਿਰ ਵਿਚ ਘੁੰਮ ਰਹੇ ਅਵਾਰਾਂ ਗਊਆਂ /ਪਸ਼ੂਆਂ ਨੂੰ ਗਊਸ਼ਾਲਾ ਪ੍ਰਬੰਧਕ ਕਮੇਟੀ (ਰਜਿ) ਦੀ ਚਾਰ ਦੀਵਾਰੀ ਵਿਚ ਰੱਖਣ ਲਈ ਸਾਲ 2014-15 ਅਤੇ ਸਾਲ 2015-16 ਦੀ ਗਰਾਂਟ ਜਾਰੀ ਕਰਨ ਬਾਰੇ ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਮਿਤੀ 28.12.2015 ਜਿਸ ਨਾਲ ਸੰਯੁਕਤ ਕਮਿਸ਼ਨਰ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰ: 118 ਮਿਤੀ 15.7.2010 ਰਾਹੀਂ ਇਹ ਗਰਾਂਟ ਰੁਪਏ 40,000/- ਪ੍ਰਤੀ ਮਹੀਨਾ ਤੋਂ ਵਧਾ ਕੇ ਰੁਪਏ 1,00,000/- ਪ੍ਰਤੀ ਮਹੀਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਪ੍ਰਵਾਨਗੀ ਉਪਰੰਤ ਨਗਰ ਨਿਗਮ ਜਲੰਧਰ ਵਲੋਂ ਆਪਣੇ ਪੱਤਰ ਨੰ: Spl/H/7, ਮਿਤੀ 24.7.2015 ਰਾਹੀਂ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਜਾਣੂ ਕਰਵਾ ਦਿੱਤਾ ਗਿਆ ਸੀ ਅਤੇ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82(3) ਅਧੀਨ ਲੋੜੀਂਦੀ ਪ੍ਰਵਾਨਗੀ ਮੰਗੀ ਗਈ ਸੀ ।

ਇਸ ਸਬੰਧ ਵਿਚ ਸਬੰਧਤ ਗਊਸ਼ਾਲਾ ਵਲੋਂ ਬਾਰ-ਬਾਰ ਅਦਾਇਗੀ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਪਰ ਕਿਉਂ ਜ਼ੋ ਸਰਕਾਰ ਵਲੋਂ ਅਜੇ ਤੱਕ ਇਸ ਇਸ ਦੀ ਪ੍ਰਵਾਨਗੀ ਇਸ ਦਫਤਰ ਨੂੰ ਪ੍ਰਾਪਤ ਨਹੀਂ ਹੋਈ। ਇਸ ਸਬੰਧ ਵਿਚ ਗਊਸ਼ਾਲਾ ਪਿੰਜਰਾ ਪੋਲ ਰਜਿ. ਨੂੰ ਸਾਲ 2014-15 ਅਤੇ ਸਾਲ 2015-16 ਦੀ ਬਣਦੀ ਰਾਸ਼ੀ ਰੁਪਏ 24 ਲੱਖ ਦੀ ਅਦਾਇਗੀ ਕਰਵਾਉਣੀ ਬਣਦੀ ਹੈ। ਇਸ 24 ਲੱਖ ਵਿਚੋਂ ਵਿਚੋਂ 3 ਲੱਖ ਰੁਪਏ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ 28.12.2015 ਨੂੰ ਮਾਨਯੋਗ ਮੇਅਰ ਜੀ ਨੇ ਹੁਕਮਾਂ ਅਨੁਸਾਰ ਮੰਜੂਰੀ ਦਿਤੀ ਸੀ। ਹੁਣ ਤੱਕ 2014-15 ਅਤੇ ਸਾਲ 2015-16 ਦੀ ਕੁਲ ਰਾਸ਼ੀ 24 ਲੱਖ ਵਿਚੋਂ ਰੁਪਏ 3 ਲੱਖ ਦਿੱਤੇ ਜਾ ਚੁੱਕੇ ਹਨ ਅਤੇ ਰੁਪਏ 21 ਲੱਖ ਬਕਾਇਆ ਹੈ। ਮਾਨਯੋਗ ਕਮਿਸ਼ਨਰ ਜੀ ਨਾਲ ਗੱਲਬਾਤ ਦੌਰਾਨ ਦੱਸਿਆ ਗਿਆ ਹੈ ਕਿ ਪੱਤਰ ਨੰ: Spl/H/7, ਮਿਤੀ 24.7.2015 ਨੂੰ ਅਤੇ ਇਸ ਤੋਂ ਬਾਅਦ ਫਿਰ ਦੁਬਾਰਾ ਪੱਤਰ ਨੰ: 571 /ਐਚ, ਮਿਤੀ 14.1.2016 ਨੂੰ ਸਥਾਨਕ ਸਰਕਾਰ ਨੂੰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82(3) ਦੀ ਮੰਜੂਰੀ ਵਾਸਤੇ ਭੇਜਿਆ ਗਿਆ ਹੈ। ਕਿਉਂ ਜ਼ੋ ਇਹ ਖਰਚਾ ਲੋਕ ਹਿਤ ਵਿਚ ਹੈ ਇਸ ਲਈ ਰਾਸ਼ੀ 24 ਲੱਖ ਦੀ ਅਦਾਇਗੀ ਕਰਨ ਲਈ ਨਗਰ ਨਿਗਮ ਹਾਊਸ ਕੋਲ ਮਿਸਲ ਪੇਸ਼ ਹੈ ।ਇਸ ਨਾਲ ਕਮਿਸ਼ਨਰ ਜੀ ਨੇ ਮਿਤੀ 27.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:58

ਵਿਸ਼ਾ:- ਗੁਲਾਬ ਦੇਵੀ ਹਸਪਤਾਲ ਜਲੰਧਰ ਨੂੰ ਨਗਰ ਨਿਗਮ ਜਲੰਧਰ ਲਈ ਰਾਖਵੇਂ 10 ਟੀ.ਬੀ. ਮਰੀਜਾਂ ਦੇ ਬੈਡਾਂ ਲਈ ਗਰਾਂਟ ਦੇਣ ਸਬੰਧੀ ।

ਪੜ੍ਹਿਆ ਨੋਟ ਲੇਖਾਕਾਰ ਮਿਤੀ 27.1.2016 ਜਿਸ ਨਾਲ ਡਿਪਟੀ ਕੰਟਰੋਲਰ(ਵਿੱਤ ਅਤੇ ਲੇਖਾ) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਦੇ ਮਤਾ ਨੰ: 12 ਮਿਤੀ 15.3.2005 ਰਾਹੀਂ ਗੁਲਾਬ ਦੇਵੀ ਹਸਪਤਾਲ ਵਿਚ ਟੀ.ਬੀ. ਦੇ ਇਲਾਜ ਲਈ ਨਗਰ ਨਿਗਮ ਦੇ ਕਰਮਚਾਰੀਆਂ ਵਾਸਤੇ 10 ਬੈਡ, ਪ੍ਰਤੀ ਬੈਡ ਪ੍ਰਤੀ ਸਾਲ ਰੁਪਏ 8000/- ਅਨੁਸਾਰ ਰਾਖਵੇਂ ਰੱਖੇ ਗਏ ਹਨ। ਇਸ ਸਬੰਧੀ ਮੈਡੀਕਲ ਸੁਪਰਡੰਟ ਵਲੋਂ ਪੱਤਰ ਨੰ: GH/3B/Acctts./15/515 ਮਿਤੀ 30.12.2015 ਰਾਹੀਂ ਸੂਚਿਤ ਕੀਤਾ ਹੈ ਕਿ ਜ਼ੋ ਵੀ ਟੀ.ਬੀ. ਮਰੀਜ ਗੁਲਾਬ ਦੇਵੀ ਹਸਪਤਾਲ ਵਿਚ ਨਗਰ ਨਿਗਮ ਜਲੰਧਰ ਦੇ ਬਿਹਾਫ ਤੇ ਦਾਖਲ ਕੀਤੇ ਜਾਂਦੇ ਹਨ, ਉਹਨਾਂ ਨੂੰ ਫਰੀ ਬੈਡ ਚਾਰਜਜ, ਫਰੀ ਡਾਈਟ ਅਤੇ ਫਰੀ ਮੈਡੀਕਲ ਜ਼ੋ ਕਿ ਹਸਪਤਾਲ ਵਿਚ ਉਪਲੱਬਧ ਹਨ, ਦਿੱਤੀਆਂ ਜਾਂਦੀਆਂ ਹਨ। ਮੈਡੀਕਲ ਸੁਪਰਡੰਟ ਗੁਲਾਬ ਦੇਵੀ ਹਸਪਤਾਲ ਵਲੋਂ ਕ੍ਰਮਾਰ ਅਤੇ ਪੱਤਰ ਨੰ: GH/3B/Acctts./15/419 ਮਿਤੀ 2.11.2015, ਪੱਤਰ ਨੰ: GH/3B/Acctts./15/120 ਮਿਤੀ 18.3.2015 ਅਤੇ ਪੱਤਰ ਨੰ: GH/3B/Acctts./15/420 ਮਿਤੀ 2.11.2015 ਰਾਹੀਂ ਹੇਠ ਲਿਖੇ ਅਨੁਸਾਰ ਅਦਾਇਗੀ ਦੀ ਮੰਗ ਕੀਤੀ ਗਈ ਹੈ ।

ਸਮਾਂ	ਰਕਮ
1.10.2014 ਤੋਂ 31.12.2014	20000/-
1.1.2015 ਤੋਂ 31.3.2015	20000/-
1.4.2015 ਤੋਂ 30.9.2015	40000/-
ਕੁਲ ਜ਼ੋੜ	**80000/-**

ਉਪਰੋਕਤ ਅਨੁਸਾਰ ਗੁਲਾਬ ਦੇਵੀ ਹਸਪਤਾਲ ਨੂੰ ਰੁਪਏ 80,000/- ਦੇਣ ਯੋਗ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਂਦੀ ਹੈ। ਨਗਰ ਨਿਗਮ ਜਲੰਧਰ ਦੇ ਸਾਲ 2015-16 ਦੇ ਬੱਜਟ ਵਿਚ ਇਸ ਦਾ ਉਪਬੰਧ ਕੀਤਾ ਗਿਆ ਹੈ ਅਤੇ ਪੰਜਾਬ ਨਗਰ ਨਿਗਮ ਐਕਟ,1976 ਦੀ ਧਾਰਾ 82(3) ਅਧੀਨ ਇਹ ਤਜਵੀਜ ਨਗਰ ਨਿਗਮ ਹਾਊਸ ਵਿਚ ਵਿਚਾਰਨ ਹਿਤ ਰੱਖਣ ਲਈ ਸ਼ਿਫਾਰਸ਼ ਕੀਤੀ ਜਾਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 28.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਰਾਹੀਂ ਕੇਸ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ:59

ਵਿਸ਼ਾ:- ਅਵਾਰਾ ਕੁੱਤਿਆਂ ਦੀ ਸਮੱਸਿਆਂ ਨੂੰ ਮੁੱਖ ਰੱਖਦੇ ਹੋਏ ਸਟਰੇਟ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ ਨੂੰ ਪਿੰਡ ਬੜਿੰਗ ਜੀ.ਟੀ. ਰੋਡ ਉੱਪਰ ਨਜਦੀਕ ਹਾਈਡਨ ਪਾਰਕ ਕੋਲ ਨਗਰ ਨਿਗਮ ਦੀ ਖਾਲੀ ਪਈ ਜਗ੍ਹਾਂ ਤੇ ਕੁੱਤਿਆਂ ਨੂੰ ਫੜ ਕੇ ਅਪਰੇਸ਼ਨ ਕਰਨ ਲਈ ਜਗ੍ਹਾਂ ਦੇਣ ਬਾਰੇ।

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 535 ਮਿਤੀ 27.11.2015, ਉਪਰੋਕਤ ਵਿਸ਼ੇ ਸਬੰਧੀ ।

ਪੜ੍ਹਿਆ ਨੋਟ ਅਸਟੇਟ ਅਫਸਰ ਮਿਤੀ 29.9.2015 ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਅਧੀਨ ਹਾਊਸ ਦੇ ਮਤਾ ਨੰ: 112, ਮਿਤੀ 04-11-2014 ਰਾਹੀਂ ਇਹ ਫੈਸਲਾ ਹੋਇਆ ਕਿ ਨਗਰ ਨਿਗਮ, ਜਲੰਧਰ ਪਿੰਡ ਬੜਿੰਗ ਵਿਖੇ ਲਗਭਗ 2 ਕਨਾਲ 14 ਮਰਲੇ ਭੋਂ ਅਵਾਰਾ ਕੁੱਤਿਆਂ ਨੂੰ ਫੜ੍ਹ ਕੇ ਅਪਰੇਸ਼ਨ ਕਰਨ ਲਈ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ ਨੂੰ 30 ਸਾਲਾਂ ਲਈ ਲੀਜ਼ ਤੇ ਦਵੇਗਾ। ਇਸ ਸਬੰਧ ਵਿੱਚ ਨਗਰ ਨਿਗਮ ਦੇ ਉਕਤ ਫੈਸਲੇ ਮੁਤਾਬਿਕ ਇਸ ਪ੍ਰੋਜੈਕਟ ਲਈ ਲੋੜੀਂਦੀਆਂ ਸ਼ਰਤਾਂ ਅਤੇ ਇਕਰਾਰਨਾਮੇ ਨੂੰ ਤਿਆਰ ਕਰਨ ਦੇ ਅਧਿਕਾਰ ਕਮਿਸ਼ਨਰ ਜੀ ਨੂੰ ਦਿੱਤੇ। ਇਸ ਉਪਰੰਤ ਨਗਰ ਨਿਗਮ ਜਲੰਧਰ ਦੇ ਹਾਊਸ ਦੇ ਮਤਾ ਨੰ: 111 ਮਿਤੀ 04-11-2014 ਰਾਹੀ ਇੱਕ ਲੈਂਡ ਰੈਵੀਨਿਊ ਐਡਹਾਕ ਕਮੇਟੀ ਗਠਨ ਕਰਨ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਜੀ ਨੂੰ ਦਿੱਤੇ ਗਏ, ਜਿਸ ਵਿੱਚ ਹੇਠ ਲਿਖੇ ਮੈਂਬਰ ਨਿਯੁਕਤ ਕੀਤੇ ਗਏ:-

1) ਸ੍ਰੀ ਭਗਵੰਤ ਪ੍ਰਭਾਕਰ, ਕੌਂਸਲਰ
2) ਸ੍ਰੀ ਪ੍ਰੀਤਮ ਸਿੰਘ, ਕੌਂਸਲਰ
3) ਸ੍ਰੀ ਕਸਤੂਰੀ ਲਾਲ, ਕੌਂਸਲਰ

ਇਸ ਸਬੰਧ ਵਿੱਚ ਇਸ ਕਮੇਟੀ ਦੀ ਮੀਟਿੰਗ ਮਿਤੀ 30-04-2015 ਨੂੰ ਹੋਈ ਜਿਸ ਵਿੱਚ ਸਾਰੇ ਮੈਂਬਰ ਸਾਹਿਬਾਨ ਸ਼ਾਮਿਲ ਹੋਏ ਅਤੇ ਇਸ ਮੱਦ ਉੱਪਰ ਬੜ੍ਹੀ ਡੂੰਘਾਈ ਨਾਲ ਵਿਚਾਰ ਕੀਤਾ ਗਿਆ ਅਤੇ ਕਮੇਟੀ ਵੱਲੋਂ ਇਸ ਜਗ੍ਹਾਂ ਦਾ ਨਿਰੀਖਣ ਵੀ ਕੀਤਾ ਗਿਆ ਅਤੇ ਕਮੇਟੀ ਨੇ ਇਹ ਫੈਸਲਾ ਲਿੱਤਾ ਕਿ ਕਿਉਂ ਜ਼ੋ ਉਪਰੋਕਤ ਜਗ੍ਹਾਂ ਜੀ.ਟੀ. ਰੋਡ ਦੇ ਨਾਲ ਲੱਗਦੀ ਹੈ ਇਸ ਲਈ ਇਹ ਇੱਕ ਬਹੁਤ ਹੀ ਮਹੱਤਵਪੂਰਨ ਜਗ੍ਹਾਂ ਹੈ ਜਿਸ ਨੂੰ ਨਗਰ ਨਿਗਮ, ਜਲੰਧਰ ਆਉਣ ਵਾਲੇ ਸਮੇਂ ਵਿੱਚ ਕਿਸੇ ਖਾਸ ਕਮਰਸ਼ੀਅਲ ਮੰਤਵ ਲਈ ਇਸਤੇਮਾਲ ਕਰਕੇ ਕਾਫੀ ਮਾਤਰਾ ਵਿੱਚ ਪੈਸੇ ਦੀ ਵਸੂਲੀ ਕਰ ਸਕਦਾ ਹੈ।ਇਸ ਲਈ ਇਸ ਤੱਤ ਨੂੰ ਮੁੱਖ ਰੱਖਦੇ ਹੋਏ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਅਵਾਰਾਂ ਕੁੱਤਿਆਂ ਦੇ ਅਪਰੇਸ਼ਨ ਆਦਿ ਦੇ ਮੰਤਵ ਲਈ ਕੋਈ ਹੋਰ ਢੁੱਕਵੀਂ ਜਗ੍ਹਾਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਵਿਚਾਰਣ ਉਪਰੰਤ ਇਹ ਫੈਸਲਾ ਲਿੱਤਾ ਕਿ ਹੁਸ਼ਿਆਰਪੁਰ ਰੋਡ ਤੇ ਪਿੰਡ ਨੰਗਲ ਸ਼ਾਮਾ ਗੇਟ ਦੇ ਨਜਦੀਕ ਲੱਗਦੀ 12 ਕਨਾਲ ਰਕਬੇ ਭੋਂ ਵਿੱਚੋਂ ਲਗਭਗ 2.5 ਕਨਾਲ ਰਕਬਾ ਭੋਂ ਇਸ ਕੰਮ ਲਈ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ ਦਿੱਤੀ ਜਾਣੀ ਯੋਗ ਹੋਵੇਗੀ।ਇੱਥੇ ਇਹ ਵਰਨਣ ਯੋਗ ਹੈ ਕਿ ਇਸ 12 ਕਨਾਲ ਰਕਬੇ ਭੋਂ ਵਿੱਚ ਇਸ ਵੇਲੇ ਇੱਕ ਵੈਟਨਰੀ ਹਸਪਤਾਲ ਪਹਿਲਾਂ ਹੀ ਚੱਲ ਰਿਹਾ ਹੈ, ਕਮੇਟੀ ਦੀ ਇਹ ਸ਼ਿਫਾਰਿਸ਼ ਬਾਰੇ ਉਪਰੋਕਤ ਸੁਸਾਇਟੀ ਦੇ ਪ੍ਰੈਜੀਡੈਂਟ ਸ੍ਰ: ਕੁਲਦੀਪ ਸਿੰਘ ਉਬਰਾਏ ਜੀ ਵੱਲੋਂ ਵੀ ਸਹਿਮਤੀ ਪ੍ਰਗਟਾਈ ਗਈ। ਕਮੇਟੀ ਵੱਲੋਂ ਲਿੱਤਾ ਗਿਆ ਫੈਸਲਾ ਹੇਠ ਅਨੁਸਾਰ ਹੈ:

ਨਗਰ ਨਿਗਮ ਹਾਊਸ ਦੇ ਮਤਾ ਨੰ: 111 ਮਿਤੀ 04-11-2014 ਰਾਹੀਂ ਮਾਨਯੋਗ ਮੇਅਰ ਜੀ ਵੱਲੋਂ ਗਠਿਤ ਲੈਂਡ ਰੈਵੀਨਿਊ ਐਡਹਾਕ ਕਮੇਟੀ ਦੀ ਉਪਰੋਕਤ ਵਿਸ਼ੇ ਸਬੰਧੀ ਅੱਜ ਮਿਤੀ 30-04-2015 ਇੱਕ ਮੀਟਿੰਗ ਹੋਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਸ਼ਾਮਿਲ ਹੋਏ:-

1) ਸ੍ਰੀ ਕੁਲਵਿੰਦਰ ਸਿੰਘ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ)
2) ਸ੍ਰੀ ਸਤਿੰਦਰ ਕੁਮਾਰ, ਅਸਟੇਟ ਅਫਸਰ
3) ਸ੍ਰੀ ਭਗਵੰਤ ਪ੍ਰਭਾਕਰ, ਕੌਂਸਲਰ--ਮੈਂਬਰ
4) ਸ੍ਰੀ ਪ੍ਰੀਤਮ ਸਿੰਘ, ਕੌਂਸਲਰ-- ਮੈਂਬਰ
5) ਸ੍ਰੀ ਕਸਤੂਰੀ ਲਾਲ, ਕੌਂਸਲਰ-- ਮੈਂਬਰ

ਉਪਰੋਕਤ ਵਿਸ਼ੇ ਅਧੀਨ ਹਾਊਸ ਦੇ ਮਤਾ ਨੰ: 112 ਮਿਤੀ 04-11-2014 ਰਾਹੀਂ ਪਿੰਡ ਬੜਿੰਗ ਜੀ.ਟੀ. ਰੋਡ ਉੱਪਰ ਨਗਰ ਨਿਗਮ ਦੀ ਖਾਲੀ ਪਈ ਜਗ੍ਹਾਂ ਜਿਸ ਦਾ ਰਕਬਾ 2 ਕਨਾਲ 14 ਮਰਲੇ ਹੈ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ ਫੈਸਲਾ ਲਿੱਤਾ ਗਿਆ ਸੀ।

ਇਸ ਕਮੇਟੀ ਦੀ ਮੀਟਿੰਗ ਵਿੱਚ ਇਸ ਮੱਦ ਉੱਪਰ ਬੜ੍ਹੀ ਡੂੰਘਾਈ ਨਾਲ ਵਿਚਾਰ ਕੀਤਾ ਗਿਆ ਅਤੇ ਕਮੇਟੀ ਨੇ ਇਹ ਫੈਸਲਾ ਲਿੱਤਾ ਕਿ ਕਿਉਂ ਜ਼ੋ ਉਪਰੋਕਤ ਜਗ੍ਹਾਂ ਜੀ.ਟੀ. ਰੋਡ ਦੇ ਨਾਲ ਲੱਗਦੀ ਹੈ ਇਸ ਲਈ ਇਹ ਇੱਕ ਬਹੁਤ ਹੀ ਮਹੱਤਵਪੂਰਨ ਜਗ੍ਹਾਂ ਹੈ ਜਿਸ ਨੂੰ ਨਗਰ ਨਿਗਮ, ਜਲੰਧਰ ਆਉਣ ਵਾਲੇ ਸਮੇਂ ਵਿੱਚ ਕਿਸੇ ਖਾਸ ਕਮਰਸ਼ੀਅਲ ਮੰਤਵ ਲਈ ਇਸਤੇਮਾਲ ਕਰਕੇ ਕਾਫੀ ਮਾਤਰਾ ਵਿੱਚ ਪੈਸੇ ਦੀ ਵਸੂਲੀ ਕਰ ਸਕਦਾ ਹੈ।ਇਸ ਕਮੇਟੀ ਵੱਲੋਂ ਇਸ ਜਗ੍ਹਾਂ ਦਾ ਨਿਰੀਖਣ ਵੀ ਕੀਤਾ ਗਿਆ ਅਤੇ ਇਨ੍ਹਾਂ ਤੱਤਾਂ ਨੂੰ ਮੁੱਖ ਰੱਖਦੇ ਹੋਏ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਅਵਾਰਾਂ ਕੁੱਤਿਆਂ ਦੇ ਅਪਰੇਸ਼ਨ ਆਦਿ ਦੇ ਮੰਤਵ ਲਈ ਕੋਈ ਹੋਰ ਢੁੱਕਵੀਂ ਜਗ੍ਹਾਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਵਿਚਾਰਣ ਉਪਰੰਤ ਇਹ ਫੈਸਲਾ ਲਿੱਤਾ ਕਿ ਹੁਸ਼ਿਆਰਪੁਰ ਰੋਡ ਤੇ ਪਿੰਡ ਨੰਗਲ ਸ਼ਾਮਾ ਗੇਟ ਦੇ ਨਜਦੀਕ ਲੱਗਦੀ 12 ਕਨਾਲ ਰਕਬੇ ਭੋਂ ਵਿੱਚੋਂ ਲਗਭਗ 2.5 ਕਨਾਲ ਰਕਬਾ ਭੋਂ ਇਸ ਕੰਮ ਲਈ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ ਦਿੱਤੀ ਜਾਣੀ ਯੋਗ ਹੋਵੇਗੀ। ਕਮੇਟੀ ਨੇ ਇਹ ਵੀ ਫੈਸਲਾ ਲਿੱਤਾ ਕਿ ਨਗਰ ਨਿਗਮ, ਜਲੰਧਰ ਵੱਲੋ ਮਤਾ ਨੰ: 112 ਮਿਤੀ 04-11-2014 ਦੇ ਫੈਸਲੇ ਨੂੰ ਸੋਧਦੇ ਹੋਏ ਇਸ ਮੰਤਵ ਲਈ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ ਨੂੰ ਪਿੰਡ ਨੰਗਲ ਸ਼ਾਮਾ ਵਿਖੇ 2.5 ਕਨਾਲ ਰਕਬਾ ਭੋਂ 30 ਸਾਲਾਂ ਲਈ ਲੀਜ ਦੇ ਦੇਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ।

ਸਹੀ/-	ਸਹੀ/-	ਸਹੀ/-
ਸ੍ਰੀ ਭਗਵੰਤ ਪ੍ਰਭਾਕਰ, ਕੌਂਸਲਰ	ਸ੍ਰੀ ਪ੍ਰੀਤਮ ਸਿੰਘ, ਕੌਂਸਲਰ	ਸ੍ਰੀ ਕਸਤੂਰੀ ਲਾਲ, ਕੌਂਸਲਰ

ਸਹੀ/-	ਸਹੀ/-
ਨਿਗਰਾਨ ਇੰਜੀਨਿਅਰ (ਬੀ ਐਂਡ ਆਰ)	ਅਸਟੇਟ ਅਫਸਰ

ਇਸ ਲਈ ਇਹ ਸ਼ਿਫਾਰਸ਼ ਵੀ ਕੀਤੀ ਜਾਂਦੀ ਹੈ ਕਿ ਨਗਰ ਨਿਗਮ, ਜਲੰਧਰ ਵੱਲੋ ਮਤਾ ਨੰ: 112 ਮਿਤੀ 04-11-2014 ਨੂੰ ਸੋਧਦੇ ਹੋਏ ਅਤੇ ਕਮੇਟੀ ਦੀ ਸ਼ਿਫਾਰਸ਼ ਨੂੰ ਮੁੱਖ ਰੱਖਦੇ ਹੋਏ ਇਸ ਮੰਤਵ ਲਈ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ ਨੂੰ ਪਿੰਡ ਨੰਗਲ ਸ਼ਾਮਾ ਵਿਖੇ 2.5 ਕਨਾਲ ਰਕਬਾ ਭੋਂ 30 ਸਾਲਾਂ ਲਈ ਲੀਜ ਦੇ ਦੇਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ।

ਹਾਊਸ ਦੇ ਮਤਾ ਨੰ: 11, ਮਿਤੀ 08-05-2015 ਰਾਹੀਂ ਇਹ ਫੈਸਲਾ ਕੀਤਾ ਗਿਆ ਕਿ ਕਮਿਸ਼ਨਰ ਨਗਰ ਨਿਗਮ ਵੱਲੋ ਸੋਸਾਇਟੀ ਨੂੰ ਲੀਜ ਤੇ ਜਗ੍ਹਾਂ ਦੇਣ ਲਈ ਤਿਆਰ ਕੀਤੀਆਂ ਜਾਣ ਵਾਲੀਆਂ ਸ਼ਰਤਾਂ ਤੇ ਨਿਯਮਾਂ ਦੇ ਖਰੜੇ ਦੀ ਪ੍ਰਵਾਨਗੀ ਦੇ ਅਧਿਕਾਰ ਵਿੱਤ ਅਤੇ ਠੇਕਾ ਕਮੇਟੀ ਨੂੰ ਦਿੱਤੇ ਜਾਂਦੇ ਹਨ ਜ਼ੋ ਕਿ ਬਾਅਦ ਵਿੱਚ ਹਾਊਸ ਦੀ ਜਾਣਕਾਰੀ ਲਈ ਰੱਖਿਆ ਜਾਵੇਗਾ।

ਨਗਰ ਨਿਗਮ ਹਾਊਸ ਦੇ ਫੈਸਲੇ ਉਪਰੰਤ ਸੁਸਾਇਟੀ ਨਾਲ ਇੱਕ ਮੀਟਿੰਗ ਮਿਤੀ 23-7-2015 ਨੂੰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਜਲੰਧਰ ਜੀ ਦੇ ਦਫਤਰ ਵਿਖੇ ਰੱਖੀ ਗਈ ਜਿਸ ਵਿੱਚ ਕਮੇਟੀ ਦੇ ਚੇਅਰਮੈਨ ਨੂੰ ਲੀਜ ਡੀਡ ਦੀ ਇੱਕ ਕਾਪੀ ਦੇ ਦਿੱਤੀ ਗਈ ਹੈ।

ਇਸ ਉਪਰੰਤ ਇਹ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਲੀਜ ਡੀਡ ਮਨੀ ਤੈਅ ਕਰਨ ਅਤੇ ਲੀਜ ਡੀਡ ਵਿਚਾਰਣ ਹਿੱਤ ਪੇਸ਼ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 24.10.2015 ਰਾਹੀਂ ਉਕਤ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.10.2015 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਪੇਸ਼ ਹੈ ।

LEASE DEED

This deed of lease made on his……day of July, 2015 between. Municipal Corporation Jalandhar through its …….(Here in after referred to as the lessor or party of the first part) which includes its successors and assigns and the 'Stray Dogs and Human Society (Regd.)', EP……..Naya Bazar, Jalandhar through its President……..(Here in after called the Lessee or the party of the second part), which expression unless anything repugnant includes its successor, assigns, transferee etc.

WHEREAS the party of the second part is an organization established and run for the control of the menace of stray dogs by humanitarian methods.

AND WHEREAS the party of the Second Part has requested for the lease of a suitable land for the purpose of construction of a Dog Shelter for holding, sterilization and tagging of stray dogs. The Project involves the catching, sterilizing, temporarily sheltering ang tagging the stray dogs before letting them out after 3-4 days.

And WHERAS the lessor or the party of the first part is the owner in possession of the land and all appurtenant there to measuring 2.5 Kanals situated at village Nangal Shama, Rama Mandi, Jalandhar.

AND WHEREAS the House of the Municipal Corporation Jalandhar has accorded its approval to lease out said land vide Resolution No.11 of 08.05.2015 in amendment of Resolution No.112 dated 04.11.2014 of the House of Municipal Corporation Jalandhar for a period of 30 years.

NOW THIS DEED WITNESSETH AS FOLLOWS:-

1. That the lease period shall be for a fixed period of 30 years commencing from the date of signing of this agreement.
2. That the lease money for the land shall be payable@----------per Year and shall be payable by the lessee to the lesser on or before the 1st April year of the English calendar.Om failure to pay the rent for a continuous period of 3 months, the lease shall be liable to be terminated and the arrears of lease money shall be recoverable along with interest.
3. That the lessee hereby covenants and assures the lesser that the project shall be run in complete compliance of the provisions of the PETA and Animal Protection and Safety Laws as may be applicable in establishing the infrastructure and running of the Project. The Lessee hereby covenants to indemnify and keep indemnified the lesser in the event of any violation of any Animal Protection and Safety Laws as well as the PETA norms including the Prevention of Cruelty to animal act 1960.
4. That the lessee shall raise construction at the site mentioned here in above, with its own expense, after due approval of the building plan from Municipal Corporation Jalandhar to carry on the work as stated in the aforesaid resolution. It shall further be the sole responsibility of the Lessee to obtain the requisite license/ permissions and establish infrastructure for the running of the aforesaid project shall in no way be construed as any waiver from the payment of lease money which shall become due and payable immediately upon the signing of this indenture.
5. That it shall be the obligation of the lessee to raise suitable construction and also to remove the same at the expiry of the lease period. The lessor shall not be liable for payment whatsoever of any compensation/damages/charges/expenses for the construction or removal of the construction to be raised by lessee for running the above said project over the land under lease.
6. That the lessee shall be bound to abide by the rules and regulations of the Punjab Municipal Corporation Act, 1976.All /Any necessary approval/permission from various departments, for the establishment and running of the project, shall be obtained by the lessee at its own level and lessor shall not be liable in any manner whatsoever.
7. That the lessee shall use the land and premises to be constructed thereon only for the purpose of the Project i.e the catching, sterlising, temporarily sheltering and tagging the stray dogs and not for any other purpose except as stated above.
8. That the lessee shall bear the expenses for getting the necessary electricity, water and sewerage connections. The bills and charges for the electricity water and sewerage connections as well as the

municipal taxes of the said premises will be paid by the lessee, Apart from this, all the maintenance and other expenses shall be borne by the lessee for which the land is granted.

9. The lessee shall abide by the instructions/guidelines issued by the Punjab Government from time relating to the properties leased out by the Urban Local Bodies Punjab.
10. That the lessee shall not sublet, assign or part with the possession of the aforesaid land or premises in whole or in part, under any circumstances.
11. That the lessee will not display or allow the display of any advertisement or hoardings on the land or the structure raised thereon except with the prior permission of the Municipal Corporation Jalandhar and in complete compliance of the Advertisement Laws/Byelaws and the Government instructions in the matter od display of advertisements.
12. The lessor and its authorized representatives shall have the right to enter and inspect the said land and premises at anytime for which the lessee shall have no objection and shall permit the same and duly cooperate
13. That in case condition or obligation of this lease deed is not complied with by either of the parties, the other party shall be liberty to terminate this leaser before the expiry of the fixed period, by giving a termination notice of 60 days.
14. That on the expiration of the above noted term of 30 years or earlier termination thereof, on account of breach of any condition or obligation under this lease deed, the lessee shall hand over vacant and peaceful possession of the said land to the lessor in the same condition in which the land now exist..
15. All the disputes and differences are arising out or any ways touching or concerning this agreement whatsoever shall be referred to sole arbitrator i.e Deputy Commissioner, Jalandhar.
16. That the Courts at Jalandhar shall have jurisdiction for the purpose of this contract.

IN WITNESS WHEREOF the parties hereto have put their hands in the presence of witnesses the day and year first herein above written.

Witnesses:

Signed by the within named Lessor

1)----------

---

2)----------

Signed by the within named lessee

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂਜੋ ਇਹ ਇੱਕ ਜਨਹਿਤ ਕੰਮ ਹੈ ਅਤੇ ਨਗਰ ਨਿਗਮ ਦੀ ਜਿੰਮੇਵਾਰੀ ਬਣਦੀ ਹੈ, ਪ੍ਰੰਤੂ ਸਟਰੇਅ ਡਾਗਜ਼ ਐਂਡ ਹਿਊਮਨ ਵੈਲਫੇਅਰ ਸੁਸਾਇਟੀ, ਨਯਾਂ ਬਜ਼ਾਰ, ਜਲੰਧਰ, ਵਲੋਂ ਇਹ ਉਪਰਾਲਾ ਆਪਣੇ ਪੱਧਰ ਤੇ ਕਰਨ ਲਈ ਹਾਮੀ ਭਰੀ ਹੈ, ਇਸ ਲਈ ਉਕਤ ਜ਼ਮੀਨ ਸੋਸਾਇਟੀ ਨੂੰ 1/- ਰੁਪਏ ਸਾਲਾਨਾ ਲੀਜ਼ ਤੇ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਜ਼ਮੀਨ ਤੇ ਓਪਰੇਸ਼ਨ ਥਿਏਟਰ ਅਤੇ ਹੋਰ ਲੋੜੀਂਦਾ ਸਟਰਕਚਰ ਨਗਰ ਨਿਗਮ ਜਲੰਧਰ ਵਲੋਂ ਆਪਣੇ ਪੱਧਰ ਤੇ ਸੋਸਾਇਟੀ ਨੂੰ ਉਸਾਰੀ ਕਰਕੇ ਛੇ ਮਹੀਨੇ ਦੇ ਅੰਦਰ ਅੰਦਰ ਸੌਂਪ ਦਿੱਤਾ ਜਾਵੇਗਾ।ਕਮਿਸ਼ਨਰ, ਨਗਰ ਨਿਗਮ, ਜਲੰਧਰ, ਨੂੰ ਕਮੇਟੀ ਦੇ ਉਕਤ ਫੈਸਲੇ ਅਤੇ ਦਫ਼ਤਰ ਵਲੋਂ ਤਿਆਰ ਸ਼ਰਤਾਂ ਤੇ ਨਿਯਮਾਂ ਅਨੁਸਾਰ ਸੋਸਾਇਟੀ ਨਾਲ ਇਕਰਾਰਨਾਮਾ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ ।

ਸਹੀ/- ਸੁਨੀਲ ਜਯੋਤੀ, ਮੇਅਰ
27.11.2015

ਹਾਊਸ ਦੇ ਮਤਾ ਨੰ: 11, ਮਿਤੀ 08-05-2015 ਦੇ ਹਵਾਲੇ ਵਿੱਚ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰ: 535 ਮਿਤੀ 27.11.2015 ਰਾਹੀਂ ਇਸ ਸਬੰਧੀ ਉਕਤ ਅਨੁਸਾਰ ਕੀਤੇ ਗਏ ਫੈਸਲੇ ਦੀ ਜਾਣਕਾਰੀ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 60

ਵਿਸ਼ਾ:- ਸੇਵਾ ਕੇਂਦਰ ਟਾਈਪ-2 ਦੀ ਸਾਈਟ ਤਬਦੀਲੀ ਦੀ ਪ੍ਰਵਾਨਗੀ ਦੇ ਸਬੰਧ ਵਿੱਚ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਹਖਤਾਖ਼ਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨਗਰ ਨਿਗਮ, ਜਲੰਧਰ ਦੀ ਹਦੂਦ ਅੰਦਰ ਸੇਵਾ ਕੇਂਦਰ ਟਾਈਪ-2 ਲਈ 21 ਸਾਈਟਾਂ ਦੀ ਉਸਾਰੀ ਲਈ ਟੈਂਡਰ ਲਗਾਏ ਗਏ ਸਨ ਜਿਹਨਾਂ ਵਿੱਚੋਂ ਕੁੱਝ ਸਾਈਟਾਂ ਦੀ ਤਬਦੀਲੀ ਅਤੇ ਕੁੱਝ ਸਾਈਟਾ ਡਰਾਪ ਕੀਤੀਆਂ ਗਈਆਂ ਹਨ, ਜਿਹਨਾਂ ਦੀ ਪ੍ਰਵਾਨਗੀ ਹਾਊਸ ਪਾਸੋਂ ਲੋੜੀਂਦੀ ਹੈ ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

Sr. No	Name of the Work	Est. Cost (In Lacs)	Name of Contractor /Agency	Ownership of land	Description of sites dropped	Reason for dropping site	Description of site Change	Reason for changing of site
1.	**Const. of Seva Kendra (Type-II) in North Constituency.**	94.00	Bhagwat Engineer & Contractors					
	i) New Sabzi Mandi, Maqsudan. Rs. 18.80 Lac							
	ii) Industrial Area, Saipur road. Rs. 18.80 Lac						Dada Colony Zone	Stay by High Court for any type of const.
	iii) New Focal Point Rs. 18.80 Lac				Site Dropped			
	iv) Under ROB Domoria Pul Rs. 18.80 Lac							
	v) Transport Nagar Rs. 18.80 Lac **Site changed to Guru Amardass Colony**						Guru Amardass Colony	Objection by Truck Union & Area MLA
	vi) Burtlon Park. Rs. 18.80 Lac							
2.	**Const. of Seva Kendra (Type-II) in Central Constituency.**	94.00	Sh. Avtar Singh					
	i) Workshop Lamba Pind. Rs. 18.80 Lac **Site change to Hoshiarpur Road**						Hoshiarpur Road	
	ii) Choggiitee main road Rs. 18.80 Lac				Site Dropped			
	iii) PAP Complex. Rs. 18.80 Lac				Site Dropped			
	iv) Village Ladhewali. Rs. 18.80 Lac							
	v) Village Dhanowli Rs. 18.80 Lac **Site changed to Vill. Dhilwan.**						Village Dhilwan	
	vi) E.S.I. Hospital, S.U.S. Nagar. Rs.18.80 Lac				Site Dropped			
3.	**Const. of Seva Kendra (Type-II) in West Constituency.**	112.80	Sh. Avtar Singh					
	i) 120' road Basti Sheikh. Rs. 18.80 Lac				Site Dropped	Due to Loose earth		
	ii) Along Thana Bhargo Camp. Rs. 18.80 Lac				Site Dropped	Disputed Land		
	iii) Village Kot Sadiq. Rs. 18.80 Lac							
	iv) Basti Mithu nr Baba Bachitter Singh Gurdwara .Rs. 18.80 Lac							
	v) Kabir Vihar near Dussehra Ground. Rs. 18.80 Lac							
	Vi New Rajan Colony near Leather Complex road. Rs. 18.80 Lac **Site changed from Rohini Colony.**						Rohini Colony	Public Interference

4.	**Const. of Seva Kendra (Type-II) in Cantt. Constituency.**	56.40	Sh. Inderjit Bajaj					
	i) Punjab Institute of Medical Science. Rs. 18.80 Lac							
	ii) Village Khurla Kingra road. Rs. 18.80 Lac							
	iii)Sh. Major Rohit Sharma Govt. School, Model Town. Rs. 18.80 Lac							

ਉਪਰੋਕਤ ਨੂੰ ਮੁੱਖ ਰਖਦੇ ਹੋਏ ਸਾਈਟਾਂ ਦੀ ਤਬਦੀਲੀ ਅਤੇ ਸਾਈਟ ਡਰਾਪ ਦੀ ਪ੍ਰਵਾਨਗੀ ਦੇਣ ਲਈ ਮਾਮਲਾ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 27.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ 27.1.2016 ਰਾਹੀਂ ਮਾਮਲਾ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਤਜ਼ਵੀਜ਼ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 61

ਵਿਸ਼ਾ:- CWP No. 9520 of 2015 - ਗੁਰਚਰਨ ਸਿੰਘ ਬਨਾਮ ਨਗਰ ਨਿਗਮ ਜਲੰਧਰ ।(ਕੋਰਟ ਕੇਸ)

ਪੜ੍ਹਿਆ ਨੋਟ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਮਿਤੀ 17.12.2015 ਕਿ ਸ੍ਰੀ ਗੁਰਚਰਨ ਸਿੰਘ ਸਪੁੱਤਰ ਸ. ਦਿਆਲ ਸਿੰਘ, ਪ੍ਰੋ. ਮੈਸ. ਜੀ.ਐਸ. ਇੰਟਰਪ੍ਰਾਇਜਜ ਵਾਸੀ ਕੋਠੀ ਨੰ: 910, ਅਰਬਨ ਇਸਟੇਟ ਫੇਜ-2, ਜਲੰਧਰ ਵਲੋਂ ਰਿਟ ਪਟੀਸ਼ਨ ਨੰ: 9520 ਆਫ 2015 ਮਾਨਯੋਗ ਹਾਈਕੋਰਟ ਵਿਖੇ ਦਾਇਰ ਕੀਤੀ ਗਈ ਹੈ ਜਿਸ ਵਿਚ ਉਹਨਾਂ ਵਲੋਂ ਨਗਰ ਨਿਗਮ ਜਲੰਧਰ ਵਿਚ ਮਿਤੀ 1.3.2014 ਤੋਂ 28.2.2015 ਤੱਕ ਮੈਨਪਾਵਰ ਸਪਲਾਈ ਕਰਨ ਦੇ ਏਵਜ਼ ਵਿਚ ਰੁਪਏ 10,58,875/- ਦੀ ਮੰਗ ਕੀਤੀ ਗਈ ਹੈ। ਮਾਨਯੋਗ ਹਾਈਕੋਰਟ ਵਲੋਂ ਆਪਣੇ ਹੁਕਮ ਮਿਤੀ 14.5.2015 ਰਾਹੀਂ ਨਗਰ ਨਿਗਮ ਜਲੰਧਰ ਨੂੰ ਹਦਾਇਤ ਕੀਤੀ ਗਈ ਹੈ ਕਿ ਸ੍ਰੀ ਗੁਰਚਰਨ ਸਿੰਘ ਦੀ ਉਪਰੋਕਤ ਅਦਾਇਗੀ ਸਬੰਧੀ ਫੈਸਲਾ ਕੋਰਟ ਦੇ ਹੁਕਮ ਪ੍ਰਾਪਤ ਹੋਣ ਤੋਂ 2 ਮਹੀਨੇ ਦੇ ਅੰਦਰ-ਅੰਦਰ ਕੀਤਾ ਜਾਵੇ ਅਤੇ ਜੇਕਰ ਅਦਾਇਗੀ ਕਰਨ ਯੋਗ ਹੈ ਤਾਂ ਅਗਲੇ 4 ਹਫਤੇ ਦੇ ਅੰਦਰ-ਅੰਦਰ ਅਦਾਇਗੀ ਕੀਤੀ ਜਾਵੇ ।

ਉਪਰੋਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਬੀ.ਐਂਡ ਆਰ. ਸ਼ਾਖਾ ਵਲੋਂ ਤਿਆਰ ਕੀਤਾ ਗਿਆ। ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 3.2.2014 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ। ਇਸ ਕੰਮ ਦੇ ਟੈਂਡਰ ਮਿਤੀ 12.2.2014 ਰਾਹੀਂ ਮੰਗੇ ਗਏ ਤੇ ਕੁਲ 3 ਟੈਂਡਰਾਂ ਵਿਚੋਂ ਸਭ ਤੋਂ ਘੱਟ ਰੇਟ ਦਾ ਟੈਂਡਰ ਮੈਸਰਜ ਜੀ.ਐਸ. ਇੰਟਰਪ੍ਰਾਇਜਜ ਏਜੰਸੀ ਦਾ ਪਾਇਆ ਗਿਆ। ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਨੇ ਆਪਣੇ ਮਤਾ ਨੰ: 232 ਮਿਤੀ 21.2.2014 ਰਾਹੀਂ ਪ੍ਰਵਾਨਗੀ ਦਿੱਤੀ। ਇਸ ਦਫਤਰ ਦੇ ਪੱਤਰ ਨੰ: ਏ.ਸੀ.(ਟੀ)-3-494 ਮਿਤੀ 25.2.2014 ਰਾਹੀਂ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਤੇ ਕੰਮ ਮੁਕੰਮਲ ਕਰਨ ਲਈ 1 ਸਾਲ ਦਾ ਸਮਾਂ ਦਿੱਤਾ ਗਿਆ। ਠੇਕੇਦਾਰ ਫਰਮ ਵਲੋਂ ਕੰਮ ਸ਼ੁਰੂ ਕਰਕੇ ਅਤੇ ਕੁਝ ਕੰਮ ਮੁਕੰਮਲ ਕਰਨ ਉਪਰੰਤ ਆਪਣੇ ਪਹਿਲੇ ਚਲਤ ਬਿਲ ਦੀ ਅਦਾਇਗੀ ਦੀ ਮੰਗ ਕੀਤੀ ਗਈ। ਠੇਕੇਦਾਰ ਫਰਮ ਵਲੋਂ ਨਗਰ ਨਿਗਮ ਜਲੰਧਰ ਨੂੰ ਸਪਲਾਈ ਕੀਤੇ ਸਟਾਫ ਵਲੋਂ ਇਕਰਾਰਨਾਮੇ ਦੀਆਂ ਟਰਮਜ ਕੰਡੀਸ਼ਨਜ ਅਨੁਸਾਰ ਕੰਮ ਕੀਤਾ ਗਿਆ, ਜਿਸ ਕਰਕੇ ਠੇਕੇਦਾਰ ਏਜੰਸੀ ਨੂੰ ਰੁਪਏ 10,58,875/- ਦੀ ਅਦਾਇਗੀ ਕਰਨੀ ਬਣਦੀ ਹੈ ।

ਕੋਰਟ ਕੇਸ ਹੋਣ ਕਾਰਨ ਏਜੰਸੀ ਦੀ ਬਣਦੀ ਅਦਾਇਗੀ ਕਰਨ ਹਿਤ ਕਮਿਸ਼ਨਰ ਜੀ ਵਲੋਂ ਆਪਣੇ ਹੁਕਮ ਮਿਤੀ 10.9.2015 ਰਾਹੀਂ ਡੀ.ਸੀ.ਐਫ.ਏ. ਅਤੇ ਡੀ.ਸੀ.ਐਲ.ਏ. ਨੂੰ ਇਸ ਸਬੰਧੀ ਟਿੱਪਣੀ ਦੇਣ ਵਾਸਤੇ ਕਿਹਾ ਗਿਆ। ਡੀ.ਸੀ.ਐਫ.ਏ. ਅਤੇ ਡੀ.ਸੀ.ਐਲ.ਏ. ਦੀ ਟਿੱਪਣੀ ਉਪਰੰਤ ਕਮਿਸ਼ਨਰ ਜੀ ਵਲੋਂ ਆਪਣੇ ਹੁਕਮ ਮਿਤੀ 21.9.2015 ਰਾਹੀਂ ਇਸ ਅਦਾਇਗੀ ਦੀ ਪ੍ਰਵਾਨਗੀ ਉਪਰੰਤ ਮਿਸਲ ਮਾਨਯੋਗ ਮੇਅਰ ਜੀ ਵੱਲ ਭੇਜੀ ਗਈ। ਕਿਉਂਕਿ ਇਸ ਕੰਮ ਦੇ ਤਖਮੀਨੇ ਦੀ ਪ੍ਰਵਾਨਗੀ ਹਾਊਸ ਤੋਂ ਹੋਣੀ ਬਾਕੀ ਹੈ ਅਤੇ ਇਸ ਅਦਾਇਗੀ ਲਈ ਮਾਨਯੋਗ ਮੇਅਰ ਜੀ ਦੀ ਪ੍ਰਵਾਨਗੀ ਜਰੂਰੀ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰਚਰਨ ਸਿੰਘ ਸਪੁੱਤਰ ਸ: ਦਿਆਲ ਸਿੰਘ ਪ੍ਰੋਪ. ਜੀ.ਐਸ.ਇੰਟਰਪ੍ਰਾਇਜਜ ਨੂੰ ਰੁਪਏ 10,58,875/- ਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਜ਼ੋ ਮਾਨਯੋਗ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਕੀਤੀ ਜਾ ਸਕੇ। ਕਮਿਸ਼ਨਰ ਜੀ ਨੇ ਮਿਤੀ 8.1.2016 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 62

ਵਿਸ਼ਾ:- ਨਗਰ ਨਿਗਮ ਦੀ ਹਦੂਦ ਅੰਦਰ ਪੁਰਾਣੀਆਂ ਕੰਡਮ (ਨਕਾਰਾ) ਉਸਾਰੀ ਹੋਈਆਂ ਓ.ਐਚ.ਐਸ.ਆਰ ਡਿਸਮੈਂਟਲ ਕਰਾਉਣ ਬਾਰੇ । (ਤਖਮੀਨਿਆ ਦੀ ਪ੍ਰਵਾਨਗੀ ਬਾਰੇ)

ਨਗਰ ਨਿਗਮ ਦੀ ਹਦੂਦ ਅੰਦਰ ਬਣੀਆ ਹੋਈਆਂ ਓ.ਐਚ.ਐਸ.ਆਰ ਵਿੱਚੋ ਕਈ ਟੈਕੀਆਂ ਕੰਡਮ (ਨਕਾਰਾ) ਹੋ ਚੁਕੀਆਂ ਹਨ। ਇਹਨਾ ਦੀ ਸਟਰਕਚਰ ਕਿਸੇ ਵੀ ਵੇਲੇ ਗਿਰ ਸਕਦੀ ਹੈ, ਜਿਸ ਕਰਕੇ ਕੋਈ ਵੀ ਅਣ-ਸੁਖਾਵੀ ਘਟਨਾ ਵੀ ਹੋ ਸਕਦੀ ਹੈ। ਇਸ ਨੂੰ ਮੁੱਖ ਰੱਖਦੇ ਹੋਏ ਟੈਕੀਆਂ ਨੂੰ ਡਿਸਮੈਂਟਲ ਕਰਕੇ ਉਹਨਾ ਦਾ ਮਲਬਾ ਆਦਿ ਰਿਮੂਵ ਕਰਕੇ, ਡਿਸਮੈਂਟਲਿੰਗ ਉਪਰੰਤ ਅਗਰ ਕੋਈ ਰਿਕਵਰੇਬਲ ਮਟੀਰੀਅਲ ਨਿਕਲਦਾ ਹੈ ਤਾਂ ਉਸ ਦੀ ਰਿਕਵਰੇਬਲ ਕਾਸਟ ਸੀ.ਐਸ.ਆਰ/ ਮਾਰਕੀਟ ਰੇਟ ਦੇ ਹਿਸਾਬ ਨਾਲ ਕੈਲਕੁਲੇਟ ਕਰਕੇ ਇਸ ਵਿੱਚੋ ਡਿਸਮੈਂਟਲਿੰਗ ਅਤੇ ਮਲਬਾ ਰਿਮੂਵ ਕਰਨ ਦੀ ਜ਼ੋ ਕੋਈ ਵੀ ਲੇਬਰ ਆਦਿ ਬਣਦੀ ਹੈ ਉਸ ਦੀ ਸੀ.ਐਸ.ਆਰ ਦੇ ਰੇਟਾਂ ਤੇ ਕੈਲਕੁਲੇਸ਼ਨ ਕਰਕੇ ਬਾਕੀ ਬੱਚਦੀ ਰਕਮ ਦੀ ਰਿਕਵਰੀ ਵਾਸਤੇ ਵਿਸਤਾਰਪੂਰਵਕ ਤਖਮੀਨੇ ਤਿਆਰ ਕੀਤੇ ਗਏ ਹਨ। ਡਿਸਮੈਂਟਲ ਕੀਤੀਆਂ ਜਾਣ ਵਾਲੀਆਂ ਓ.ਐਚ.ਐਸ.ਆਰ ਦਾ ਵੇਰਵਾ ਅਤੇ ਤਖਮੀਨਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਡਿਸਮੈਂਟਲ ਕੀਤੀ ਜਾਣ ਵਾਲੀ ਟੈਕੀ ਦਾ ਨਾਮ	ਰਿਕਵਰ ਹੋਣ ਵਾਲੇ ਮਟੀਰੀਅਲ ਦੀ ਕਾਸਟ ਰੁਪਏ	ਡਿਸਮੈਂਟਲਿੰਗ ਤੇ ਆਉਣ ਵਾਲੀ ਲੇਬਰ ਦਾ ਖਰਚਾ ਰੁਪਏ	ਬੋਲੀ ਦੇਣ ਵਾਲੇ ਵੱਲੋਂ ਅਦਾ ਕੀਤੀ ਜਾਣ ਵਾਲੀ ਰਕਮ ਰੁਪਏ
1	ਬਸਤੀ ਬਾਵਾ ਖੇਲ	10,08,768/-	5,94,139/-	4,14,629/-
2	ਸੰਤੋਖਪੂਰਾ	11,60,160/-	6,76,739/-	4,83,421/-
3	ਭਾਈ ਦਿਆਲਾ ਜੀ ਪਾਰਕ	11,03,640/-	6,45.677/-	4,57,963/-
4	ਦਾਦਾ ਕਲੌਨੀ (ਜ਼ੋਨ)	11,09,373/-	6,47,804/-	4,62,569/-
5	ਇੰਡਸਟ੍ਰਿਅਲ ਅਸਟੇਟ ਫੇਸ-1	10,08,768/-	5,94,139/-	4,14,629/-
6	ਇੰਡਸਟ੍ਰਿਅਲ ਅਸਟੇਟ ਫੇਸ-2	10,08,768/-	5,94,139/-	4,14,629/-
7	ਪ੍ਰਤਾਪ ਬਾਗ	11,60,160/-	6,76,739/-	4,83,421/-

ਉਪਰੋਕਤ ਅਨੁਸਾਰ ਵੱਖ-ਵੱਖ ਆਕਸ਼ਨ ਕੀਤੀਆਂ ਜਾਣ ਵਾਲੀਆਂ ਕੰਡਮ ਨਕਾਰਾ ਓ.ਐਚ.ਐਸ.ਆਰ ਦੇ ਵੱਖ-ਵੱਖ ਤਖਮੀਨਿਆਂ ਵਿੱਚ ਜ਼ੋ ਵੀ ਰਿਕਵਰੇਵਲ ਮਟੀਰਿਅਲ ਪ੍ਰਾਪਤ ਹੋ ਸਕਦਾ ਹੈ ਅਤੇ ਓ.ਐਚ.ਐਸ.ਆਰ ਨੂੰ ਡਿਸਮੈਂਟਲ ਕਰਨ ਲਈ ਸੀ.ਐਸ.ਆਰ ਅਨੁਸਾਰ ਜ਼ੋ ਵੀ ਲੇਬਰ ਬਣਦੀ ਹੈ, ਉਸ ਨੂੰ ਘਟਾ ਕੇ ਬਾਕੀ ਦੀ ਕਾਸਟ ਰਿਕਵਰ ਕਰਨ ਲਈ ਈ-ਟੈਂਡਰਿੰਗ ਰਾਹੀਂ ਟੈਂਡਰ ਮੰਗੇ ਜਾਣਗੇ, ਜਿਨ੍ਹਾਂ ਵਾਸਤੇ ਵਿਸਥਾਰਪੂਰਵਕ ਟਰਮਜ ਅਤੇ ਕੰਡੀਸ਼ਨਜ ਵਖਰੇ ਤੋਰ ਤੇ ਤਿਆਰ ਕੀਤੀਆਂ ਜਾਣਗੀਆਂ। ਕਾਰਜਕਾਰੀ ਇੰਜੀਨੀਅਰ ਨੇ ਆਪਣੇ ਨੋਟ ਮਿਤੀ 05-08-2015 ਰਾਹੀਂ ਲਿਖਿਆ ਹੈ ਕਿ ਉਪਰੋਕਤ ਅਨੁਸਾਰ ਵੱਖ-ਵੱਖ ਟੈਂਕੀਆ ਨੂੰ ਡਿਸਮੈਂਟਲ ਕਰਨ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ।

ਨਿਗਰਾਨ ਇੰਜੀਨੀਅਰ ਨੇ ਆਪਣੇ ਨੋਟ ਮਿਤੀ 05-08-2015 ਰਾਹੀਂ ਉਪਰੋਕਤ ਅਨੁਸਾਰ ਤਖਮੀਨਿਆਂ ਦੀ ਨਗਰ ਨਿਗਮ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 05.08.2015 ਅਤੇ ਮਾਨਯੋਗ ਮੇਅਰ ਜੀ ਨੇ ਮਿਤੀ 17.08.2015 ਰਾਹੀਂ ਪ੍ਰਵਾਨਗੀ ਦਿੱਤੀ ਹੈ।

ਇਸ ਪ੍ਰਵਾਨਗੀ ਅਨੁਸਾਰ 7 ਟੈਂਕੀਆ ਨੂੰ 3 ਗਰੁਪਾਂ ਵਿੱਚ ਵੰਡ ਕੇ ਟੈਂਡਰ ਮਿਤੀ 04-09-2015 ਲਈ ਮੰਗੇ ਗਏ ਸਨ। ਹਰ ਇਕ ਗਰੁਪ ਲਈ ਸਿਰਫ ਇੱਕ-ਇੱਕ ਟੈਂਡਰ ਪ੍ਰਾਪਤ ਹੋਇਆ ਸੀ। ਉਪਰੋਕਤ ਟੈਂਕੀਆਂ ਦੇ ਗਰੁਪਾਂ ਲਈ (ਲੜੀ ਵਾਰ ਰੁਪਏ 14,00,200/-, 11,00,500/-, 9,50,900/-) ਕੁੱਲ ਰੁਪਏ 34,51,600/- ਰਕਮ ਕੋਟ ਕੀਤੀ ਸੀ ਅਤੇ ਨਾਲ ਹੀ ਇਹ ਸ਼ਰਤ ਵੀ ਲਗਾਈ ਸੀ ਕਿ ਸੀ.ਆਈ ਪਾਈਪ, ਫਿਟਿੰਗਜ, ਲੋਹਾ ਅਤੇ ਸਟੀਲ ਆਦਿ ਅੰਜਸੀ ਦਾ ਹੋਵੇਗਾ। ਇਸ ਸ਼ਰਤ ਅਨੁਸਾਰ ਅੰਜਸੀ ਨੇ ਨਗਰ ਨਿਗਮ ਨੂੰ ਕੋਈ ਵੀ ਸਮਾਨ ਵਾਪਿਸ ਨਹੀਂ ਸੀ ਦੇਣਾ ਜੱਦ ਕਿ ਐਨ.ਆਈ.ਟੀ ਅਨੁਸਾਰ ਸੀ.ਆਈ ਪਾਈਪ ਨਗਰ ਨਿਗਮ ਨੂੰ ਵਾਪਿਸ ਕਰਨੇ ਬਣਦੇ ਸਨ। ਇਸ ਹਿਸਾਬ ਨਾਲ ਇਸ ਅੰਜਸੀ ਵਲੋਂ ਦਿਤੇ ਗਏ ਟੈਂਡਰ ਕੰਡੀਸ਼ਨਲ ਹੋ ਗਏ ਅਤੇ ਪ੍ਰਵਾਨ ਨਹੀਂ ਕੀਤੇ ਜਾ ਸਕਦੇ ਸਨ।

ਪ੍ਰਾਪਤ ਟੈਂਡਰਾਂ ਨੂੰ ਮੁੱਖ ਰੱਖਦੇ ਹੋਏ ਅੰਜਸੀ ਨੂੰ ਦਫਤਰ ਬੁਲਾਇਆ ਗਿਆ ਅਤੇ ਉਸ ਵਲੋਂ ਦਿਤੇ ਗਏ ਰੇਟਾਂ ਬਾਰੇ ਗਲਬਾਤ ਕੀਤੀ ਗਈ, ਤਾਂ ਉਸ ਨੇ ਸਪਸ਼ਟ ਕੀਤਾ ਕਿ ਨਗਰ ਨਿਗਮ ਵਲੋਂ ਸਰੀਏ ਦੇ ਸਕਰੈਪ ਦਾ ਰੇਟ 24/- ਰੁਪੈ ਪ੍ਰਤੀ ਕਿਲੋ ਲਗਾਇਆ ਗਿਆ ਹੈ ਜੋ ਕਿ ਬਹੁਤ ਜਿਆਦਾ ਹੈ। ਇਸ ਲਈ ਉਸ ਨੂੰ ਰਿਕਵਰ ਕਰਨ ਲਈ ਉਸ ਨੇ ਸੀ.ਆਈ ਪਾਇਪ ਵਾਪਿਸ ਨਾ ਕਰਨ ਅਨੁਸਾਰ ਬਣਦੇ ਰੇਟ ਭਰੇ ਹਨ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅੰਜਸੀ ਵਲੋਂ ਦਿੱਤੇ ਗਏ ਟੈਂਡਰ ਕੰਡੀਸ਼ਨਲ ਹੋਣ ਕਰਕੇ ਰੱਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਮਾਰਕਿਟ ਵਿਚੋਂ ਸਰੀਏ ਦੇ ਸਕਰੈਪ ਅਤੇ ਸੀ.ਆਈ ਪਾਈਪ ਆਦਿ ਦੇ ਸਕਰੈਪ ਰੇਟ ਲੈ ਕੇ ਇਨ੍ਹਾਂ ਟੈਂਕੀਆਂ ਨੂੰ ਡਿਸਮੈਂਟਲ ਕਰਨ ਲਈ ਸੌਧੇ ਹੋਏ ਤਖਮੀਨੇ ਹੇਠ ਲਿਖੇ ਅਨੁਸਾਰ ਤਿਆਰ ਕੀਤੇ ਗਏ ਹਨ, ਜਿਨ੍ਹਾਂ ਵਿੱਚ ਰਿਕਵਰ ਹੋਣ ਵਾਲੇ ਸਰੀਏ ਦੇ ਸਕਰੈਪ ਅਤੇ ਸੀ.ਆਈ ਪਾਈਪ ਆਦਿ ਦੇ ਸਕਰੈਪ ਦਾ ਰੇਟ ਮਾਰਕਿਟ ਵਿਚੋਂ ਕੂਟੇਸ਼ਨਾਂ ਲੈ ਕੇ ਰੁਪਏ 20/- ਪ੍ਰਤੀ ਕਿਲੋਂ ਦੇ ਹਿਸਾਬ ਨਾਲ ਲਗਾਇਆ ਗਿਆ ਹੈ।

ਲੜੀ	ਡਿਸਮੈਂਟਲ ਕੀਤੀ ਜਾਣ ਵਾਲੀ ਟੈਂਕੀ ਦਾ ਨਾਮ ਅਤੇ ਕਪੈਸਟੀ	ਰਿਕਵਰ ਹੋਣ ਵਾਲੇ ਮਟੀਰੀਅਲ ਦੀ ਕਾਸਟ ਲੱਖਾਂ ਵਿੱਚ	ਡਿਸਮੈਂਟਲਿੰਗ ਤੇ ਆਉਣ ਵਾਲੀ ਲੇਬਰ ਦਾ ਖਰਚਾ ਲੱਖਾ ਵਿੱਚ	ਬੋਲੀ ਦੇਣ ਵਾਲੇ ਵੱਲੋਂ ਅਦਾ ਕੀਤੀ ਜਾਣ ਵਾਲੀ ਰਕਮ ਲੱਖਾਂ ਵਿੱਚ
1	ਬਸਤੀ ਬਾਵਾ ਖੇਲ (2 ਲੱਖ ਗੈਲਨ)	12.96	06.48	06.48
2	ਸੰਤੋਖਪੂਰਾ (2 ਲੱਖ ਗੈਲਨ)	12.96	06.48	06.48
3	ਭਾਈ ਦਿਆਲਾ ਜੀ ਪਾਰਕ (2 ਲੱਖ ਗੈਲਨ)	12.96	06.48	06.48
4	ਦਾਦਾ ਕਲੌਨੀ (ਜ਼ੋਨ) (2 ਲੱਖ ਗੈਨਲ)	12.96	06.48	06.48
5	ਇੰਡਸਟ੍ਰਿਅਲ ਅਸਟੇਟ ਫੇਸ-1 (1 ਲੱਖ ਗੈਲਨ)	09.59	05.93	03.66
6	ਇੰਡਸਟ੍ਰਿਅਲ ਅਸਟੇਟ ਫੇਸ-2(1 ਲੱਖ ਗੈਲਨ)	09.59	05.93	03.66
7	ਪ੍ਰਤਾਪ ਬਾਗ (2 ਲੱਖ ਗੈਲਨ)	12.96	06.48	06.48
	ਜੋੜ	**83.98**	**44.26**	**39.72**

ਕਾਰਜਕਾਰੀ ਇੰਜੀਨੀਅਰਾਂ ਨੇ ਮਿਤੀ 04-09-2015 ਨੂੰ ਰਾਹੀਂ ਸ਼੍ਰੀ ਪਰਮਜੀਤ ਸਿੰਘ, ਸੰਗਰੂਰ ਵਲੋਂ ਦਿੱਤੇ ਗਏ ਟੈਂਡਰ ਕੰਡੀਸ਼ਨਲ ਹੋਣ ਕਰਕੇ ਰੱਦ ਕਰਨ ਦੀ ਸਿਫਾਰਸ਼ ਕੀਤੀ ਅਤੇ ਸੋਧੇ ਹੋਏ ਤਖਮੀਨਿਆ ਦੀ ਪ੍ਰਵਾਨਗੀ ਦੇ ਨਾਲ-ਨਾਲ ਟੈਂਡਰ ਮੰਗਣ ਦੀ ਪ੍ਰਵਾਨਗੀ ਦੀ ਸਿਫਾਰਸ਼ ਵੀ ਕੀਤੀ। ਨਿਗਰਾਨ ਇੰਜੀਨੀਅਰ ਨੇ ਆਪਣੇ ਨੋਟ ਮਿਤੀ 23-09-2015 ਰਾਹੀਂ ਉਪਰੋਕਤ ਤਜਵੀਜ਼ ਦੀ ਸਿਫਾਰਸ਼ ਕੀਤੀ। ਮਾਨਯੋਗ ਕਮਿਸ਼ਨਰ ਜੀ ਨੇ ਅਤੇ ਮਾਨਯੋਗ ਮੇਅਰ ਜੀ ਨੇ ਆਪਣੇ ਨੋਟ ਮਿਤੀ 26.09.2015 ਰਾਹੀਂ ਨਿਗਰਾਨ ਇੰਜੀਨੀਅਰ ਦੀ ਤਜਵੀਜ਼ ਤੇ ਸਹਿਮਤੀ ਹਸਤਾਖਰ ਕੀਤੇ ਹਨ।

ਤਜਵੀਜ ਅਤੇ ਤਖਮੀਨੇ ਉਪਰੋਕਤ ਅਨੁਸਾਰ ਅੰਤਿਮ ਪ੍ਰਵਾਨਗੀ ਲਈ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਹਨ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 63

ਵਿਸ਼ਾ:- ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਦੇ ਵੱਖ-ਵੱਖ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਵਾਰਡ ਕੌਂਸਲਰ ਦੀ ਮੰਗ ਅਤੇ ਵਿਭਾਗੀ ਲੋੜ ਨੂੰ ਮੁੱਖ ਰੱਖਦੇ ਹੋਏ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ। ਇਹਨਾ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ।

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਤੇ ਦੀ ਤਜਵੀਜ਼ ਹੇਠ ਲਿਖੇ ਅਨੁਸਾਰ ਤਿਆਰ ਕਰਕੇ ਹਾਊਸ ਦੀ ਪ੍ਰਵਾਨਗੀ ਲਈ ਭੇਜੀ ਜਾਂਦੀ ਹੈ। ਮਾਮਲਾ ਮੇਅਰ ਜੀ ਦੇ ਹੁਕਮਾਂ ਅਨੁਸਾਰ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਫੈਸਲੇ ਹਿੱਤ ਪੇਸ਼ ਹੈ ਜੀ।

ਲੜੀ ਨੰ:	ਕੰਮ ਦਾ ਨਾਂ/ਜਗਾਂ ਦਾ ਸਪਸ਼ਟ ਵੇਰਵਾ	ਵਾਰਡ ਨੰ:	ਤਖਮੀਨਾ ਰੁਪਏ
1	ਏਕਤਾ ਨਗਰ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ (ਰਿਪਲੇਸਮੈਂਟ)	10	18,45,722/-
2	ਬੁੱਟਾ ਮੰਡੀ ਰਵੀਦਾਸ ਧਾਮ ਲਾਗੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। (ਰਿਪਲੇਸਮੈਂਟ)	54	19,30,722/-
3	ਜਮਸ਼ੇਰ ਡੈਅਰੀ ਕੰਪਲੈਕਸ ਨਜਦੀਕ ਚਾਰਾ ਮੰਡੀ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ।	ਜ	19,20,722/-
4	ਲੇਇੰਗ 2" ਜੀ.ਆਈ ਵਾਟਰ ਸਪਲਾਈ ਲਾਇਨ ਇੰਨ ਰਾਜਾ ਗਾਰਡਨ ਟੂ ਕੱਚਾਕੋਟ।	42	3,61,890/-
5	ਪ੍ਰੋਵਾਇਡਿੰਗ ਐਂਡ ਫਿਕਸਿੰਗ ਆਫ ਸਲੂਸ ਵਾਲਵ, ਪੀਟ ਵਾਲਵ 2" ਐਂਡ ਅਦਰ ਸਪੈਸਲਜ, ਜੁਆਇੰਟਿੰਗ ਮਟੀਰੀਅਲ ਫਾਰ ਸਪਲਾਈ ਲਾਇਨ ਬਸਤੀ ਬਾਵਾ ਖੇਲ।	41, 42	2,67,376/-
6	ਸ਼ੀਸ਼ਿਆਂ ਵਾਲੀ ਗਲੀ ਲੰਬਾ ਪਿੰਡ ਵਿਖੇ ਸੀਵਰ ਮੁਹਇਆ ਕਰਵਾਉਣ ਬਾਰੇ।	8	99,000/-
7	ਕਿਸ਼ਨ ਪੂਰਾ ਡਿਸਪੋਜਲ ਦੀ 60 ਬੀ.ਐਚ.ਪੀ ਨਾਨ ਕਲਾਗ ਮੋਟਰ ਦੀ ਰਿਪੇਅਰ ਬਾਰੇ।	ਜ	1,08,500/-
8	ਜ਼ੋਨ ਨੰ: 6 ਦੇ ਟਰੈਕਟਰ ਨੰ: 8171 ਵਾਸਤੇ ਨਾਨ ਕਲਾਗ ਪੰਪ ਦੀ ਖਰੀਦ ਬਾਰੇ।	ਜ	49,500/-
9	ਪ੍ਰਚੇਜ਼ ਆਫ 3",4" ਡਾਇਆ ਸਕਸ਼ਨ ਐਂਡ ਡਿਲੀਵਰੀ ਪਾਇਪ ਫਾਰ ਟਰੈਕਟਰਜ਼ ਐਂਡ ਇੰਜ਼ਣਸ ਆਫ ਓ.ਐਂਡ.ਐਮ ਸਟੋਰ।	ਜ	14,36,076/-
10	ਸੀਵਰ ਸਿਸਟਮ ਦੀ ਮੇਨਟੀਨੈਂਸ ਵਾਸਤੇ ਸੀਵਰ ਮਟੀਰਿਅਲ ਦੀ ਖਰੀਦ ਕਰਨ ਬਾਰੇ। ਸਲਾਨਾ ਤਖਮੀਨਾ	ਜ	30,19,000/-
11	ਪ੍ਰਚੇਜ਼ ਆਫ 12 ਐਮ.ਐਮ. ਸਟੀਲ ਵਾਇਰ ਰੋਪ ਫਾਰ ਸੀਵਰ ਕਲੀਨਿੰਗ ਮਸ਼ੀਨਜ਼ ਵਰਕਿੰਗ ਇੰਨ ਓ.ਐਂਡ.ਐਮ ਸੈਲ	ਜ	9,46,814/-
12	ਪ੍ਰਚੇਜ਼ ਆਫ ਸ਼ੰਟ ਕਪੈਸਟਰ ਫਾਰ ਟਿਊਬਵੈਲ ਐਂਡ ਡਿਸਪੋਜਲਜ਼ ਆਫ ਓ.ਐਂਡ.ਐਮ ਸੈਲ	ਜ	10,85,960/-
13	ਪ੍ਰਚੇਜ਼ ਆਫ ਅੰਡਰ ਗਰਾਉਂਡ ਡਰੇਨੇਜ਼ ਸੀਵਰ ਕਲੀਨਿੰਗ ਰੋਡਜ਼ ਫਾਰ ਓ.ਐਂਡ.ਐਮ ਸਟੋਰ	ਜ	15,39,846/-
14	ਪ੍ਰਚੇਜ਼ ਆਫ 25 ਨੰਬਰ 20 ਹ.ਪ ਪਾਵਰ ਸਬਮਰਸੀਬਲ ਮੋਟਰ ਪੰਪ ਸੈਟ ਫਾਰ ਟਿਊਬਵੈਲਜ਼ ਆਫ ਓ.ਐਂਡ.ਐਮ ਸਟੋਰ	ਜ	14,31,675/-
15	ਨਗਰ ਨਿਗਮ ਜਲੰਧਰ ਵਿੱਚ ਚਲ ਰਹੀਆਂ ਸੀਵਰ ਜੈਟਿੰਗ ਮਸ਼ੀਨਾਂ ਵਾਸਤੇ 3/4 ਇੰਚ ਦਾ ਸੀਵਰ ਜੈਟਿੰਗ ਹੋਜ਼ ਪਾਈਪ ਅਤੇ 3/4 ਇੰਚ ਸਟੇਨਲੈਸ ਨੋਜ਼ਲਾਂ ਦੀ ਖ਼ਰੀਦ ਕਰਨ ਬਾਰੇ (ਸਾਲਾਨਾ ਤਖ਼ਮੀਨਾ) ।	ਜ਼	12,76,842/-
16	ਓ ਐਂਡ ਐਮ ਸ਼ਾਖਾ ਵਾਸਤੇ ਪਾਣੀ ਦੇ 14 ਟੈਂਕਰਾਂ ਦੀ ਖ਼ਰੀਦ ਕਰਨ ਬਾਰੇ ।	ਜ਼	24,50,000/-

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਨੀਲ ਜਯੋਤੀ, ਮੇਅਰ

1.2.2016

ਮਤਾ ਨੰ: 64

ਵਿਸ਼ਾ:- ਸਟਰੀਟ ਲਾਈਟ ਸ਼ਾਖਾ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਸਟਰੀਟ ਲਾਈਟ ਸ਼ਾਖਾ ਵੱਲੋ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਨਾਲ ਸਬੰਧਤ ਸਟਰੀਟ ਲਾਈਟ ਦੇ ਕੰਮਾਂ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ ਐਲ ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਅਤੇ ਰੱਖ ਰਖਾਵ ਵਾਲੇ ਕੰਮਾਂ ਦੇ ਲਈ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।ਜਿਸ ਦੀ ਪ੍ਰਵਾਨਗੀ ਹਾਊਸ ਤੋ ਲੋੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰ ਹਿੱਤ ਪੇਸ਼ ਹਨ: -

ਲੜੀ ਨੰਬਰ	ਕੰਮ ਦਾ ਨਾਂ	ਵਾਰਡ ਨੰਬਰ	ਤਖਮੀਨਾਂ ਰੁਪਏ
1	ਵਾਰਡ ਨੰ: 30 ਦੇ ਵੱਖ-ਵੱਖ ਮੁਹੱਲਿਆਂ ਵਿਚ ਨਵੀਆਂ ਸਟਰੀਟ ਲਾਈਟਾਂ ਲਗਾਉਣ ਅਤੇ ਟਿਊਬ ਪੁਆਇੰਟਾਂ ਦੀ ਜਗ੍ਹਾਂ ਤੇ ਸੋਡੀਅਮ ਪੁਆਇੰਟ ਲਗਾਉਣ ਬਾਰੇ।	30	5,66,100/-
2	ਨਿਊ ਜਵਾਹਰ ਨਗਰ ਮਾਰਕੀਟ ਵਿਖੇ ਨਵੇਂ ਸਟਰੀਟ ਲਾਈਟ ਪੁਆਇੰਟ ਲਗਾਉਣ ਬਾਰੇ।	34	71,860/-
3	ਪ੍ਰੋਵੀਜਨ ਆਫ ਨਿਊ ਸਟਰੀਟ ਲਾਈਟ ਪੁਆਇੰਟ ਇੰਨ ਮਾਸਟਰ ਮੋਤਾ ਸਿੰਘ ਨਗਰ ।	34	94,975/-
4	ਪ੍ਰੋਵੀਜਨ ਆਫ ਨਿਊ ਸਟਰੀਟ ਲਾਈਟ ਪੁਆਇੰਟਸ ਇੰਨ ਅਰਬਨ ਅਸਟੇਟ ਫੇਸ-2	56	92,280/-
5	ਪ੍ਰੋਵੀਜਨ ਆਫ ਨਿਊ ਸਟਰੀਟ ਲਾਈਟ ਪੁਆਇੰਟ ਇੰਨ ਵਾਇਟ ਐਵੀਨਿਊ।	56	78,630/-
6	ਪ੍ਰੋਵੀਜਨ ਆਫ ਨਿਊ ਸਟਰੀਟ ਲਾਈਟ ਪੁਆਇੰਟਸ ਫਰਾਮ ਕੂਲ ਰੋਡ ਟੂ ਵਿਜੇ ਨਗਰ।	56	5,06,840/-
7	ਪ੍ਰੋਵੀਜਨ ਆਫ ਨਿਊ ਸਟਰੀਟ ਲਾਈਟ ਪੁਆਇੰਟਸ ਫਰਾਮ ਵਿਜੇ ਕਲੋਨੀ ਟੂ ਸੀਵਰੇਜ਼ ਟਰੀਟਮੈਂਟ ਪਲਾਂਟ।	56	4,14,135/-
8	ਕਨਵਰਸ਼ਨ ਆਫ ਟਿਊਬ ਪੁਆਇੰਟਸ ਇਨਟੂ ਵੇਰੀਅਸ ਮੁਹੱਲਾ ।	56	1,58,380/-
9	ਵਾਰਡ ਨੰ: 56 ਦੇ ਅਲੱਗ-ਅਲੱਗ ਮੁੱਹਲਿਆਂ ਵਿਚ ਨਵੇਂ ਸਟਰੀਟ ਲਾਈਟ ਪੁਆਇੰਟ ਲਗਾਉਣ ਬਾਰੇ ।	56	98,480/-
10	ਖੈਹਿਰਾ ਐਨਕਲੇਵ ਰਾਮਾ ਮੰਡੀ ਵਿਖੇ ਨਵੇਂ ਸਟਰੀਟ ਲਾਈਟ ਪੁਆਇੰਟ ਲਗਾਉਣ ਬਾਰੇ ।	10	1,43,190/-
11	ਸ਼ਹੀਦ ਉਧਮ ਸਿੰਘ ਪਾਰਕ ਵਿਖੇ ਨਵੀਆਂ ਸਟਰੀਟ ਲਾਈਟਾਂ ਲਗਾਉਣ ਬਾਰੇ ।	35	2,06,760/-
12	ਗੁਰੂ ਨਾਨਕ ਮਿਸ਼ਨ ਚੌਂਕ ਵਿਚ ਪੈਦਲ ਚੱਲਣ ਵਾਲਿਆਂ ਲਈ ਚੌਂਕ ਕਰਾਸ ਕਰਨ ਲਈ ਮੌਜੂਦਾ ਟਰੈਫਿਕ ਲਾਈਟਾਂ ਵਿਚ ਵਾਧਾ ਕਰਨ ਬਾਰੇ ।	34	1,62,000/-
13	ਬਸਤੀ ਸ਼ੇਖ ਜ਼ੋਨ ਨੰ: 4 ਦੇ ਵੱਖ ਵਖ ਵਾਰਡਾਂ ਦੇ ਵੱਖ ਵੱਖ ਮੁਹੱਲਿਆਂ ਵਿੱਚ ਕੇਬਲ ਪਾਉਣ ਬਾਰੇ ।	ਜ਼	8,12,400/-
14	ਪ੍ਰੋਵਾਇਡਿੰਗ ਨਿਊ ਹਾਈ ਮਾਸਟ ਨੀਅਰ ਗੁਰੂਦੁਆਰਾ ਪਾਤਸ਼ਾਹੀ ਛੇਂਵੀ ਬਸਤੀ ਸ਼ੇਖ ਐਂਡ ਗਰੋਵਰ ਕਲੋਨੀ ਪਾਰਕ ਨੀਅਰ 120 ਫੁਟੀ ਰੋਡ।	45	7,52,000/-
15	ਵਾਰਡ ਨੰ: 29 ਵਿੱਚ ਵੱਖ ਵੱਖ ਥਾਵਾਂ ਤੇ ਪੁਰਾਣੇ ਕੰਡਮ ਸਟਰੀਟ ਲਾਈਟ ਪੁਆਇੰਟਾਂ ਦੀ ਜਗ੍ਹਾ ਤੇ ਨਵੇਂ ਸਟਰੀਟ ਲਾਈਟ ਪੁਆਇੰਟ ਲਗਾਉਣ ਬਾਰੇ ।	29	3,90,390/-
16	ਵਾਰਡ ਨੰ: 29 ਵਿੱਚ ਵੱਖ-ਵੱਖ ਮੁਹੱਲਿਆਂ ਵਿੱਚ ਨਵੇਂ ਸਟਰੀਟ ਲਾਈਟ ਪੁਆਇੰਟ ਲਗਾਉਣ ਬਾਰੇ ।	29	19,28,000/-

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਨੀਲ ਜਯੋਤੀ, ਮੇਅਰ
1.2.2016

ਮਤਾ ਨੰ: 65

ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਤਖਮੀਨੇ ਜਿਹਨਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ।

